# Sunday Samaj Weekly

Vol :17 : # 656: 10/05/2026 - 16/05/2026 www.samajweekly.com samajweekly @samajweekly

Punjabi, Hindi & English Newspaper- Uk&Eu Edition




# ਸਮਾਜ ਵੀਕਲੀ

# ਕੈਬਨਿਟ ਮੰਤਰੀ ਸੰਜੀਵ ਅਰੋੜਾ ਨੂੰ ਈਡੀ ਨੇ ਕੀਤਾ ਗ੍ਰਿਫਤਾਰ

**ਚੰਡੀਗੜ੍ਹ :** ਕੈਬਨਿਟ ਮੰਤਰੀ ਸੰਜੀਵ ਅਰੋੜਾ ਨੂੰ ਅੱਜ ਈ.ਡੀ. ਨੇ ਗ੍ਰਿਫਤਾਰ ਕਰ ਲਿਆ ਹੈ। ਚੰਡੀਗੜ੍ਹ ਦੀ ਰਿਹਾਇਸ਼ ਤੇ ਰੇਡ ਦੌਰਾਨ ਅਰੋੜਾ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਈ.ਡੀ. ਦੀ ਟੀਮ ਵਲੋਂ ਸਵੇਰ ਤੋਂ ਹੀ ਅਰੋੜਾ ਦੇ ਘਰ ਛਾਪੇਮਾਰੀ ਕੀਤੀ ਜਾ ਰਹੀ ਸੀ, ਜਿਸਤੋਂ ਬਾਅਦ ਟੀਮ ਵਲੋਂ ਇਹ ਕਾਰਵਾਈ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਇਕ ਮਹੀਨਾ ਪਹਿਲਾ ਵੀ ਈ.ਡੀ ਦੀ ਟੀਮ ਵਲੋਂ ਉਸਦੇ ਘਰ ਰੇਡ ਕੀਤੀ ਗਈ ਸੀ। ਈ.ਡੀ ਦੀ ਛਾਪੇਮਾਰੀ ਤੋਂ ਬਾਅਦ ਸਿਆਸੀ ਹਲਕਿਆਂ ਵਿਚ ਉਨ੍ਹਾਂ ਦੀ ਗ੍ਰਿਫਤਾਰੀ ਨੂੰ ਲੈ ਕੇ ਚਰਚਾਵਾਂ ਤੇਜ਼ ਹੋ ਗਈਆਂ ਸਨ। ਹਾਲਾਂਕਿ ਅਜੇ ਤੱਕ ਈ.ਡੀ. ਜਾਂ ਪੰਜਾਬ ਸਰਕਾਰ ਵਲੋਂ ਗ੍ਰਿਫਤਾਰੀ ਸਬੰਧੀ ਕੋਈ



ਅਧਿਕਾਰਿਕ ਪੁਸ਼ਟੀ ਨਹੀਂ ਕੀਤੀ ਗਈ। ਸੂਤਰਾਂ ਅਨੁਸਾਰ ਈ.ਡੀ ਦੀ ਟੀਮ ਨੇ ਸਵੇਰੇ ਹੀ ਰਿਹਾਇਸ਼ 'ਤੇ ਪਹੁੰਚ ਕੇ ਦਸਤਾਵੇਜ਼ਾਂ ਅਤੇ ਹੋਰ ਰਿਕਾਰਡ ਦੀ ਜਾਂਚ ਕੀਤੀ। ਇਸ ਕਾਰਵਾਈ ਨੂੰ ਲੈ ਕੇ ਪੰਜਾਬ ਦੀ ਸਿਆਸਤ ਵਿਚ ਹਲਚਲ ਮਚ ਗਈ ਹੈ। ਇਹ ਕਾਰਵਾਈ ਕਰੀਬ 100 ਕਰੋੜ ਰੁਪਏ ਦੀ ਕਥਿਤ ਫਰਜ਼ੀ ਖਰੀਦ ਅਤੇ ਦੁਬਈ-ਭਾਰਤ ਕੈਸ਼ ਟ੍ਰਿਪਿੰਗ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ ਵਿਚ ਕੀਤੀ ਗਈ ਦੱਸੀ ਜਾ ਰਹੀ ਹੈ। ਇਹ ਮਾਮਲਾ ਕਥਿਤ ਤੌਰ 'ਤੇ ਫਰਜ਼ੀ ਬਿਲਿੰਗ, ਸ਼ੈੱਲ ਕੰਪਨੀਆਂ ਅਤੇ ਵਿਦੇਸ਼ੀ ਲੈਣ-ਦੇਣ ਰਾਹੀਂ ਪੈਸੇ ਦੀ ਹੇਰਾਫੇਰੀ ਨਾਲ ਜੁੜਿਆ ਹੋਇਆ ਹੈ। ਦੱਸਿਆ ਜਾ ਰਿਹਾ ਹੈ ਕਿ ਦੁਬਈ ਰਾਹੀਂ ਹੋਈ ਕਥਿਤ ਕੈਸ਼ ਟ੍ਰਿਪਿੰਗ ਦੀ ਵੀ ਜਾਂਚ ਕੀਤੀ ਜਾ ਰਹੀ ਹੈ।

## ਫ਼ਰੀਦਕੋਟ ਦੇ ਪਿੰਡ ਕਿਲ੍ਹਾ ਨੌ ਦੇ ਨੌਜਵਾਨ ਦੀ ਕੈਨੇਡਾ 'ਚ ਦਿਲ ਦਾ ਦੌਰਾ ਪੈਣ ਨਾਲ ਮੌਤ

**ਫ਼ਰੀਦਕੋਟ।** ਫ਼ਰੀਦਕੋਟ ਦੇ ਪਿੰਡ ਕਿਲ੍ਹਾ ਨੌ ਨਾਲ ਸੰਬੰਧਿਤ ਇਕ ਨੌਜਵਾਨ ਦੀ ਕੈਨੇਡਾ ਵਿੱਚ ਦਿਲ ਦਾ ਦੌਰਾ ਪੈਣ ਮੌਤ ਹੋ ਗਈ। ਮ੍ਰਿਤਕ ਨੌਜਵਾਨ ਦੀ ਪਹਿਚਾਣ ਰਾਜਵਿੰਦਰ ਸਿੰਘ ਵਜੋਂ ਹੋਈ ਹੈ। ਮ੍ਰਿਤਕ ਨੌਜਵਾਨ ਕਰੀਬ ਤਿੰਨ ਸਾਲ ਪਹਿਲਾਂ ਸਪਾਊਸ ਵੀਜ਼ੇ 'ਤੇ ਆਪਣੀ ਪਤਨੀ ਕੋਲ ਕੈਨੇਡਾ ਗਿਆ ਸੀ। ਪਰਿਵਾਰਕ ਮੈਂਬਰਾਂ ਅਨੁਸਾਰ ਰਾਜਵਿੰਦਰ ਸਿੰਘ ਉਰਫ ਰਾਜੂ ਕੈਨੇਡਾ ਦੇ ਬਰੈਂਪਟਨ ਸ਼ਹਿਰ ਵਿੱਚ ਰਹਿ ਰਿਹਾ ਸੀ ਅਤੇ ਉੱਥੇ ਕੰਮ ਕਰਦਾ ਸੀ। ਦੱਸਿਆ ਜਾ ਰਿਹਾ ਹੈ ਕਿ ਬੀਤੀ ਰਾਤ ਉਸ ਦੀ ਅਚਾਨਕ ਤਬੀਅਤ ਵਿਗੜ ਗਈ, ਜਿਸ ਤੋਂ ਬਾਅਦ ਉਸ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਮੁੱਢਲੀ ਜਾਣਕਾਰੀ ਅਨੁਸਾਰ ਮੌਤ ਦਾ ਕਾਰਨ ਦਿਲ ਦਾ



ਦੌਰਾ ਦੱਸਿਆ ਜਾ ਰਿਹਾ ਹੈ। ਨੌਜਵਾਨ ਦੀ ਅਚਾਨਕ ਮੌਤ ਦੀ ਖ਼ਬਰ ਮਿਲਦੇ ਹੀ ਪਰਿਵਾਰ 'ਤੇ ਦੁੱਖਾਂ ਦਾ ਪਹਾੜ ਟੁੱਟ ਪਿਆ। ਪਰਿਵਾਰ ਦਾ ਰੋ-ਰੋ ਬੁਰਾ ਹਾਲ ਹੈ।

## ਤਾਮਿਲਨਾਡੂ ਦੇ ਰਾਜਪਾਲ ਨੇ ਵਿਜੇ ਨੂੰ ਸਰਕਾਰ ਬਣਾਉਣ ਲਈ ਸੱਦਾ ਦਿੱਤਾ,ਐਤਵਾਰ ਨੂੰ ਚੇਨਈ ਵਿੱਚ ਹੋਵੇਗਾ ਸਹੁੰ ਚੁੱਕ ਸਮਾਗਮ

**ਚੇਨਈ :** ਤਾਮਿਲਨਾਡੂ ਦੇ ਰਾਜਪਾਲ ਰਾਜੇਂਦਰ ਵਿਸ਼ਵਨਾਥ ਅਰਲੇਕਰ ਨੇ ਸ਼ਨੀਵਾਰ ਨੂੰ ਟੀਵੀਕੇ ਮੁਖੀ ਵਿਜੇ ਨੂੰ ਰਾਜ ਦਾ ਨਵਾਂ ਮੁੱਖ ਮੰਤਰੀ ਨਿਯੁਕਤ ਕੀਤਾ ਹੈ, ਲੋਕ ਭਵਨ ਨੇ ਐਲਾਨ ਕੀਤਾ। ਲੋਕ ਭਵਨ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਸਹੁੰ ਚੁੱਕ ਸਮਾਗਮ ਐਤਵਾਰ ਸਵੇਰੇ 10 ਵਜੇ ਚੇਨਈ ਵਿੱਚ ਹੋਵੇਗਾ । ਰਾਜਪਾਲ ਅਰਲੇਕਰ ਨੇ ਵਿਜੇ ਨੂੰ ਵਿਸ਼ਵਾਸ ਵੋਟ ਲੈਣ ਲਈ 13 ਮਈ ਜਾਂ ਇਸ ਤੋਂ ਪਹਿਲਾਂ ਤੱਕ ਦਾ ਸਮਾਂ ਦਿੱਤਾ ਹੈ।.ਸੀ.ਕੇ. ਅਤੇ ਆਈ.ਯੂ.ਐਮ.ਐਲ. ਵੱਲੋਂ ਟੀ.ਵੀ.ਕੇ. ਨੂੰ ਸਰਕਾਰ ਬਣਾਉਣ ਲਈ ਸਮਰਥਨ ਦੇਣ ਦੇ ਐਲਾਨ ਤੋਂ ਬਾਅਦ, ਅਦਾਕਾਰ-ਰਾਜਨੇਤਾ ਵਿਜੇ ਨੇ ਸ਼ਨੀਵਾਰ ਨੂੰ ਰਾਜਪਾਲ ਅਰਲੇਕਰ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਬਿਨਾਂ ਸ਼ਰਤ ਸਮਰਥਨ ਦੇਣ ਵਾਲੇ ਪਾਰਟੀਆਂ ਦੇ ਪੱਤਰ ਸੌਂਪੇ। ਵਿਜੇ ਨੇ ਤਾਮਿਲਨਾਡੂ ਕਾਂਗਰਸ ਕਮੇਟੀ (ਟੀ.ਐਨ.ਸੀ.ਸੀ.) ਦੇ ਮੁਖੀ ਕੇ. ਸੇਲਵਾਪੇਰੂਥਾਗਾਈ ਅਤੇ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੇ ਸੂਬਾ ਸਕੱਤਰ ਪੀ. ਸ਼ਨਮੁਗਮ ਸਮੇਤ ਸਹਿਯੋਗੀ ਪਾਰਟੀਆਂ ਦੇ ਨੇਤਾਵਾਂ ਨਾਲ



ਰਾਜਪਾਲ ਨਾਲ ਮੁਲਾਕਾਤ ਕੀਤੀ। ਡਚਖ (ਵਿਦੁਥਲਾਈ ਚਿਰੂਥੈਗਲ ਕਾਚੀ) ਅਤੇ ਇੰਡੀਅਨ ਯੂਨੀਅਨ ਮੁਸਲਿਮ ਲੀਗ (IUML) ਕੋਲ ਦੋ-ਦੋ ਸੀਟਾਂ ਹਨ। ਦੋਵਾਂ ਪਾਰਟੀਆਂ ਦੇ ਸਾਂਝੇ ਸਮਰਥਨ ਨਾਲ, ਤਮਿਲਗਾ ਵੇਤਰੀ ਕਜ਼ਾਗਮ (TVK) ਕੋਲ ਹੁਣ 234 ਮੈਂਬਰੀ ਵਿਧਾਨ ਸਭਾ ਵਿੱਚ 120 ਸੀਟਾਂ ਹਨ। ਠਡਖ ਦੇ ਸੰਸਥਾਪਕ ਨੇਤਾ ਨੇ ਰਾਜਪਾਲ ਨੂੰ ਬੇਨਤੀ ਕੀਤੀ ਸੀ ਕਿ ਉਹ ਉਨ੍ਹਾਂ ਨੂੰ ਸਰਕਾਰ ਬਣਾਉਣ ਲਈ ਰਸਮੀ ਤੌਰ 'ਤੇ ਸੱਦਾ ਦੇਣ। ਵਿਜੇ ਚੌਥੀ ਵਾਰ ਲੋਕ ਭਵਨ ਵਿਖੇ ਰਾਜਪਾਲ ਨੂੰ ਮਿਲੇ। ਇਸ ਦੌਰਾਨ, ਠਡਖ ਵਰਕਰਾਂ ਨੇ ਪਟਾਕੇ ਚਲਾਏ, ਮਿਠਾਈਆਂ ਵੰਡੀਆਂ ਅਤੇ ਪਾਰਟੀ ਦਫ਼ਤਰ ਵਿੱਚ ਜਸ਼ਨ ਮਨਾਉਣ ਲਈ ਵੱਡੀ ਗਿਣਤੀ ਵਿੱਚ ਇਕੱਠੇ ਹੋਏ।

Samaj Weekly

ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office

Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## ਬਿਹਾਰ ਵਿਚ ਤੂਫ਼ਾਨ ਅਤੇ ਮੀਂਹ ਕਾਰਨ 9 ਮੌਤਾਂ, ਪਟਨਾ ਵਿੱਚ ਡਿੱਗੇ 200 ਦਰੱਖਤ

**ਨਵੀਂ ਦਿਲੀ।** ਬਿਹਾਰ ਵਿਚ ਪਿਛਲੇ 10 ਦਿਨਾਂ ਤੋਂ ਭਾਰੀ ਤੂਫ਼ਾਨ ਦੇ ਨਾਲ ਮੀਂਹ ਪੈ ਰਿਹਾ ਹੈ। ਸ਼ੁੱਕਰਵਾਰ ਨੂੰ 135 ਕਿਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਹਵਾਵਾਂ ਵਾਲੇ ਤੇਜ਼ ਤੂਫ਼ਾਨ ਅਤੇ ਮੋਹਲੇਧਾਰ ਮੀਂਹ ਨੇ ਵਿਆਪਕ ਤਬਾਹੀ ਮਚਾਈ। ਸੂਬੇ ਵਿੱਚ ਦਰੱਖਤ ਡਿੱਗਣ ਅਤੇ ਬਿਜਲੀ ਡਿੱਗਣ ਕਾਰਨ ਨੌਂ ਲੋਕਾਂ ਦੀ ਮੌਤ ਹੋ ਗਈ। ਰਾਜਧਾਨੀ ਪਟਨਾ ਵਿੱਚ ਸਭ ਤੋਂ ਵੱਧ ਮੌਤਾਂ ਹੋਈਆਂ, ਜਿਨ੍ਹਾਂ ਵਿੱਚੋਂ ਚਾਰ ਮੌਤਾਂ ਹੋਈਆਂ। ਸ਼ੁੱਕਰਵਾਰ ਨੂੰ ਪਟਨਾ ਵਿੱਚ 30 ਮਿੰਟ ਤੱਕ ਪਏ ਮੀਂਹ ਅਤੇ ਤੂਫ਼ਾਨ ਨੇ ਤਬਾਹੀ ਮਚਾ ਦਿੱਤੀ। ਰਾਜਧਾਨੀ ਵਿੱਚ 200 ਤੋਂ ਵੱਧ ਅਤੇ ਜ਼ਿਲ੍ਹੇ ਵਿੱਚ 600 ਤੋਂ ਵੱਧ ਦਰੱਖਤ ਜੜ੍ਹੋਂ ਉੱਖੜ ਗਏ। ਸ਼ਹਿਰ ਵਿੱਚ 50 ਤੋਂ ਵੱਧ ਵਾਹਨ ਨੁਕਸਾਨੇ ਗਏ। ਸੜਕਾਂ 'ਤੇ ਦਰੱਖਤ ਅਤੇ ਬਿਲਬੋਰਡ ਡਿੱਗ ਗਏ, ਜਿਸ ਨਾਲ ਸ਼ਹਿਰ ਦੀ ਆਵਾਜਾਈ ਵਿਵਸਥਾ ਪੂਰੀ ਤਰ੍ਹਾਂ ਵਿਘਨ ਪਈ। ਦੋ ਕਿਲੋਮੀਟਰ ਦੀ ਦੂਰੀ ਤੈਅ ਕਰਨ ਵਿੱਚ ਘੱਟੋ-ਘੱਟ ਡੇਢ ਘੰਟਾ ਲੱਗਿਆ। ਦੇਰ



ਰਾਤ ਤੱਕ ਕਈ ਇਲਾਕਿਆਂ ਵਿੱਚ ਟ੍ਰੈਫਿਕ ਜਾਮ ਬਣਿਆ ਰਿਹਾ। ਵਿਰੋਧੀ ਧਿਰ ਦੇ ਨੇਤਾ ਤੇਜਸਵੀ ਯਾਦਵ ਜਾਮ ਵਿੱਚ ਫਸ ਗਏ ਅਤੇ ਉਨ੍ਹਾਂ ਨੂੰ ਆਪਣੀ ਕਾਰ ਛੱਡ ਕੇ ਮੋਟਰਸਾਈਕਲ ਰਾਹੀਂ ਜਾਣਾ ਪਿਆ। ਮੌਸਮ ਵਿਗਿਆਨ ਕੇਂਦਰ ਨੇ ਅੱਜ, ਸ਼ਨੀਵਾਰ ਨੂੰ ਪਟਨਾ ਸਮੇਤ 20 ਜ਼ਿਲ੍ਹਿਆਂ ਵਿੱਚ ਭਾਰੀ ਤੂਫ਼ਾਨ ਅਤੇ ਮੀਂਹ ਦੀ ਚੇਤਾਵਨੀ ਜਾਰੀ ਕੀਤੀ ਹੈ। ਇਸ ਸਮੇਂ ਦੌਰਾਨ ਬਿਜਲੀ ਗਰਜਣ ਦੀ ਸੰਭਾਵਨਾ ਹੈ। ਮੌਸਮ ਵਿਗਿਆਨ ਕੇਂਦਰ ਦੇ ਅਨੁਸਾਰ, 11 ਮਈ ਤੱਕ ਤੂਫ਼ਾਨ ਅਤੇ ਮੀਂਹ ਪੈਣ ਦੀ ਸੰਭਾਵਨਾ ਹੈ। ਇਸ ਤੋਂ ਬਾਅਦ, ਮੌਸਮ ਆਮ ਵਾਂਗ ਹੋ ਜਾਵੇਗਾ।

## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਸਰਕਾਰੀ ਏਜੰਸੀਆਂ ਨੂੰ ਰਾਜਨੀਤੀ ਲਈ ਵਰਤ ਰਹੀ ਹੈ ਭਾਜਪਾ : ਭਗਵੰਤ ਸਿੰਘ ਮਾਨ



**ਸੰਗਰੂਰ,** ।ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਹੈ ਕਿ ਭਾਜਪਾ ਕੋਲ ਈ. ਡੀ, ਸੀ. ਬੀ. ਆਈ, ਇਨਕਮ ਟੈਕਸ, ਚੋਣ ਕਮਿਸ਼ਨਰ ਆਦਿ 4-5 ਅਜਿਹੇ ਹਥਿਆਰ ਹਨ ਜਿਨ੍ਹਾਂ ਨੂੰ ਭਾਜਪਾ ਰਾਜਨੀਤੀ ਕਰਨ ਵਾਸਤੇ ਵਰਤ ਰਹੀ ਹੈ ਪਰੰਤੂ ਇਹ ਹਥਿਆਰ ਪੰਜਾਬ ਵਿੱਚ ਨਹੀਂ ਚੱਲਣੇ। ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਕੈਬਨਿਟ ਮੰਤਰੀ ਸੰਜੀਵ ਅਰੋੜਾ ਦੇ ਟਿਕਾਣਿਆਂ ਉਪਰ ਈ.ਡੀ.ਦੀ ਛਾਪੇਮਾਰੀ ਦੇ ਵਿਰੋਧ ਵਿੱਚ ਬੁਲਾਈ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਉਹਨਾਂ ਕਿਹਾ ਕਿ ਭਾਜਪਾ ਈ. ਡੀ. ਦੀ ਛਾਪੇਮਾਰੀ ਕਰਵਾ ਕੇ ਧਮਕਾਉਂਦੀ ਹੈ ਕਿ ਭਾਜਪਾ ਵਿੱਚ ਸ਼ਾਮਿਲ ਹੋ ਜਾਵੋ, ਫਿਰ ਸਭ ਕੁੱਝ ਮਾਫ਼ ਹੈ। ਉਹਨਾਂ ਕਿਹਾ ਕਿ ਰਾਜ ਸਭਾ ਮੈਂਬਰ ਅਸ਼ੋਕ ਮਿੱਤਲ ਦੇ ਕਾਰੋਬਾਰ ਉਪਰ ਦੋ ਦਿਨ ਛਾਪੇਮਾਰੀ ਚੱਲੀ ਅਤੇ ਤੀਜੇ ਦਿਨ ਅਸ਼ੋਕ ਮਿੱਤਲ ਭਾਜਪਾ ਵਿੱਚ ਸ਼ਾਮਲ ਹੋ ਗਏ। ਉਹਨਾਂ ਕਿਹਾ ਕਿ ਕਮਾਲ ਦੀ ਗੱਲ ਹੈ ਕਿ ਭਾਜਪਾ ਵਿੱਚ ਜਾਣ ਤੋਂ ਬਾਅਦ ਮਿੱਤਲ ਨੂੰ ਵਾਈ ਪਲੱਸ ਸਕਿਉਰਟੀ ਵੀ ਦੇ ਦਿੱਤੀ। ਮੁੱਖ ਮੰਤਰੀ ਮਾਨ ਨੇ ਕਿਹਾ ਕਿ ਉਹ ਮੋਦੀ ਅਤੇ ਸ਼ਾਹ ਨੂੰ ਦੱਸਣਾ ਚਾਹੁੰਦੇ ਹਨ ਕਿ ਪੰਜਾਬ ਅਜਿਹੀਆਂ ਗਿੱਦੜ ਧਮਕੀਆਂ ਤੋਂ ਡਰਨ ਵਾਲਾ ਨਹੀਂ ਹੈ। ਉਨ੍ਹਾਂ ਕਿਹਾ ਕਿ ਮੋਦੀ ਨੂੰ ਇੱਕ ਵਾਰ ਤਿੰਨ ਕਾਲੇ ਖੇਤੀ ਕਾਨੂੰਨਾਂ ਮੌਕੇ ਪੰਜਾਬੀਆਂ ਅੱਗੇ ਝੁਕਣਾ ਪਿਆ ਸੀ ਅਤੇ ਮੁਆਫੀ ਵੀ ਮੰਗਣੀ ਪਈ ਸੀ। ਸ਼ਾਇਦ ਉਦੋਂ ਦਾ ਹੀ ਦਰਦ ਮਨ ਵਿਚ ਰੱਖੀ ਬੈਠੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਪੱਛਮੀ ਬੰਗਾਲ ਵਿਚ ਭਾਜਪਾ ਸਰਕਾਰ ਨੇ ਅੱਜ ਸਹੁੰ ਚੁੱਕ ਰਹੀ ਹੈ ਪਰੰਤੂ ਬੰਗਾਲ ਵਿਚ ਪਿਛਲੇ ਕਈ ਦਿਨਾਂ ਤੋਂ ਅੱਗ ਲੱਗੀ ਹੋਈ ਹੈ। ਉਨ੍ਹਾਂ ਦੋਸ਼ ਲਾਇਆ ਕਿ ਦੋ ਫਿਰਕਿਆਂ ਨੂੰ ਲੜਾਉਣਾ, ਇਨ੍ਹਾਂ ਦਾ ਕੰਮ ਕਰਨ ਦਾ ਤਰੀਕਾ ਹੈ ਪਰੰਤੂ ਨਫਰਤ ਦੀ ਰਾਜਨੀਤੀ ਪੰਜਾਬ ਵਿਚ ਨਹੀਂ ਚੱਲਣੀ। ਉਨ੍ਹਾਂ ਦੋਸ਼ ਲਾਇਆ ਕਿ ਭਾਜਪਾ ਵਾਲੇ ਈ. ਡੀ. ਦੇ ਛਾਪਿਆਂ ਨਾਲ ਚੋਣਾਂ ਦੀ ਤਿਆਰੀ ਕਰਦੇ ਹਨ। ਉਨ੍ਹਾਂ ਭਾਜਪਾ ਨੂੰ ਭਾਰਤ ਜਲਾਓ ਪਾਰਟੀ ਕਰਾਰ ਦਿੰਦਿਆਂ ਚਿਤਾਵਨੀ ਦਿੱਤੀ ਕਿ ਅਜਿਹੀ ਖੇਡ ਪੰਜਾਬ ਨਾਲ ਨਾ ਖੇਡੇ ਕਿਉਂਕਿ ਪੰਜਾਬੀ ਲੋਕਤੰਤਰ ਦਾ ਘਾਣ ਨਹੀਂ ਹੋਣ ਦੇਣਗੇ। ਬੇਅਦਬੀ ਖਿਲਾਫ਼ ਬਣਾਏ ਸਖਤ ਕਾਨੂੰਨ ਦੇ ਸਬੰਧ ਵਿਚ ਡਿਪਟੀ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਉਪਰ ਤਲਬ ਕਰਨ ਬਾਰੇ ਸ੍ਰੀ ਮਾਨ ਨੇ ਕਿਹਾ ਕਿ ਜੁਲਾਈ-2007 ਵਿਚ ਐਸ. ਜੀ. ਪੀ. ਸੀ. ਨੇ ਮਤਾ ਪਾਸ ਕਰਕੇ ਕਾਨੂੰਨ ਬਣਾਉਣ ਦਾ ਅਧਿਕਾਰ ਪੰਜਾਬ ਸਰਕਾਰ ਨੂੰ ਦਿੱਤਾ ਸੀ ਪਰੰਤੂ ਉਹ ਹੁਣ ਕਾਨੂੰਨ ਦਾ ਵਿਰੋਧ ਕਰ ਰਹੇ ਹਨ।

## ਟਿੱਪਰ ਨਾਲ ਟਕਰਾਈ ਸਵਾਰੀਆਂ ਨਾਲ ਭਰੀ PRTC ਬੱਸ, ਬੱਸ ਕੰਡਕਟਰ ਦੀ ਥਾਈਂ ਹੋਈ ਮੌਤ



**ਫਗਵਾੜਾ:** ਰੋਪੜ-ਫਗਵਾੜਾ ਮੁੱਖ ਸੜਕ 'ਤੇ ਮੱਲਾ-ਸੋਢੀਆਂ ਨੇੜੇ ਇੱਕ ਭਿਆਨਕ ਸੜਕ ਹਾਦਸਾ ਵਾਪਰਿਆ।ਇਥਸਵੇਰੇ 6 ਵਜੇ ਦੇ ਕਰੀਬ ਸਵਾਰੀਆਂ ਨਾਲ ਭਰੀ ਸਰਕਾਰੀ ਬੱਸ ਇੱਕ ਟਿੱਪਰ ਨਾਲ ਟਕਰਾ ਗਈ। ਹਾਦਸਾ ਇੰਨਾ ਭਿਆਨਕ ਸੀ ਕਿ ਬੱਸ ਕੰਡਕਟਰ ਦੀ ਥਾਈਂ ਮੌਤ ਹੋ ਗਈ ਜਦਕਿ ਅਠਾਰਾਂ ਯਾਤਰੀ ਜ਼ਖ਼ਮੀ ਹੋ ਗਏ। ਹਾਦਸੇ ਤੋਂ ਬਾਅਦ ਮੌਕੇ 'ਤੇ ਦਹਿਸ਼ਤ ਦਾ ਮਾਹੌਲ ਬਣ ਗਿਆ। ਯਾਤਰੀਆਂ ਦੀਆਂ ਚੀਕਾਂ ਸੁਣ ਕੇ ਸਥਾਨਕ ਲੋਕ ਮਦਦ ਲਈ ਆਏ। ਉਨ੍ਹਾਂ ਨੇ ਪੁਲਿਸ ਨੂੰ ਸੂਚਿਤ ਕੀਤਾ, ਅਤੇ ਜ਼ਖ਼ਮੀਆਂ ਨੂੰ ਬੰਗਾ ਸਿਵਲ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ, ਜਿੱਥੇ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ। ਹਾਦਸਾ ਇੰਨਾ ਗੰਭੀਰ ਸੀ ਕਿ ਬੱਸ ਪੂਰੀ ਤਰ੍ਹਾਂ ਚਕਨਾਚੂਰ ਹੋ ਗਈ। ਪੁਲਿਸ ਦਾ ਕਹਿਣਾ ਹੈ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਦੁਕਾਨ ਨੂੰ ਅੱਗ ਲੱਗਣ ਕਾਰਨ 2 ਬੱਚਿਆਂ ਸਮੇਤ ਤਿੰਨ ਦੀ ਮੌਤ



**ਮੋਤੀਹਾਰੀ।** ਬਿਹਾਰ ਦੇ ਪੂਰਬੀ ਚੰਪਾਰਨ ਜ਼ਿਲ੍ਹੇ ਵਿੱਚ ਘਰ ਵਿੱਚ ਬਣੀ ਇਕ ਦੁਕਾਨ ਵਿੱਚ ਅੱਗ ਲੱਗਣ ਨਾਲ 2 ਬੱਚਿਆਂ ਸਮੇਤ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ। ਅਧਿਕਾਰੀਆਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਘਟਨਾ ਬੀਤੀ ਰਾਤ ਜ਼ਿਲ੍ਹੇ ਦੇ ਕੁੰਡਵਾ ਚੈਨਪੁਰ ਥਾਣਾ ਖੇਤਰ ਦੇ ਬਰਹਰਵਾ ਫਤਿਹ ਮੁਹੰਮਦ ਪਿੰਡ ਸਥਿਤ ਇਕ ਕਰਿਆਨਾ ਦੁਕਾਨ ਵਿੱਚ ਹੋਈ। ਮ੍ਰਿਤਕਾਂ ਦੀ ਪਛਾਣ ਦੁਕਾਨ ਦੇ 8 ਸਾਲਾ ਪੁੱਤ, 12 ਸਾਲਾ ਧੀ ਅਤੇ ਦੁਕਾਨ ਦੇ ਕਰਮਚਾਰੀ ਪ੍ਰਿੰਸ ਕੁਮਾਰ (28) ਵਜੋਂ ਹੋਈ ਹੈ। ਮੌਤਾਂ ਦੀ ਪੁਸ਼ਟੀ ਕਰਦੇ ਹੋਏ ਥਾਣਾ ਇੰਚਾਰਜ ਰਾਹੁਲ ਕੁਮਾਰ ਨੇ ਕਿਹਾ ਕਿ ਦੁਕਾਨਦਾਰ ਦਾ ਘਰ ਦੁਕਾਨ ਦੇ ਉੱਪਰ ਸਥਿਤ ਹੈ। ਰਾਤ ਦੇ ਸਮੇਂ ਦੁਕਾਨ ਵਿੱਚ ਅੱਗ ਲੱਗੀ। ਪਿੰਡ ਵਾਸੀਆਂ ਨੂੰ ਖ਼ਦਸ਼ਾ ਹੈ ਕਿ ਸ਼ਾਰਟ ਸਰਕਿਟ ਕਾਰਨ ਅੱਗ ਲੱਗੀ ਹੋਵੇਗੀ ਪਰ ਸਹੀ ਕਾਰਨ ਜਾਂਚ ਪੂਰੀ ਹੋਣ ਤੋਂ ਬਾਅਦ ਹੀ ਸਪੱਸ਼ਟ ਹੋ ਸਕੇਗਾ। ਉਨ੍ਹਾਂ ਦੱਸਿਆ ਕਿ ਸੂਚਨਾ ਮਿਲਣ ਤੇ ਪੁਲਿਸ ਅਤੇ ਫਾਇਰ ਬ੍ਰਿਗੇਡ ਵਿਭਾਗ ਦੀ ਟੀਮ ਮੌਕੇ ਤੇ ਪਹੁੰਚੀ ਅਤੇ ਕਰੀਬ 6 ਘੰਟਿਆਂ ਦੀ ਕੋਸ਼ਿਸ਼ ਮਗਰੋਂ ਅੱਗ ਤੇ ਕਾਬੂ ਪਾਇਆ ਗਿਆ। ਕੁਮਾਰ ਨੇ ਦੱਸਿਆ ਕਿ ਲਾਸ਼ਾਂ ਨੂੰ ਪੋਸਟਮਾਰਟਮ ਲਈ ਮੋਤੀਹਾਰੀ ਸਦਰ ਹਸਪਤਾਲ ਲਿਜਾਇਆ ਗਿਆ ਹੈ। ਅਧਿਕਾਰੀਆਂ ਅਨੁਸਾਰ ਦੁਕਾਨਦਾਰ ਕਿਸੇ ਤਰ੍ਹਾਂ ਨਾਲ ਘਰੋਂ ਬਾਹਰ ਨਿਕਲ ਆਇਆ ਪਰ ਝੁਲਸਣ ਕਾਰਨ ਜ਼ਖ਼ਮੀ ਹੋ ਗਿਆ। ਉਸ ਤੋਂ ਪਹਿਲਾਂ ਸਬ-ਡਿਵੀਜ਼ਨਲ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਪਰ ਬਾਅਦ ਵਿੱਚ ਬਿਹਤਰ ਇਲਾਜ ਲਈ ਮੋਤੀਹਾਰੀ ਸਦਰ ਹਸਪਤਾਲ ਰੈਫਰ ਕਰ ਦਿੱਤਾ ਗਿਆ।

SHAM LAL CHANDER ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਐਕਿਊਪੰਕਚਰ ਅਤੇ ਹੋਮਿਓਪੈਥੀ ਕੈਂਪ ਵਿੱਚ 80 ਮਰੀਜ਼ਾਂ ਦਾ ਕੀਤਾ ਗਿਆ ਇਲਾਜ









**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਡਾ: ਕੋਟਨਿਸ ਐਕਿਊਪੰਕਚਰ ਚੈਰੀਟੇਬਲ ਹਸਪਤਾਲ ਵੱਲੋਂ ਅੰਤਰਰਾਸ਼ਟਰੀ ਮਹਾਨ ਭਾਰਤੀ ਚਿਕਿਤਸਕ ਅਤੇ ਭਾਰਤ ਵਿੱਚ ਐਕਿਊਪੰਕਚਰ ਦੇ ਸੰਸਥਾਪਕ ਡਾ: ਵਿਜੈ ਕੁਮਾਰ ਬਾਸੂ ਨੂੰ ਸਮਰਪਿਤ ਤਿੰਨ ਰੋਜ਼ਾ ਮੁਫ਼ਤ ਐਕਿਊਪੰਕਚਰ ਅਤੇ ਹੋਮਿਓਪੈਥੀ ਕੈਂਪ ਦਾ ਆਯੋਜਨ 8, 9 ਅਤੇ 10 ਮਈ 2026 ਨੂੰ ਸਵੇਰੇ 10 ਵਜੇ ਤੋਂ ਦੁਪਹਿਰ 2 ਵਜੇ ਤੱਕ ਕੀਤਾ ਗਿਆ। ਕੈਂਪ ਦਾ ਆਯੋਜਨ ਅਰੋੜਾ ਮਾਰਕੀਟਿੰਗ, ਨੇੜੇ ਬਿੱਟੂ ਨਰੇਂਦਰ ਕੌਂਸਲਰ ਆਫਿਸ, ਸਿਵਲ ਸਿਟੀ, ਮੇਨ ਰੋਡ, ਚੰਦਨ ਨਗਰ, ਲੁਧਿਆਣਾ ਵਿੱਚ ਕੀਤਾ ਗਿਆ। ਇਹ ਕੈਂਪ ਸ੍ਰੀ ਚੌਧਰੀ ਮਦਨ ਲਾਲ ਬੱਗਾ, ਐਮ.ਐਲ.ਏ. ਲੁਧਿਆਣਾ ਦੀ ਰਹਿਨੁਮਾਈ ਹੇਠ ਲਗਾਇਆ ਗਿਆ। ਇਸ ਕੈਂਪ ਦਾ ਉਦਘਾਟਨ ਸ੍ਰੀ ਨਰੇਂਦਰ ਭਾਰਦਵਾਜ ਜੀ, ਕੌਂਸਲਰ ਵਾਰਡ ਨੰਬਰ 92 ਵੱਲੋਂ ਕੀਤਾ ਗਿਆ। ਇਸ ਕੈਂਪ ਦੇ ਆਯੋਜਨ ਵਿੱਚ ਸ੍ਰੀ ਵਿਜੈ ਜੀਤ ਅਰੋੜਾ (ਅਰੋੜਾ ਮਾਰਕੀਟਿੰਗ) ਨੇ ਵਿਸ਼ੇਸ਼ ਸਹਿਯੋਗ ਦਿੱਤਾ। ਇਸ ਮੌਕੇ ਡਾ: ਇੰਦਰਜੀਤ ਸਿੰਘ (ਡਾਇਰੈਕਟਰ, ਡਾ: ਕੋਟਨਿਸ ਹਸਪਤਾਲ), ਹੋਮਿਓਪੈਥਿਕ ਵਿਸ਼ੇਸ਼ਗਿਆ ਡਾ: ਅਜੈਪਾਲ ਸਿੰਘ ਠਿੰਡ ਅਤੇ ਸੀਨੀਅਰ ਚਿਕਿਤਸਕ ਡਾ: ਰਘੁਵੀਰ ਸਿੰਘ (ਐਕਿਊਪੰਕਚਰਿਸਟ) ਅਤੇ ਡਾ: ਬਲਜਿੰਦਰ ਸਿੰਘ ਨੇ ਆਪਣੀਆਂ ਵਿਸ਼ੇਸ਼ਗਿਆ ਸੇਵਾਵਾਂ ਪ੍ਰਦਾਨ ਕੀਤੀਆਂ। ਕੈਂਪ ਵਿੱਚ ਬਿਨਾਂ ਦਵਾਈ, ਬਿਨਾਂ ਸਰਜਰੀ ਅਤੇ ਬਿਨਾਂ ਦਰਦ ਵਾਲੀ ਐਕਿਊਪੰਕਚਰ ਇਲਾਜ ਪੱਧਤੀ ਰਾਹੀਂ ਡਾਇਬਟੀਜ਼ (ਸ਼ੂਗਰ) ਨਾਲ ਸੰਬੰਧਿਤ ਸਮੱਸਿਆਵਾਂ, ਨਸਾਂ ਵਿੱਚ ਖਿੱਚ, ਨਿਊਰੋਪੈਥੀ, ਅੱਖਾਂ ਦੀ ਕਮਜ਼ੋਰੀ, ਕਮਰ ਦਰਦ, ਸਰਵਾਈਕਲ, ਸਪੌਂਡਿਲਾਈਟਿਸ, ਡਿਸਕ ਪ੍ਰੋਲੈਪਸ, ਜੋੜਾਂ ਅਤੇ ਘੁੱਟਣਾਂ ਦਾ ਦਰਦ, ਮਾਈਗ੍ਰੇਨ, ਅਨੀਂਦਰਾ, ਮਾਨਸਿਕ ਤਣਾਅ, ਲੱਕਵਾ, ਅਧਰੰਗ, ਪੁਰਾਣਾ ਜ਼ੁਕਾਮ, ਸਪੋਰਟਸ ਇੰਜਰੀ ਅਤੇ ਨਸ਼ਾ ਮੁਕਤੀ ਵਰਗੀਆਂ ਵੱਖ-ਵੱਖ ਬਿਮਾਰੀਆਂ ਦਾ ਇਲਾਜ ਕੀਤਾ ਗਿਆ। ਇਸਦੇ ਨਾਲ ਹੀ ਹੋਮਿਓਪੈਥਿਕ ਚਿਕਿਤਸਾ ਪੱਧਤੀ ਅਧੀਨ ਐਲਰਜੀ, ਚਮੜੀ ਰੋਗ, ਬੱਚਿਆਂ ਦੀਆਂ ਆਮ ਬਿਮਾਰੀਆਂ, ਪਚਨ ਸੰਬੰਧੀ ਸਮੱਸਿਆਵਾਂ, ਅਸਥਮਾ, ਸਾਇਨਸ, ਥਾਇਰਾਇਡ, ਜੋੜਾਂ ਦਾ ਦਰਦ ਅਤੇ ਪੁਰਾਣੀਆਂ ਬਿਮਾਰੀਆਂ ਲਈ ਵਿਸ਼ੇਸ਼ ਸਲਾਹ ਅਤੇ ਮੁਫ਼ਤ ਜਾਂਚ ਦੀ ਸੁਵਿਧਾ ਵੀ ਪ੍ਰਦਾਨ ਕੀਤੀ ਗਈ। ਇਸ ਕੈਂਪ ਵਿੱਚ 80 ਮਰੀਜ਼ਾਂ ਨੇ ਇਲਾਜ ਕਰਵਾਇਆ। ਹਸਪਤਾਲ ਪ੍ਰਬੰਧਕਾਂ ਵੱਲੋਂ ਆਮ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਉਹ ਅਜਿਹੇ ਮੁਫ਼ਤ ਮੈਡੀਕਲ ਕੈਂਪਾਂ ਦਾ ਵੱਧ ਤੋਂ ਵੱਧ ਲਾਭ ਲੈਣ। ਕੈਂਪ ਵਿੱਚ ਗਗਨ ਭਾਟੀਆ, ਮਨੀਸ਼ਾ, ਮੀਨੂ, ਮਹੇਸ਼, ਰਿਤੂ, ਰਾਜਨ, ਰਵਨੀਤ ਕੌਰ ਅਤੇ ਸੁਰਜੀਤ ਕੌਰ ਆਦਿ ਨੇ ਵਿਸ਼ੇਸ਼ ਤੌਰ 'ਤੇ ਆਪਣਾ ਯੋਗਦਾਨ ਦਿੱਤਾ।

# ਡੀ.ਏ.ਵੀ. ਯੂਨੀਵਰਸਿਟੀ ਵੱਲੋਂ "ਈਟ ਰਾਈਟ" ਵਿਸ਼ੇ ਤੇ ਸੈਮੀਨਾਰ

**●ਪੁਰਾਤਨ ਮੋਟੇ ਅਨਾਜ " ਮਿਲਟਸ" ਤੇ ਪਰਤਣਾ ਹੀ ਸਾਨੂੰ ਅਰੋਗ ਜੀਵਨ ਦੇ ਸਕਦਾ ਹੈ - ਬਾਲ ਮੁਕੰਦ ਸ਼ਰਮਾ ●ਵਿਸ਼ਵ ਪ੍ਰਸਿੱਧ ਸ਼ੈਫ ਵਿਕਾਸ ਚਾਵਲਾ ਨੇ ਰੋਜ਼ਾਨਾ ਜ਼ਿੰਦਗੀ 'ਚ ਮੋਟੇ ਅਨਾਜ ਅਪਣਾਉਣ ਸੰਬੰਧੀ ਆਪਣੇ ਕੀਮਤੀ ਵਿਚਾਰ ਦਿੱਤੇ**





**ਲੁਧਿਆਣਾ / ਜਲੰਧਰ (ਕਰਨੈਲ ਸਿੰਘ ਐੱਮ.ਏ.)** ਡੀ.ਏ.ਵੀ.ਯੂਨੀਵਰਸਿਟੀ ਜਲੰਧਰ ਵਿਖੇ ਫੂਡ ਕਮਿਸ਼ਨ ਪੰਜਾਬ ਦੇ ਚੇਅਰਮੈਨ ਬਾਲ ਮੁਕੰਦ ਸ਼ਰਮਾ ਦੇ ਵਿਸ਼ੇਸ਼ ਉਪਰਾਲੇ ਸਦਕਾ "ਈਟ ਰਾਈਟ" ਵਿਸ਼ੇ ਤੇ ਸੈਮੀਨਾਰ ਕਰਵਾਇਆ ਗਿਆ ਜਿੱਥੇ ਵੱਖ- ਵੱਖ ਬੁਲਾਰਿਆਂ ਨੇ ਇਸ ਪ੍ਰੋਗਰਾਮ ਵਿੱਚ ਕੀ ਖਾਣਾ ਹੈ ਬਾਰੇ ਵਿਚਾਰ ਦਿੱਤੇ ਉਥੇ ਹੀ ਬਾਲ ਮੁਕੰਦ ਸ਼ਰਮਾ ਚੇਅਰਮੈਨ ਫੂਡ ਕਮਿਸ਼ਨ ਪੰਜਾਬ ਨੇ ਆਪਣੇ ਸੰਬੋਧਨ ਵਿੱਚ ਆਖਿਆ ਕਿ ਅਨਾਜ ਸਾਡੇ ਕੋਲ ਬਹੁਤ ਹੈ ਪਰ ਕੀ ਖਾਣਾ ਹੈ ਅਤੇ ਕੀ ਖਾ ਕੇ ਸਿਹਤਮੰਦ ਅਤੇ ਅਰੋਗ ਰਹਿਣਾ ਹੈ ਇਹ ਸਮਝਣ ਦੀ ਲੋੜ ਹੈ। ਉਹਨਾਂ ਆਖਿਆ ਕਿ ਅੱਜ 40 ਫੀਸਦੀ ਲੋਕ ਪੰਜਾਬ ਵਿੱਚ ਇੱਕ ਅਨੁਮਾਨ ਮੁਤਾਬਕ ਸ਼ੂਗਰ ਅਤੇ 40 ਫੀਸਦੀ ਬਲੱਡ ਪ੍ਰੈਸ਼ਰ ਦੇ ਮਰੀਜ਼ ਹਨ । ਉਹਨਾਂ ਆਖਿਆ ਕਿ ਜੀਵਨ ਸ਼ੈਲੀ 'ਚੋਂ ਕਣਕ ਅਤੇ ਚਾਵਲ ਨੂੰ ਮਨਫੀ ਕਰਕੇ ਹੌਲੀ- ਹੌਲੀ ਮੋਟੇ ਅਨਾਜ ਜਿਵੇਂ ਜਵਾਹਰ, ਜੌਂ, ਕੰਗਣੀ ਬਾਜਰਾ, ਕੋਦਰਾ ਆਦਿ ਦੀ ਰੋਟੀ ਅਤੇ ਖਿਚੜੀ ਦਲੀਆ ਜੀਵਨ ਵਿੱਚ ਲੈ ਕੇ ਆਈਏ ਅਤੇ ਅਰੋਗ ਜੀਵਨ ਅਪਨਾਈਏ ਉਥੇ ਹੀ ਵਿਸ਼ਵ ਪ੍ਰਸਿੱਧ ਸ਼ੈਫ ਅਤੇ ਦਾਨਿਆਂ ਤੇ ਖੋਜ ਕਰਤਾ ਵਿਕਾਸ ਚਾਵਲਾ ਨੇ ਆਖਿਆ ਕਿ ਸ਼ਾਕਾਹਾਰੀ ਭੋਜਨ ਵਿੱਚ ਕੱਦੂ ਦੇ ਬੀਜ ਅਤੇ ਭੰਗ ਦੇ ਬੀਜ ਦੀ ਚਟਨੀ ਸਾਨੂੰ ਕਾਫੀ ਪ੍ਰੋਟੀਨ ਦਿੰਦੇ ਹਨ ਅਤੇ ਹੌਲੀ ਹੌਲੀ ਸਾਨੂੰ ਮੋਟੇ ਅਨਾਜ ਵੱਲ ਪਰਤਣਾ ਹੀ ਪਵੇਗਾ ਜਿਸ ਤੇ ਹੁਣ ਬਾਹਰ ਦੀਆਂ ਯੂਨੀਵਰਸਿਟੀਆਂ ਵੀ ਅਧਿਐਨ ਕਰਕੇ ਇਸ ਨੂੰ ਖਰਾ ਸੋਨਾ ਆਖ ਰਹੀਆਂ ਹਨ । ਇਸ ਮੌਕੇ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾਕਟਰ ਮਨੋਜ ਕੁਮਾਰ ਨੇ ਆਪਣੇ ਕੀਮਤੀ ਵਿਚਾਰ ਦਿੱਤੇ । ਇਸ ਮੌਕੇ ਯਸ਼ਬੀਰ ਸਿੰਘ ਡਾਇਰੈਕਟਰ ਸਪੋਰਟਸ, ਚੇਤਨ ਧਾਲੀਵਾਲ ਮੈਂਬਰ ਫੂਡ ਕਮਿਸ਼ਨ ਸੁਖਵਿੰਦਰ ਸਿੰਘ ਜ਼ਿਲ੍ਹਾ ਸਿਹਤ ਅਧਿਕਾਰੀ ਨੇ ਵੀ ਸੰਬੋਧਨ ਕੀਤਾ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਆਂਗਣਵਾੜੀ ਵਰਕਰਾਂ ਲਈ "ਪੋਸ਼ਣ ਵੀ ਪੜ੍ਹਾਈ ਵੀ" ਵਿਸ਼ੇ ਤੇ ਸਰਕਲ ਮੀਟਿੰਗ ਸਫਲਤਾ ਪੂਰਵਕ ਸੰਪੰਨ





**ਰਾਏਕੋਟ /ਹਲਵਾਰਾ, 9 ਮਈ (ਗੁਰਭਿੰਦਰ ਗੁਰੀ)** ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਦੇ ਦਿਸ਼ਾ - ਨਿਰਦੇਸ਼ਾਂ ਹੇਠ ਆਂਗਣਵਾੜੀ ਵਰਕਰਾਂ ਲਈ "ਪੋਸ਼ਣ ਵੀ, ਪੜ੍ਹਾਈ ਵੀ "ਵਿਸ਼ੇ ਤੇ ਸਰਕਲ ਮੀਟਿੰਗ ਹਲਵਾਰਾ ਵਿਖੇ ਭਗਤ ਰਵਿਦਾਸ ਜੀ ਧਰਮਸ਼ਾਲਾ 'ਚ ਸਫਲਤਾਪੂਰਵਕ ਸੰਪੰਨ ਹੋਈ। ਇਸ ਮੀਟਿੰਗ ਦਾ ਆਯੋਜਨ ਬਾਲ ਵਿਕਾਸ ਪ੍ਰੋਜੈਕਟ ਅਫਸਰ ਨੀਕੀਤੀਕਾ ਢੀਂਗਰਾ ਦੀ ਯੋਗ ਅਗਵਾਈ ਹੇਠ ਕੀਤਾ ਗਿਆ। ਇਸ ਦੌਰਾਨ ਸੀਡੀਪੀਓ ਮੈਡਮ ਨਿਕੀਤੀਕਾ ਢੀਂਗਰਾ ਨੇ ਦੱਸਿਆ ਕਿ ਇਸ ਮੀਟਿੰਗ ਦਾ ਮੁੱਖ ਉਦੇਸ਼ 03 ਤੋਂ 06 ਸਾਲ ਤੱਕ ਦੇ ਬੱਚਿਆਂ ਨੂੰ "ਅਰਲੀ ਚਾਇਲਡ ਹੁੱਡ ਕੇਅਰ ਐਂਡ ਐਜੂਕੇਸ਼ਨ" ਪ੍ਰਤੀ ਜਾਗਰੂਕ ਕਰਨਾ ਅਤੇ ਉਨਾਂ ਦੇ ਸਰਵਪੱਖੀ ਵਿਕਾਸ ਨੂੰ ਯਕੀਨੀ ਬਣਾਉਣਾ ਹੈ। ਇਸ ਮੌਕੇ ਪ੍ਰਥਮ ਐਜੂਕੇਸ਼ਨ ਫਾਊਂਡੇਸ਼ਨ ਦੀ ਟੀਮ ਵੱਲੋਂ ਆਂਗਣਵਾੜੀ ਵਰਕਰਾਂ ਨਾਲ ਸਰਵਪੱਖੀ ਵਿਕਾਸ ਦੀਆਂ ਗਤੀਵਿਧੀਆਂ ਤੇ ਚਰਚਾ ਕੀਤੀ ਗਈ ਪ੍ਰਥਮ ਜ਼ਿਲ੍ਹਾ ਸਹਾਇਕ ਕੋਆਰਡੀਨੇਟਰ( ਮਨਪ੍ਰੀਤ ਕੌਰ 'ਮਨਦੀਪ ਕੌਰ ) ਕੌਨਟੈਂਟ ਕੁਆਰਡੀਨੇਟਰ ( ਰਤਨਦੀਪ ਕੌਰ) ਨੇ ਵਰਕਰਾਂ ਨੂੰ ਬੱਚਿਆਂ ਦੀ ਚੰਗੀ ਸਿਹਤ, ਪੋਸ਼ਣ ਅਤੇ ਸੁਰੱਖਿਆ ਦੇ ਨਾਲ ਖੇਡ ਖੇਡ ਦੀ ਵਿਧੀ ਰਾਹੀਂ ਸਿੱਖਣ ਪ੍ਰਕਿਰਿਆ ਨੂੰ ਆਧੁਨਿਕ ਤਰੀਕਿਆਂ ਨਾਲ ਬਹੁਤ ਹੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਇਸ ਮੀਟਿੰਗ ਦੌਰਾਨ ਤਿੰਨ ਸਰਕਲ ਹਲਵਾਰਾ, ਸੁਧਾਰ ਤੇ ਰਾਜੋਆਣਾ ਦੇ ਸਮੂਹ ਆਂਗਣਵਾੜੀ ਵਰਕਰਾਂ ਨੇ ਬੜੇ ਉਤਸ਼ਾਹ ਨਾਲ ਹਿੱਸਾ ਲਿਆ ਤੇ ਪ੍ਰਥਮ ਟੀਮ ਵੱਲੋਂ ਦਿੱਤੀ ਗਈ ਨਵੀਂ ਜਾਣਕਾਰੀ ਦੀ ਸਲਾਂਘਾ ਕੀਤੀ। ਇਸ ਮੌਕੇ ਵੱਡੀ ਗਿਣਤੀ 'ਚ ਆਂਗਣਵਾੜੀ ਵਰਕਰ ਹਾਜ਼ਰ ਸਨ।

# ਭਾਜਪਾ ਦੇ ਓਬੀਸੀ ਮੋਰਚਾ ਪੰਜਾਬ ਦੇ ਸਾਬਕਾ ਸੂਬਾ ਸਕੱਤਰ ਸੁਖਜੀਤ ਸਿੰਘ ਸੁੱਖਾ ਨੂੰ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸਿਰੋਪਾ ਪਾ ਕੇ ਕੀਤਾ ਆਪਣੀ ਪਾਰਟੀ ਵਿੱਚ ਸ਼ਾਮਲ



**ਲੁਧਿਆਣਾ 9 ਮਈ (ਕਰਨੈਲ ਸਿੰਘ ਐੱਮ.ਏ.)** ਸ਼੍ਰੋਮਣੀ ਅਕਾਲੀ ਦਲ ਬਾਦਲ ਹਲਕਾ ਪਾਇਲ ਦੇ ਇੰਚਾਰਜ ਤਜਿੰਦਰ ਸਿੰਘ ਮਦਨੀਪੁਰ ਅਤੇ ਸੀਨੀਅਰ ਤੇ ਮਿਹਨਤੀ ਆਗੂ ਨੀਤੂ ਸਿੰਘ ਦੀ ਅਗਵਾਈ ਹੇਠ ਭਾਜਪਾ ਦੇ ਓਬੀਸੀ ਮੋਰਚਾ ਪੰਜਾਬ ਦੇ ਸਾਬਕਾ ਸੂਬਾ ਸਕੱਤਰ ਸੁਖਜੀਤ ਸਿੰਘ ਸੁੱਖਾ ਨੂੰ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸਿਰੋਪਾ ਪਾ ਕੇ ਕੀਤਾ ਆਪਣੀ ਪਾਰਟੀ ਵਿੱਚ ਸ਼ਾਮਲ ਕਰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਮਿਹਨਤੀ ਵਰਕਰਾਂ ਦੀ ਕਦਰ ਕਰਦਾ ਹੈ, ਜਲਦ ਹੀ ਸੁਖਜੀਤ ਸਿੰਘ ਸੁੱਖਾ ਨੂੰ ਪਾਰਟੀ ਵੱਲੋਂ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ। ਇਸ ਮੌਕੇ ਨੀਤੂ ਸਿੰਘ ਅਤੇ ਹਲਕਾ ਇੰਚਾਰਜ ਤਜਿੰਦਰ ਸਿੰਘ ਮਦਨੀਪੁਰ ਨੇ ਸੁਖਜੀਤ ਸਿੰਘ ਸੁੱਖਾ ਅਤੇ ਸਾਥੀਆਂ ਦਾ ਪਾਰਟੀ ਵਿੱਚ ਸਵਾਗਤ ਕਰਦਿਆਂ ਕਿਹਾ ਕਿ ਹਲਕਾ ਪਾਇਲ ਅੰਦਰ ਸ਼੍ਰੋਮਣੀ ਅਕਾਲੀ ਦਲ ਦਿਨੋਂ-ਦਿਨ ਮਜ਼ਬੂਤ ਹੋ ਰਿਹਾ ਹੈ। ਸੁਖਜੀਤ ਸਿੰਘ ਦੇ ਪਾਰਟੀ ਵਿੱਚ ਸ਼ਾਮਲ ਹੋਣ ਨਾਲ ਦੋਰਾਹਾ ਸ਼ਹਿਰ ਅੰਦਰ ਪਾਰਟੀ ਨੂੰ ਹੋਰ ਬਲ ਮਿਲੇਗਾ, ਪਾਰਟੀ ਦੇ ਆਗੂ ਅਤੇ ਵਰਕਰ ਇਕਜੁੱਟ ਹੋ ਕੇ ਪੂਰੀ ਮਿਹਨਤ ਨਾਲ ਆਉਣ ਵਾਲੀਆਂ ਨਗਰ ਕੌਂਸਲ ਚੋਣਾਂ ਵਿੱਚ ਆਪਣੇ ਉਮੀਦਵਾਰਾਂ ਨੂੰ ਜਿਤਾਉਣਗੇ ਇਸ ਮੌਕੇ ਉਹਨਾਂ ਨਾਲ ਸਰਕਲ ਪ੍ਰਧਾਨ ਵਿਪਨ ਸੇਠੀ, ਅਵਤਾਰ ਸਿੰਘ ਮਿੰਟੂ, ਗੁਰਜੀਤ ਸਿੰਘ ਪੰਧੇਰ ਖੇੜੀ, ਕੁੰਵਰਪਾਲ ਸਿੰਘ ਜੱਗੀ, ਸੁਰਜੀਤ ਸਿੰਘ, ਨਗਿੰਦਰ ਸਿੰਘ ਬਿੱਲੂ, ਗੁਰਦੀਪ ਸਿੰਘ ਬਾਵਾ, ਜੀਵਨ ਰਾਜਗੜ੍ਹ, ਐਡਵੋਕੇਟ ਮਨਦੀਪ ਸਿੰਘ, ਜਗਦੇਵ ਸਿੰਘ ਜੱਗਾ, ਮਨੋਜ ਕੁਮਾਰ, ਰਕੇਸ਼ ਅਨੰਦ ਆਦਿ ਹਾਜ਼ਰ ਸਨ ।

# ਚੋਣਾ ਚ ਹਾਰ ਮਗਰੋਂ ਸਟਾਰਮਰ 'ਤੇ ਅਸਤੀਫੇ ਦਾ ਦਬਾਅ ਵਧਿਆ

**ਲੈਸਟਰ (ਇੰਗਲੈਂਡ), 9 ਮਈ (ਸੁਖਜਿੰਦਰ ਸਿੰਘ ਢੱਡੇ)–** ਬਰਤਾਨੀਆ ਦੀਆਂ ਸਥਾਨਕ ਅਤੇ ਖੇਤਰੀ ਚੋਣਾਂ ਵਿਚ ਲੇਬਰ ਪਾਰਟੀ ਨੂੰ ਲੱਗੇ ਵੱਡੇ ਝਟਕੇ ਤੋਂ ਬਾਅਦ ਪ੍ਰਧਾਨ ਮੰਤਰੀ ਕੀਰ ਸਟਾਰਮਰ 'ਤੇ ਆਪਣੀ ਹੀ ਪਾਰਟੀ ਦੇ ਸੰਸਦ ਮੈਂਬਰਾਂ ਵੱਲੋਂ ਅਸਤੀਫ਼ੇ ਦਾ ਦਬਾਅ ਲਗਾਤਾਰ ਵਧਦਾ ਜਾ ਰਿਹਾ ਹੈ। ਹਾਲਾਂਕਿ ਸਟਾਰਮਰ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਅਹੁਦਾ ਨਹੀਂ ਛੱਡਣਗੇ ਅਤੇ "ਦੇਸ਼ ਨੂੰ ਅਫ਼ਰਾਤਫ਼ਰੀ ਵਿਚ ਨਹੀਂ ਧੱਕਣਗੇ"। ਉਨ੍ਹਾਂ ਕਿਹਾ ਕਿ ਚੋਣ ਨਤੀਜੇ ਬੇਹੱਦ ਮੁਸ਼ਕਲ ਹਨ ਅਤੇ ਸਰਕਾਰ ਨੂੰ ਲੋਕਾਂ ਵੱਲੋਂ ਦਿੱਤੇ ਸੰਦੇਸ਼ ਨੂੰ ਗੰਭੀਰਤਾ ਨਾਲ ਸਮਝਣਾ ਪਵੇਗਾ। ਸਟਾਰਮਰ ਨੇ ਕਿਹਾ ਕਿ ਹੁਣ ਸਹੀ ਰਾਹ ਪਾਰਟੀ ਨੂੰ ਮੁੜ ਖੜ੍ਹਾ ਕਰਨਾ, ਲੋਕਾਂ ਨੂੰ ਭਵਿੱਖ ਲਈ ਉਮੀਦ ਦੇਣਾ ਅਤੇ ਸਰਕਾਰ ਦੇ ਕੰਮਾਂ ਨੂੰ ਹੋਰ ਸਪੱਸ਼ਟ ਢੰਗ ਨਾਲ ਲੋਕਾਂ ਤੱਕ ਪਹੁੰਚਾਉਣਾ ਹੈ। ਉਨ੍ਹਾਂ ਮੰਨਿਆ ਕਿ ਸਰਕਾਰ ਨੇ ਪਿਛਲੇ ਸਮੇਂ ਦੌਰਾਨ ਕਈ ਜ਼ਰੂਰੀ ਫੈਸਲੇ ਕੀਤੇ, ਜਿਨ੍ਹਾਂ ਵਿਚ ਆਰਥਿਕਤਾ ਨੂੰ ਸੰਭਾਲਣਾ, ਜਨਤਕ ਸੇਵਾਵਾਂ ਵਿਚ ਨਿਵੇਸ਼ ਅਤੇ ਅੰਤਰਰਾਸ਼ਟਰੀ ਮਸਲਿਆਂ ਨਾਲ ਨਜਿੱਠਣਾ ਸ਼ਾਮਲ ਹੈ, ਪਰ ਲੋਕਾਂ ਨੂੰ ਇਹ ਯਕੀਨ ਦਿਵਾਉਣ ਵਿਚ ਕਮੀ ਰਹੀ ਕਿ ਉਨ੍ਹਾਂ ਦੀ ਜ਼ਿੰਦਗੀ ਵਿਚ ਬਦਲਾਅ ਆਵੇਗਾ।

ਇਨ੍ਹਾਂ ਚੋਣਾਂ ਵਿਚ ਲੇਬਰ ਪਾਰਟੀ ਨੇ 1400 ਤੋਂ ਵੱਧ ਕੌਂਸਲ ਸੀਟਾਂ ਗੁਆਈਆਂ ਹਨ। ਇੰਗਲੈਂਡ ਵਿਚ ਪਾਰਟੀ ਕਈ ਕੌਂਸਲਾਂ 'ਤੇ ਆਪਣਾ ਕੰਟਰੋਲ ਗੁਆ ਬੈਠੀ ਹੈ, ਜਦਕਿ ਵੇਲਜ਼ ਵਿਚ ਵੀ ਲੇਬਰ ਦਾ ਲੰਮੇ ਸਮੇਂ ਤੋਂ ਚੱਲਦਾ ਆ ਰਿਹਾ ਦਬਦਬਾ ਟੁੱਟ ਗਿਆ ਹੈ। ਵੇਲਜ਼ ਵਿਚ ਪਲੇਡ ਕਮਰੀ ਸਭ ਤੋਂ ਵੱਡੀ ਪਾਰਟੀ ਵਜੋਂ ਉਭਰੀ ਹੈ, ਜਦਕਿ ਸਕਾਟਲੈਂਡ ਵਿਚ ਐਸ.ਐਨ.ਪੀ. ਸਭ ਤੋਂ ਵੱਡੀ ਪਾਰਟੀ ਰਹੀ, ਪਰ ਬਹੁਮਤ ਹਾਸਲ ਨਹੀਂ ਕਰ ਸਕੀ। ਚੋਣੀ ਹਾਰ ਤੋਂ ਬਾਅਦ ਸਟਾਰਮਰ ਨੇ ਆਪਣੀ ਸਰਕਾਰ ਦੀ ਦਿਸ਼ਾ ਨੂੰ ਮੁੜ ਮਜ਼ਬੂਤ ਕਰਨ ਲਈ ਸਾਬਕਾ ਪ੍ਰਧਾਨ ਮੰਤਰੀ ਗੋਰਡਨ ਬਰਾਊਨ ਨੂੰ ਗਲੋਬਲ ਫਾਇਨੈਂਸ ਲਈ ਵਿਸ਼ੇਸ਼ ਦੂਤ ਨਿਯੁਕਤ ਕੀਤਾ ਹੈ। ਇਸ ਤੋਂ ਇਲਾਵਾ ਸਾਬਕਾ ਡਿਪਟੀ ਲੇਬਰ ਆਗੂ ਹੈਰੀਅਟ ਹਾਰਮਨ ਨੂੰ ਮਹਿਲਾਵਾਂ ਅਤੇ ਕੁੜੀਆਂ ਸਬੰਧੀ ਸਲਾਹਕਾਰ ਬਣਾਇਆ ਗਿਆ ਹੈ।

ਦੋਵੇਂ ਅਹੁਦੇ ਬਿਨਾਂ ਤਨਖਾਹ ਅਤੇ ਅਧਕਾਲੀ ਦੱਸੇ ਜਾ ਰਹੇ ਹਨ। ਸਟਾਰਮਰ ਦਾ ਕਹਿਣਾ ਹੈ ਕਿ ਇਹ ਨਿਯੁਕਤੀਆਂ ਭਵਿੱਖ ਵੱਲ ਦੇਖਣ ਵਾਲੀਆਂ ਹਨ, ਕਿਉਂਕਿ ਦੇਸ਼ ਨੂੰ ਆਰਥਿਕ, ਸੁਰੱਖਿਆ ਅਤੇ ਸਮਾਜਿਕ ਮੋਰਚਿਆਂ 'ਤੇ ਮਜ਼ਬੂਤ ਕਰਨ ਦੀ ਲੋੜ ਹੈ।

ਪਰ ਲੇਬਰ ਪਾਰਟੀ ਦੇ ਅੰਦਰੋਂ ਹੀ ਇਨ੍ਹਾਂ ਨਿਯੁਕਤੀਆਂ 'ਤੇ ਨਾਰਾਜ਼ਗੀ ਸਾਹਮਣੇ ਆ ਰਹੀ ਹੈ। ਕੁਝ ਸੰਸਦ ਮੈਂਬਰਾਂ ਨੇ ਕਿਹਾ ਹੈ ਕਿ ਪੁਰਾਣੇ ਆਗੂਆਂ ਨੂੰ ਵਾਪਸ ਲਿਆਉਣਾ ਕੋਈ ਵੱਡਾ ਬਦਲਾਅ ਨਹੀਂ ਹੈ। ਕੁਝ ਨੇ ਇਸ ਨੂੰ "ਪੁਰਾਣੇ ਸਮੇਂ ਵੱਲ ਵਾਪਸੀ" ਦੱਸਿਆ ਹੈ, ਜਦਕਿ ਹੋਰਨਾਂ ਨੇ ਕਿਹਾ ਕਿ ਪਾਰਟੀ ਨੂੰ ਹੁਣ ਨਵੀਂ ਦਿਸ਼ਾ, ਨਵੀਆਂ ਨੀਤੀਆਂ ਅਤੇ ਮਜ਼ਬੂਤ ਨੇਤ੍ਰਿਤਵ ਦੀ ਲੋੜ ਹੈ। ਕਈ ਲੇਬਰ ਸੰਸਦ ਮੈਂਬਰ ਖੁੱਲ੍ਹ ਕੇ ਕਹਿ ਰਹੇ ਹਨ ਕਿ ਸਟਾਰਮਰ ਨੂੰ ਅਹੁਦਾ ਛੱਡ ਦੇਣਾ ਚਾਹੀਦਾ ਹੈ ਜਾਂ ਨਵੀਂ ਅਗਵਾਈ ਲਈ ਸਮਾਂ-ਸੀਮਾ ਤੈਅ ਕਰਨੀ ਚਾਹੀਦੀ ਹੈ।

ਦੂਜੇ ਪਾਸੇ ਰੀਫਾਰਮ ਯੂਕੇ ਨੇ ਇਨ੍ਹਾਂ ਚੋਣਾਂ ਵਿਚ ਵੱਡੀ ਚੜ੍ਹਤ ਦਰਜ ਕੀਤੀ ਹੈ। ਨਾਈਜਲ ਫਰਾਜ ਦੀ ਅਗਵਾਈ ਵਾਲੀ ਪਾਰਟੀ ਨੇ ਇੰਗਲੈਂਡ ਵਿਚ ਕਈ ਕੌਂਸਲ ਸੀਟਾਂ ਜਿੱਤ ਕੇ ਲੇਬਰ ਅਤੇ ਕਨਜ਼ਰਵੇ-ਟਿਵ ਦੋਹਾਂ ਪਾਰਟੀਆਂ ਨੂੰ ਵੱਡਾ ਝਟਕਾ ਦਿੱਤਾ ਹੈ। ਰੀਫਾਰਮ ਯੂਕੇ ਦੀ ਇਸ ਕਾਮਯਾਬੀ ਨੂੰ ਬਰਤਾਨਵੀ ਰਾਜਨੀਤੀ ਵਿਚ ਵੱਡੀ ਤਬਦੀਲੀ ਵਜੋਂ ਦੇਖਿਆ ਜਾ ਰਿਹਾ ਹੈ।

ਵੇਲਜ਼ ਵਿਚ ਪਲੇਡ ਕਮਰੀ ਦੀ ਜਿੱਤ ਨੂੰ ਇਤਿਹਾਸਕ ਮੰਨਿਆ ਜਾ ਰਿਹਾ ਹੈ। ਪਾਰਟੀ ਆਗੂ ਰੂਨ ਐਪ ਇਓਰਵਰਥ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਸਾਰੇ ਵੇਲਜ਼ ਦੀ ਸੇਵਾ ਕਰੇਗੀ, ਭਾਵੇਂ ਲੋਕਾਂ ਨੇ ਉਨ੍ਹਾਂ ਨੂੰ ਵੋਟ ਦਿੱਤੀ ਹੋਵੇ ਜਾਂ ਨਹੀਂ। ਪਾਰਟੀ ਨੇ ਘੱਟ ਗਿਣਤੀ ਸਰਕਾਰ ਬਣਾਉਣ ਦੀ ਇੱਛਾ ਜਤਾਈ ਹੈ ਅਤੇ ਹੋਰ ਪਾਰਟੀਆਂ ਨਾਲ ਮਸਲੇ-ਮਸਲੇ 'ਤੇ ਸਹਿਯੋਗ ਕਰਨ ਦੀ ਗੱਲ ਕੀਤੀ ਹੈ। ਗ੍ਰੀਨ ਪਾਰਟੀ ਨੇ ਵੀ ਵੇਲਜ਼ ਵਿਚ ਪਲੇਡ ਕਮਰੀ ਨਾਲ ਗੱਲਬਾਤ ਲਈ ਖੁੱਲ੍ਹਾਪਣ ਦਿਖਾਇਆ ਹੈ।

ਸਕਾਟਲੈਂਡ ਵਿਚ ਐਸ.ਐਨ.ਪੀ. ਨੇ ਫਿਰ ਸਭ ਤੋਂ ਵੱਡੀ ਪਾਰਟੀ ਵਜੋਂ ਆਪਣੀ ਸਥਿਤੀ ਕਾਇਮ ਰੱਖੀ। ਪਹਿਲੇ ਮੰਤਰੀ ਜੌਨ ਸਵਿਨੀ ਨੇ ਨਤੀਜਿਆਂ 'ਤੇ ਖੁਸ਼ੀ ਜਤਾਈ ਅਤੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਨੇ ਲੇਬਰ ਨੂੰ ਸਕਾਟਲੈਂਡ ਵਿਚ ਕਰਾਰਾ ਜਵਾਬ ਦਿੱਤਾ ਹੈ। ਹਾਲਾਂਕਿ ਐਸ.ਐਨ.ਪੀ. ਨੂੰ ਪੂਰਾ ਬਹੁਮਤ ਨਹੀਂ ਮਿਲਿਆ, ਪਰ ਸਕਾਟਿਸ਼ ਸੰਸਦ ਵਿਚ ਆਜ਼ਾਦੀ ਪੱਖੀ ਮੈਂਬਰਾਂ ਦੀ ਗਿਣਤੀ ਵਧਣ ਕਾਰਨ ਭਵਿੱਖ ਵਿਚ ਆਜ਼ਾਦੀ ਰੈਫਰੈਂਡਮ ਦੀ ਮੰਗ ਮੁੜ ਜ਼ੋਰ ਫੜ ਸਕਦੀ ਹੈ। ਲਿਬਰਲ ਡੈਮੋਕ੍ਰੈਟਸ ਨੇ ਵੀ ਸਕਾਟਲੈਂਡ ਵਿਚ ਆਪਣੀ ਕਾਰਗੁਜ਼ਾਰੀ 'ਤੇ ਖੁਸ਼ੀ ਜਤਾਈ ਹੈ। ਪਾਰਟੀ ਆਗੂ ਐਡ ਡੇਵੀ ਨੇ ਕਿਹਾ ਕਿ ਲਿਬ ਡੈਮਜ਼ ਨੇ ਸਕਾਟਲੈਂਡ ਵਿਚ ਆਪਣੀ "ਮੋਜੋ" ਮੁੜ ਹਾਸਲ ਕਰ ਲਈ ਹੈ। ਉਨ੍ਹਾਂ ਐਸ.ਐਨ.ਪੀ. ਨੂੰ ਚੇਤਾਵਨੀ ਦਿੱਤੀ ਕਿ ਲੋਕਾਂ ਦੀਆਂ ਰੋਜ਼ਾਨਾ ਮੁਸ਼ਕਲਾਂ, ਜਿਵੇਂ ਖਰਚਿਆਂ ਦਾ ਬੋਝ, ਸਿਹਤ ਸੇਵਾਵਾਂ ਅਤੇ ਊਰਜਾ ਬਿੱਲ, ਇਸ ਸਮੇਂ ਆਜ਼ਾਦੀ ਰੈਫਰੈਂਡਮ ਨਾਲੋਂ ਵੱਧ ਮਹੱਤਵਪੂਰਨ ਹਨ। ਇਨ੍ਹਾਂ ਚੋਣ ਨਤੀਜਿਆਂ ਨੇ ਬਰਤਾਨੀਆ ਦੀ ਰਾਜਨੀਤੀ ਵਿਚ ਵੱਡੀ ਹਲਚਲ ਪੈਦਾ ਕਰ ਦਿੱਤੀ ਹੈ। ਲੇਬਰ ਲਈ ਇਹ ਨਤੀਜੇ ਸਿਰਫ਼ ਚੋਣੀ ਹਾਰ ਨਹੀਂ, ਸਗੋਂ ਪਾਰਟੀ ਦੀ ਦਿਸ਼ਾ ਅਤੇ ਨੇਤ੍ਰਿਤਵ ਬਾਰੇ ਵੱਡਾ ਸਵਾਲ ਬਣ ਗਏ ਹਨ। ਹੁਣ ਸਭ ਦੀਆਂ ਨਜ਼ਰਾਂ ਸਟਾਰਮਰ ਦੇ ਅਗਲੇ ਕਦਮਾਂ 'ਤੇ ਟਿਕੀਆਂ ਹੋਈਆਂ ਹਨ ਕਿ ਉਹ ਪਾਰਟੀ ਅੰਦਰ ਵਧ ਰਹੀ ਨਾਰਾਜ਼ਗੀ ਨੂੰ ਕਿਵੇਂ ਸੰਭਾਲਦੇ ਹਨ ਅਤੇ ਲੋਕਾਂ ਵਿਚ ਮੁੜ ਭਰੋਸਾ ਕਿਵੇਂ ਬਣਾਉਂਦੇ ਹਨ।

# ਇਨਕਲਾਬੀ ਸੰਗਠਨਾਂ ਵਲੋਂ ਪ੍ਰੋਫ਼ੈਸਰ ਵੜੈਚ ਨੂੰ ਦਿੱਤੀ ਗਈ ਸ਼ਰਧਾਂਜਲੀ





**ਮਾਨਸਾ, 9 ਮਈ (ਜਸਵੰਤ ਗਿੱਲ)** ਸੀਪੀਆਈ ਐਮ ਐਲ ਲਿਬਰੇਸ਼ਨ, ਰੈਡੀਕਲ ਪੀਪਲਜ਼ ਫੋਰਮ, ਪ੍ਰਗਤੀਸ਼ੀਲ ਇਸਤਰੀ ਸਭਾ, ਮਜ਼ਦੂਰ ਮੁਕਤੀ ਮੋਰਚਾ ਪੰਜਾਬ, ਆਇਸਾ ਅਤੇ ਇਨਕਲਾਬੀ ਨੌਜਵਾਨ ਸਭਾ ਵਲੋਂ ਅੱਜ ਸਦੀਵੀ ਵਿਛੋੜਾ ਦੇ ਗਏ ਦੇਸ਼ ਦੇ ਆਜ਼ਾਦੀ ਸੰਗਰਾਮ ਦੌਰਾਨ ਉਠੀਆਂ ਇਨਕਲਾਬੀ ਲਹਿਰਾਂ ਦੇ ਇਤਿਹਾਸ ਦੇ ਅਣਥੱਕ ਖੋਜੀ ਅਤੇ ਉਘੇ ਇਤਿਹਾਸਕਾਰ ਪ੍ਰੋਫ਼ੈਸਰ ਮਲਵਿੰਦਰ ਜੀਤ ਸਿੰਘ ਵੜੈਚ ਨੂੰ ਸ਼ਰਧਾਂਜਲੀ ਭੇਂਟ ਕੀਤੀ ਹੈ। ਇੰਨਾਂ ਸੰਗਠਨਾਂ ਦੇ ਆਗੂਆਂ ਕਾਮਰੇਡ ਨਛੱਤਰ ਸਿੰਘ ਖੀਵਾ, ਸੁਖਦਰਸ਼ਨ ਸਿੰਘ ਨੱਤ, ਬਲਵਿੰਦਰ ਸਿੰਘ ਘਰਾਂਗਣਾ, ਜਸਬੀਰ ਕੌਰ ਨੱਤ, ਸੁਖਜੀਤ ਰਾਮਾਨੰਦੀ ਅਤੇ ਹੈਪੀ ਮਾਨ ਨੇ ਵਿਛੜ ਗਏ ਵਿਦਵਾਨ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਅਪਣੇ ਆਪ ਨੂੰ 'ਗਦਰੀ ਬਾਬਿਆਂ ਦਾ ਮੁਨਸ਼ੀ' ਕਹਿਣ ਵਾਲੇ ਪ੍ਰੋਫੈਸਰ ਵੜੈਚ - ਜਿੰਨਾਂ ਕਰੀਬ ਤੀਹ ਸਾਲ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਲੁਧਿਆਣਾ ਵਿਖੇ ਪੜ੍ਹਾਇਆ - ਨੇ ਡੂੰਘੀ ਖੋਜ ਤੋਂ ਬਾਅਦ ਇਨਕਲਾਬੀ ਲਹਿਰਾਂ ਬਾਰੇ ਤੀਹ ਤੋਂ ਵੱਧ ਕਿਤਾਬਾਂ ਲਿਖੀਆਂ। ਖਾਸ ਕਰਕੇ ਉਨ੍ਹਾਂ ਬੜੇ ਤਰਦੱਦ ਨਾਲ ਲਾਹੌਰ ਹਾਈਕੋਰਟ ਤੋਂ ਫਾਇਲਾਂ ਤੇ ਫੈਸਲਿਆਂ ਦੀ ਨਕਲਾਂ ਮੰਗਵਾ ਕੇ ਲਾਹੌਰ ਸਾਜ਼ਿਸ਼ ਕੇਸ - 1 ਅਤੇ ਲਾਹੋਰ ਸਾਜ਼ਿਸ਼ ਕੇਸ - 2 ਬਾਰੇ ਵੱਡ ਆਕਾਰੀ ਪ੍ਰਮਾਣਿਕ ਤੇ ਦਸਤਾਵੇਜ਼ੀ ਕਿਤਾਬਾਂ ਸੰਪਾਦਤ ਕੀਤੀਆਂ, ਜੋ ਬਹੁਤ ਅਹਿਮ ਹਵਾਲਾ ਪੁਸਤਕਾਂ ਹਨ। ਅੱਜ 96 ਸਾਲ ਦੀ ਉਮਰੇ ਉਨ੍ਹਾਂ ਵਲੋਂ ਸਦੀਵੀ ਵਿਛੋੜਾ ਦੇ ਜਾਣ ਨਾਲ ਸਾਥੋਂ ਇਕ ਮਿਹਨਤੀ ਤੇ ਇਮਾਨਦਾਰ ਖੋਜੀ ਵਿਦ-ਵਾਨ ਖੁਸ ਗਿਆ ਹੈ।

# ਪਿੰਡ ਈਸਪੁਰ ਵਿੱਚ ਖਾਲਸਾ ਕਾਲਜ ਮਾਹਿਲਪੁਰ ਦੇ ਦਾਖ਼ਲਾ ਕੇਂਦਰ ਦਾ ਉਦਘਾਟਨ



**ਹੁਸ਼ਿਆਰਪੁਰ / ਮਾਹਿਲਪੁਰ, 9 ਮਈ ( ਤਰਸੇਮ ਦੀਵਾਨਾ )** - ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਵੱਲੋਂ ਨਵੇਂ ਸੈਸ਼ਨ 2026-27 ਵਿੱਚ ਦਾਖ਼ਲੇ ਸਬੰਧੀ ਖੇਤਰ ਦੇ ਪਿੰਡ ਈਸਪੁਰ ਵਿੱਚ ਵਿਦਿਆਰਥੀਆਂ ਦੀ ਕਰੀਅਰ ਸੇਧ ਅਤੇ ਕਾਉਂਸਲਿੰਗ ਦੀ ਸਹੂਲਤ ਲਈ ਅੱਜ ਵਿਸ਼ੇਸ਼ ਦਾਖ਼ਲਾ ਕੇਂਦਰ ਖੋਲ੍ਹਿਆ ਗਿਆ। ਇਸ ਮੌਕੇ ਪਿੰਡ ਈਸਪੁਰ ਦੇ ਸਰਪੰਚ ਹਰਨੇਕ ਸਿੰਘ ਨੇ ਸਰਪੰਚ ਗੁਰਮੇਲ ਸਿੰਘ ਪੰਡੋਰੀ, ਸਰਪੰਚ ਕੁਸ਼ਲ ਕੁਮਾਰ ਅਤੇ ਪ੍ਰਿੰਸੀਪਲ ਡਾ ਪਰਵਿੰਦਰ ਸਿੰਘ ਦੀ ਹਾਜ਼ਰੀ ਵਿੱਚ ਇਸ ਦਾਖ਼ਲਾ ਕੇਂਦਰ ਦਾ ਉਦਘਾਟਨ ਕੀਤਾ। ਇਸ ਮੌਕੇ ਪ੍ਰਿੰਸੀਪਲ ਪਰਵਿੰਦਰ ਸਿੰਘ ਨੇ ਕਿਹਾ ਕਿ ਇਸ ਇਲਾਕੇ ਤੋਂ ਹਰ ਸਾਲ ਵੱਡੀ ਗਿਣਤੀ ਵਿੱਚ ਵਿਦਿਆਰਥੀ ਉਚੇਰੀ ਸਿੱਖਿਆ ਲਈ ਖਾਲਸਾ ਕਾਲਜ ਪੁੱਜਦੇ ਹਨ। ਉਨ੍ਹਾਂ ਕਿਹਾ ਕਿ ਇਹ ਦਾਖਲਾ ਕੇਂਦਰ ਵਿਦਿਅਰਥੀਆਂ ਨੂੰ ਕਰੀਅਰ ਸੇਧ ਦੇਣ ਵਿਚ ਵੱਡਾ ਸਹਾਇਕ ਹੋਵੇਗਾ। ਉਨ੍ਹਾਂ ਕਾਲਜ ਵਿੱਚ ਨਵੇਂ ਸ਼ੁਰੂ ਹੋ ਰਹੇ ਕੋਰਸਾਂ ਬਾਰੇ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਕਾਲਜ ਵਿਚ ਲੋੜਵੰਦ ਅਤੇ ਹੁਸ਼ਿਆਰ ਵਿਦਿਆਰਥੀਆਂ ਦੀ ਵਿਸ਼ੇਸ਼ ਆਰਥਿਕ ਮਦਦ, ਵੱਖ-ਵੱਖ ਵਜ਼ੀਫਾ ਰਾਸ਼ੀਆਂ ਸਮੇਤ ਆਧੁਨਿਕ ਸਹੂਲਤਾਂ ਵਿਦਿਆਰਥੀਆਂ ਦੇ ਰੌਸ਼ਨ ਭਵਿੱਖ ਲਈ ਮਦਦਗਾਰ ਹੋ ਰਹੀਆਂ ਹਨ ਜਿਸਦਾ ਵੱਧ ਤੋਂ ਵੱਧ ਲਾਭ ਲੈਣਾ ਚਾਹੀਦਾ ਹੈ। ਉਨ੍ਹਾਂ ਇਲਾਕੇ ਦੇ ਵਿਦਿਆਰਥੀਆ ਨੂੰ ਇਸ ਦਾਖ਼ਲਾ ਕੇਂਦਰ ਵਿੱਚ ਆ ਕੇ ਆਪਣੀ ਚੋਣ ਅਨੁਸਾਰ ਵੱਖ-ਵੱਖ ਕੋਰਸਾਂ ਸਬੰਧੀ ਜਾਣਕਾਰੀ ਲੈਣ ਦੀ ਅਪੀਲ ਕੀਤੀ। ਇਸ ਮੌਕੇ ਸਰਪੰਚ ਹਰਨੇਕ ਸਿੰਘ ਅਤੇ ਹੋਰ ਮੋਹਤਬਰ ਸ਼ਖ਼ਸੀਅਤਾਂ ਨੇ ਹਰ ਤਰਾਂ ਦੇ ਸਹਿਯੋਗ ਦਾ ਭਰੋਸਾ ਦਿੱਤਾ। ਇਸ ਮੌਕੇ ਮੈਂਬਰ ਪੰਚਾਇਤ ਕੁਲਵਰਨ ਸਿੰਘ, ਹਰਭਜਨ ਸਿੰਘ, ਅਮਰਜੀਤ ਸਿੰਘ ਪੰਡੋਰੀ ਗੰਗਾ ਸਿੰਘ, ਦਾਖਲਾ ਕਮੇਟੀ ਦੇ ਕਨਵੀਨਰ ਡਾ ਵਰਿੰਦਰ ਆਜ਼ਾਦ ਸਮੇਤ ਕਾਲਜ ਦਾ ਸਟਾਫ ਅਤੇ ਪਿੰਡ ਵਾਸੀ ਹਾਜ਼ਰ ਸਨ।

# ਜ਼ਿਲ੍ਹਾ ਕੋਰਟ ਕੰਪਲੈਕਸ, ਸ.ਭ.ਸ ਨਗਰ ਵਿਖੇ ਲੱਗੀ ਕੌਮੀ ਲੋਕ ਅਦਾਲਤ ਵਿੱਚ 10756 ਕੇਸਾਂ ਦਾ ਕੀਤਾ ਨਿਪਟਾਰਾ

## 09 ਬੈਚਾਂ ਵੱਲੋਂ 10 ਕਰੋੜ 54 ਲੱਖ 42 ਹਜ਼ਾਰ 8 ਸੌ 71 ਰੁਪਏ ਦੇ ਅਵਾਰਡ ਸੁਣਾਏ ਗਏ



**ਨਵਾਂਸ਼ਹਿਰ 9 ਮਈ (ਜਤਿੰਦਰ ਪਾਲ ਸਿੰਘ ਕਲੇਰ )** ਨੈਸ਼ਨਲ ਲੀਗਲ ਸਰਵਿਸਜ਼ ਅਥਾਰਟੀ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ. ਏ. ਐਸ. ਨਗਰ ਜੀਆਂ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਜਿਲ੍ਹਾਂ ਅਤੇ ਸ਼ੈਸਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾਂ ਕਾਨੂੰਨੀ ਸੇਵਾਵਾਂ ਅਥਾਰਟੀ, ਸ਼ਹੀਦ ਭਗਤ ਸਿੰਘ ਨਗਰ ਸ੍ਰੀ ਜਤਿੰਦਰ ਪਾਲ ਸਿੰਘ ਖੁਰਮੀ ਜੀਆਂ ਦੀ ਅਗਵਾਈ ਹੇਠ ਅਤੇ ਸਿਵਲ ਜੱਜ ( ਸ ੀ ਨ ੀ ਅ ਰ ਡਿਵੀਜਨ)- ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ਼ਹੀਦ ਭਗਤ ਸਿੰਘ ਨਗਰ ਡਾ. ਅਮਨਦੀਪ ਜੀਆਂ ਦੀ ਦੇਖ-ਰੇਖ ਹੇਠ ਜ਼ਿਲ੍ਹਾਂ ਕੋਰਟ ਕੰਪਲੈਕਸ, ਸ.ਭ.ਸ ਨਗਰ ਵਿਖੇ ਮਿਤੀ 09.05.2026 ਨੂੰ ਕੌਮੀ ਲੋਕ ਅਦਾਲਤ ਲਗਾਈ ਗਈ। ਇਸ ਮੌਕੇ ਜਿਲ੍ਹਾਂ ਅਤੇ ਸ਼ੈਸਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾਂ ਕਾਨੂੰਨੀ ਸੇਵਾਵਾਂ ਅਥਾਰਟੀ ਸ੍ਰੀ ਜਤਿੰਦਰ ਪਾਲ ਸਿੰਘ ਖੁਰਮੀ ਜੀਆਂ ਵੱਲੋਂ ਕੌਮੀ ਲੋਕ ਅਦਾਲਤ ਦੇ ਸਾਰੇ ਬੈਂਚਾਂ ਦਾ ਜ਼ਾਇਜਾ ਲਿਆ ਗਿਆ ਇਸ ਕੌਮੀ ਨੈਸ਼ਨਲ ਅਦਾਲਤ ਦੌਰਾਨ ਲਗਾਏ ਗਏ 09 ਬੈਚਾਂ ਵੱਲੋ ਵੱਖ ਵੱਖ ਤਰ੍ਹਾਂ ਦੇ 11245 ਕੇਸਾਂ ਵਿੱਚੋਂ 10756 ਕੇਸਾਂ ਦਾ ਦੋਵਾਂ ਧਿਰਾਂ ਦੀ ਆਪਸੀ ਸਹਿਮਤੀ ਨਾਲ ਮੌਕੇ ਤੇ ਨਿਪਟਾਰਾ ਕਰਦਿਆ 10 ਕਰੋੜ 54 ਲੱਖ 42 ਹਜ਼ਾਰ 8 ਸੌ 71 ਰੁਪਏ ਦੇ ਅਵਾਰਡ ਸੁਣਾਏ ਗਏ । ਇਹ ਜਾਣਕਾਰੀ ਦੇਂਦਿਆ ਹੋਇਆ ਜਿਲ੍ਹਾਂ ਅਤੇ ਸ਼ੈਸਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾਂ ਕਾਨੂੰਨੀ ਸੇਵਾਵਾਂ ਅਥਾਰਟੀ, ਸ਼ਹੀਦ ਭਗਤ ਸਿੰਘ ਨਗਰ ਸ੍ਰੀ ਜਤਿੰਦਰ ਪਾਲ ਸਿੰਘ ਖੁਰਮੀ ਵੱਲੋ ਦੱਸਿਆ ਕਿ ਇਸ ਨੈਸ਼ਨਲ ਲੋਕ ਅਦਾਲਤ ਦੌਰਾਨ ਵੱਖ-ਵੱਖ ਕੇਸਾਂ ਦੀ ਸੁਣਵਾਈ ਲਈ ਜ਼ਿਲ੍ਹਾਂ ਕੋਰਟ ਕੰਪਲੈਕਸ, ਸ਼ਹੀਦ ਭਗਤ ਸਿੰਘ ਨਗਰ ਪੱਧਰ ਤੇ 09 ਬੈਂਚ ਲਗਾਏ ਗਏ ਸਨ । ਇਸ ਨੈਸ਼ਨਲ ਲੋਕ ਅਦਾਲਤ ਦੌਰਾਨ ਚੇਅਰਮੈਨ ਸਥਾਈ ਲੋਕ ਅਦਾਲਤ (ਜਨ-ਉਪਯੋਗੀ ਸੇਵਾਵਾਂ) ਸ਼੍ਰੀ ਅਸ਼ੋਕ ਕਪੂਰ, ਪ੍ਰਿੰਸੀਪਲ ਜੱਜ, ਫੈਮਿਲੀ ਕੋਰਟ, ਸ਼ਹੀਦ ਭਗਤ ਸਿੰਘ ਨਗਰ ਸ. ਬਲਜਿੰਦਰ ਸਿੰਘ ਮਾਨ, ਵਧੀਕ ਜ਼ਿਲ੍ਹਾਂ ਅਤੇ ਸੈਸ਼ਨ ਜੱਜ-1 ਮਿਸ. ਅਪਰਾਜਿਤਾ ਜੋਸ਼ੀ, ਵਧੀਕ ਜ਼ਿਲ੍ਹਾਂ ਅਤੇ ਸੈਸ਼ਨ ਜੱਜ ਡਾ. ਗਗਨਦੀਪ ਕੌਰ, ਸਿਵਲ ਜੱਜ (ਸੀਨੀਅਰ ਡਿਵੀਜਨ), ਮਿਸ ਪਰਵਿੰਦਰ ਕੌਰ, ਸੀ.ਜੇ.ਐਮ ਮਹੇਸ਼ ਕੁਮਾਰ, ਵਧੀਕ ਸਿਵਲ ਜੱਜ (ਸੀਨੀਅਰ ਡੀਵੀਜ਼ਨ) ਰਵੀ ਪਾਲ ਸਿੰਘ ਭਾਰਦਵਾਜ, ਸਿਵਲ ਜੱਜ ( ਜੂਨੀਅਰ ਡੀਵੀਜ਼ਨ) ਮਿਸ ਤੁਸ਼ਾਰ ਕੌਰ ਥਿੰਦ, ਸਿਵਲ ਜੱਜ ( ਜੂਨੀਅਰ ਡੀਵੀਜ਼ਨ) ਤਰਨਦੀਪ ਕੌਰ ਜੀਆਂ ਦੀਆਂ ਅਦਾਲਤਾਂ ਵੱਲੋ ਇਸ ਕੌਮੀ ਲੋਕ ਅਦਾਲਤ ਵਿੱਚ ਲੱਗੇ ਵੱਖ-ਵੱਖ ਤਰ੍ਹਾਂ ਦੇ ਕੇਸਾਂ ਦਾ ਦੋਵੇ ਧਿਰਾਂ ਦਾ ਆਪਸੀ ਸਹਿਮਤੀ ਨਾਲ ਨਿਪਟਾਰਾ ਕੀਤਾ ਗਿਆ ਅਤੇ ਇਸ ਤੋਂ ਇਲਾਵਾ ਇਨ੍ਹਾਂ ਬੈਚਾਂ ਦੇ ਨਾਲ ਮੈਂਬਰ ਦੇ ਤੌਰ ਐਡਵੋਕੇਟਜ਼, ਐਨ.ਜੀ.ਓ ਮੈਬਰ ਸ਼ਾਮਲ ਸਨ । ਇਸ ਮੌਕੇ ਜਿਲ੍ਹਾਂ ਅਤੇ ਸ਼ੈਸਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾਂ ਕਾਨੂੰਨੀ ਸੇਵਾਵਾਂ ਅਥਾਰਟੀ, ਸ਼ਹੀਦ ਭਗਤ ਸਿੰਘ ਨਗਰ ਸ੍ਰੀ ਜਤਿੰਦਰ ਪਾਲ ਸਿੰਘ ਖੁਰਮੀ ਵੱਲੋ ਦੱਸਿਆ ਕਿ ਇਸ ਕੌਮੀ ਲੋਕ ਅਦਾਲਤ ਦਾ ਮੁੱਖ ਮਕਸਦ ਦੋਵਾਂ ਧਿਰਾਂ ਦਾ ਆਪਸੀ ਸਮਝੌਤੇ ਅਤੇ ਰਾਜੀਨਾਮੇ ਰਾਹੀ ਅਦਾਲਤੀ ਕੇਸਾਂ ਦਾ ਫੈਸਲਾ ਕਰਵਾਉਣਾ ਹੈ ਤਾਂ ਜੋ ਸਬੰਧਤ ਧਿਰਾਂ ਦਾ ਧਨ ਅਤੇ ਸਮਾਂ ਬਚਾਉਣ ਦੇ ਨਾਲ ਨਾਲ ਉਨ੍ਹਾਂ ਦੀ ਆਪਸੀ ਦੁਸ਼ਮਣੀ ਵੀ ਘਟਾਈ ਜਾ ਸਕੇ ਤੇ ਲੋਕਾਂ ਵਿੱਚ ਆਪਸੀ ਭਾਈਚਾਰੇ ਵਿੱਚ ਪਿਆਰ ਬਣਿਆ ਰਹੇ । ਉਹਨ੍ਹਾਂ ਕਿਹਾ ਕਿ ਆਮ ਲੋਕਾਂ ਨੂੰ ਇਸ ਤਰਾਂ ਦੀਆਂ ਸਮੇ-ਸਮੇ ਤੇ ਲੱਗ ਰਹੀਆ ਲੋਕ ਅਦਾਲਤਾਂ ਦਾ ਵੱਧ ਤੋ ਵੱਧ ਲਾਭ ਲੈਣਾ ਚਾਹੀਦਾ ਹੈ ।

# ਜਨਗਣਨਾ ਫਾਰਮ ਵਿੱਚ ਗੈਰ-ਸੰਵਿਧਾਨਕ ਸ਼ਬਦਾਂ ਦੀ ਵਰਤੋਂ ਕਰਨ ਵਾਲੇ ਅਧਿਕਾਰੀਆਂ 'ਤੇ ਤੁਰੰਤ ਹੋਵੇ ਐਫ ਆਈ ਆਰ ਦਰਜ : ਬੇਗਮਪੁਰਾ ਟਾਈਗਰ ਫੋਰਸ

## ਬਾਬਾ ਸਾਹਿਬ ਅੰਬੇਡਕਰ ਜੀ ਦੇ ਲਿਖੇ ਸੰਵਿਧਾਨ ਨੇ ਸਾਨੂੰ ਸਭ ਨੂੰ ਸਨਮਾਨ ਨਾਲ ਜਿਉਣ ਦਾ ਹੱਕ ਦਿੱਤਾ ਹੈ : ਠਰੋਲੀ, ਜੌਲੀ,ਹੈਪੀ

**ਹੁਸ਼ਿਆਰਪੁਰ 9 ਮਈ (ਤਰਸੇਮ ਦੀਵਾਨਾ )** – ਬੇਗਮਪੁਰਾ ਟਾਈਗਰ ਫੋਰਸ ਦੇ ਪੰਜਾਬ ਪ੍ਰਧਾਨ ਬੀਰਪਾਲ ਠਰੋਲੀ, ਜਸਵਿੰਦਰ ਸਿੰਘ ਜੌਲੀ ਪੰਜਾਬ ਪ੍ਰਧਾਨ ਯੂਨਾਈਟਿਡ ਅੰਬੇਡਕਰ ਸੈਨਾ ਪੰਜਾਬ, ਹੈਪੀ ਫਤਹਿਗੜ੍ਹ ਜਿਲ੍ਹਾ ਪ੍ਰਧਾਨ ਬੇਗਮਪੁਰਾ ਟਾਈਗਰ ਫੋਰਸ, ਅਮਨਦੀਪ ਕੌਂਡਲ, ਬਿਸ਼ਨ ਪਾਲ ਠਰੋਲੀ, ਮੋਹਿਤ ਬੱਧਣ, ਰੋਹਿਤ ਬੱਧਣ, ਢਿੱਲੋਂ,ਆਦਿ ਨੇ ਜਨਗਣਨਾ ਫਾਰਮ ਤਿਆਰ ਕਰਨ ਵਾਲੇ ਅਧਿਕਾਰੀਆਂ ਵਿਰੁੱਧ ਸਖ਼ਤ ਰੁਖ ਅਖਤਿਆਰ ਕਰਦਿਆਂ ਸਰਕਾਰ ਤੋਂ ਮੰਗ ਕੀਤੀ ਹੈ ਕਿ ਅਨੁਸੂਚਿਤ ਜਾਤੀ ਦੇ ਕਾਲਮ ਵਿੱਚ ਗੈਰ-ਸੰਵਿਧਾਨਕ ਸ਼ਬਦਾਂ ਦੀ ਵਰਤੋਂ ਕਰਨ ਵਾਲੇ ਜ਼ਿੰਮੇਵਾਰ ਅਫਸਰਾਂ 'ਤੇ ਐਸਸੀ ਐਸਟੀ ਐਕਟ ਦੇ ਤਹਿਤ ਤੁਰੰਤ ਐਫ.ਆਈ.ਆਰ (ਢੀ੍) ਦਰਜ ਕੀਤੀ ਜਾਵੇ। ਆਗੂਆਂ ਨੇ ਕਿਹਾ ਕਿ ਜਨਗਣਨਾ ਦੇ ਫਾਰਮਾਂ ਵਿੱਚ ਅਨੁਸੂਚਿਤ ਜਾਤੀ ਵਰਗ ਲਈ ਵਰਤੇ ਗਏ ਕੁਝ ਸ਼ਬਦ ਸੰਵਿਧਾਨ ਦੀ ਮਰਿਆਦਾ ਦੇ ਖਿਲਾਫ ਹਨ। ਉਨ੍ਹਾਂ ਕਿਹਾ ਕਿ ਅਜਿਹੀ



ਸ਼ਬਦਾਵਲੀ ਐਸਸੀ ਸਮਾਜ ਦੇ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਇਹ ਕੋਈ ਅਣਜਾਣੇ ਵਿੱਚ ਹੋਈ ਗਲਤੀ ਨਹੀਂ, ਸਗੋਂ ਇੱਕ ਸੋਚੀ-ਸਮਝੀ ਸਾਜ਼ਿਸ਼ ਪ੍ਰਤੀਤ ਹੁੰਦੀ ਹੈ। ਇਸ ਲਈ ਫਾਰਮ ਤਿਆਰ ਕਰਨ ਵਾਲੇ ਉੱਚ ਅਧਿਕਾਰੀਆਂ 'ਤੇ ਬਣਦੀਆਂ ਕਾਨੂੰਨੀ ਧਾਰਾਵਾਂ ਤਹਿਤ ਕੇਸ ਦਰਜ ਹੋਣਾ ਚਾਹੀਦਾ ਹੈ। ਆਗੂਆਂ ਨੇ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਇਨ੍ਹਾਂ ਗੈਰ-ਸੰਵਿਧਾਨਕ ਸ਼ਬਦਾਂ ਨੂੰ ਤੁਰੰਤ ਫਾਰਮਾਂ ਵਿੱਚੋਂ ਹਟਾਇਆ ਜਾਵੇ ਅਤੇ ਸੰਵਿਧਾਨ ਅਨੁਸਾਰ ਸਹੀ ਸ਼ਬਦਾਵਲੀ ਦੀ ਵਰਤੋਂ ਯਕੀਨੀ ਬਣਾਈ ਜਾਵੇ। ਉਹਨਾਂ ਕਿਹਾ ਕਿ ਸੰਵਿਧਾਨ ਨੇ ਸਾਨੂੰ ਸਨਮਾਨ ਨਾਲ ਜਿਉਣ ਦਾ ਹੱਕ ਦਿੱਤਾ ਹੈ, ਪਰ ਕੁਝ ਅਧਿਕਾਰੀ ਆਪਣੀ ਮਾਨਸਿਕਤਾ ਕਾਰਨ ਐਸਸੀ ਵਰਗ ਲਈ ਗਲਤ ਸ਼ਬਦਾਂ ਦੀ ਵਰਤੋਂ ਕਰ ਰਹੇ ਹਨ। ਜੇਕਰ ਇਨ੍ਹਾਂ ਸ਼ਬਦਾਂ ਨੂੰ ਤੁਰੰਤ ਨਾ ਹਟਾਇਆ ਗਿਆ ਅਤੇ ਫਾਰਮ ਤਿਆਰ ਕਰਨ ਵਾਲੇ ਅਧਿਕਾਰੀਆਂ 'ਤੇ ਕਾਰਵਾਈ ਨਾ ਹੋਈ, ਤਾਂ ਬੇਗਮਪੁਰਾ ਟਾਈਗਰ ਫੋਰਸ ਸੂਬਾ ਪੱਧਰੀ ਸੰਘਰਸ਼ ਵਿੱਢਣ ਲਈ ਮਜਬੂਰ ਹੋਵੇਗੀ ! ਉਹਨਾਂ ਕਿਹਾ ਕਿ ਉਹ ਇਸ ਮਾਮਲੇ ਨੂੰ ਲੈ ਕੇ ਜਲਦ ਹੀ ਮੁੱਖ ਮੰਤਰੀ ਅਤੇ ਰਾਜਪਾਲ ਨੂੰ ਮੰਗ ਪੱਤਰ ਸੌਂਪਣਗੇ ਤਾਂ ਜੋ ਅਨੁਸੂਚਿਤ ਜਾਤੀ ਭਾਈਚਾਰੇ ਦੇ ਮਾਣ-ਸਨਮਾਨ ਨੂੰ ਬਹਾਲ ਰੱਖਿਆ ਜਾ ਸਕੇ। ਉਨ੍ਹਾਂ ਜਥੇਬੰਦੀ ਦੇ ਵਰਕਰਾਂ ਨੂੰ ਵੀ ਤਿਆਰ-ਬਰ-ਤਿਆਰ ਰਹਿਣ ਦਾ ਸੱਦਾ ਦਿੱਤਾ ਹੈ।

# ਨਗਰ ਕੌਂਸਲ ਨਵਾਂਸ਼ਹਿਰ ਦੇ ਕਰਮਚਾਰੀਆਂ ਵੱਲੋਂ ਤੀਜੇ ਦਿਨ ਵੀ ਮੁਕੰਮਲ ਹੜਤਾਲ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਮਿਉਂਸਪਲ ਮੁਲਾਜ਼ਮ ਐਕਸ਼ਨ ਕਮੇਟੀ ਪੰਜਾਬ ਦੇ ਸੱਦੇ ਉਤੇ ਅੱਜ ਨਗਰ ਕੌਂਸਲ ਨਵਾਂਸ਼ਹਿਰ ਦੇ ਕਰਮਚਾਰੀਆਂ ਨੇ ਤੀਜੇ ਦਿਨ ਵੀ ਮੁਕੰਮਲ ਹੜਤਾਲ ਕੀਤੀ। ਇਸ ਮੌਕੇ ਦਿੱਤੇ ਗਏ ਧਰਨੇ ਨੂੰ ਸੰਬੋਧਨ ਕਰਦਿਆਂ ਇਫਟੂ ਦੇ ਸੂਬਾ ਪ੍ਰਧਾਨ ਕੁਲਵਿੰਦਰ ਸਿੰਘ ਵੜੈਚ, ਸੂਬਾ ਪ੍ਰੈੱਸ ਸਕੱਤਰ ਜਸਬੀਰ ਦੀਪ, ਕਰਮਚਾਰੀ ਸੰਗਠਨ ਦੇ ਜਿਲਾ ਪ੍ਰਧਾਨ ਸੰਨੀ ਬਘਾਲੀਆ, ਨਵਾਂਸ਼ਹਿਰ ਦੇ ਪ੍ਰਧਾਨ ਸੂਰਜ ਖੋਸਲਾ, ਚੇਅਰਮੈਨ ਦੀਪਕ ਖੋਸਲਾ, ਭਾਵਾਧਸ ਦੇ ਪ੍ਰਧਾਨ ਵਿੱਕੀ ਗਿੱਲ ਨੇ ਸੰਬੋਧਨ ਕੀਤਾ। ਉਹਨਾਂ ਕਿਹਾ ਕਿ ਮਿਉਂਸਪਲ ਕਰਮਚਾਰੀਆਂ ਦੀ ਪੰਜਾਬ ਭਰ 'ਚ ਤੀਜੇ ਦਿਨ ਵੀ ਮੁਕੰਮਲ ਹੜਤਾਲ ਰਹੀ। ਪੰਜਾਬ ਭਰ ਚ ਸਫਾਈ ਕੰਮ ਦਾ ਮੁਕੰਮਲ ਬਾਈਕਾਟ ਰਿਹਾ। ਕੱਚੇ ਕਾਮੇ ਪੱਕੇ ਕਰਨ, ਘਟੋਂ ਘੱਟ ਉਜਰਤ 40 ਹਜਾਰ ਕਰਨ ਸਮੇਤ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਅਤੇ ਹੋਰ ਮੰਗਾਂ ਨੂੰ ਲੈ ਕੇ ਪੰਜਾਬ ਭਰ ਦੇ ਨਿਗਮਾ,ਨਗਰ ਕੌਂਸਲਾਂ ਤੇ ਨਗਰ ਪੰਚਾਇਤਾਂ ਦੇ ਅਧੀਨ 150 ਤੋਂ ਵਧ ਸਟੇਸ਼ਨਾ ਤੇ ਸਫਾਈ ਸੇਵਕਾਂ ਨੇ ਮੁਕੰਮਲ ਹੜਤਾਲ ਕਰ ਦਿੱਤੀ ਹੈ, ਜੋ ਮੰਗਾਂ ਦੀ ਪੂਰਤੀ ਤਕ ਜਾਰੀ ਰਹੇਗੀ। ਆਗੂਆਂ ਕਿਹਾ ਕਿ ਇਹ ਹੜਤਾਲ ਸਾਡਾ ਕੋਈ ਸ਼ੌਕ ਨਹੀਂ ਮਜ਼ਬੂਰੀ ਹੈ! ਕਿਉਂਕਿ ਪੰਜਾਬ ਦਾ 90%



ਮੁਲਾਜਮ ਕੱਚਾ ਹੈ ਤੇ ਮਾਤਰ 10 ਹਜਾਰ ਨਿਗੂਣੀ ਤਨਖਾਹ ਤੇ ਕੰਮ ਕਰ ਰਿਹਾ ਹੈ। ਮਹਿੰਗਾਈ ਕਰਕੇ ਘਰਾਂ ਦਾ ਗੁਜ਼ਾਰਾ ਬੜੀ ਮੁਸ਼ਕਲ ਨਾਲ ਚੱਲਦਾ ਹੈ। ਅੱਜ ਤੋਂ ਲਗਭਗ ਸਾਢੇ 4 ਸਾਲ ਪਹਿਲਾਂ ਸੱਤਾ ਵਿਚ ਆਉਣ ਵਾਲੀ ਮਾਨ ਸਰਕਾਰ ਇਹਨਾਂ ਹੀ ਸਫ਼ਾਈ ਸੇਵਕਾ ਦਾ ਝਾੜੂ ਵਾਲਾ ਨਿਸ਼ਾਨ ਲੈ ਕੇ ਵੋਟਾਂ ਮੰਗ ਕੇ ਸੱਤਾ ਵਿਚ ਆਈ ਸੀ। ਉਸ ਵੇਲੇ ਮਾਨਯੋਗ ਮੁੱਖ ਮੰਤਰੀ ਵੱਲੋਂ ਕਿਹਾ ਸੀ ਕੇ ਸਾਡੀ ਸਰਕਾਰ ਵਿਚ ਕਿਸੇ ਨੂੰ ਵੀ ਧਰਨੇ , ਪ੍ਰਦਰਸ਼ਨ ਕਰਨ ਦੀ ਲੋੜ ਨਹੀਂ ਪਵੇਗੀ, ਪਰ ਹੋਇਆ ਇਸ ਦੇ ਉਲਟ। ਆਗੂਆਂ ਕਿਹਾ ਕੇ ਸਫ਼ਾਈ ਕਾਮੇ ਬਿਨਾਂ ਸ਼ਰਤ ਪੱਕੇ ਕੀਤੇ ਜਾਣ, ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ, ਤਨਖਾਹਾਂ ਸਮੇਂ ਸਿਰ ਤੇ ਸਰਕਾਰੀ ਖ਼ਜ਼ਾਨੇ ਵਿੱਚੋਂ ਦਿੱਤੀਆਂ ਜਾਣ, ਘਟੋਂ ਘੱਟ ਉਜਰਤ 40000 ਪ੍ਰਤੀ ਮਹੀਨਾ ਕੀਤੀ ਜਾਵੇ, ਕੱਚੇ ਮੁਲਾਜ਼ਮ ਦੀ ਮੌਤ ਹੋਣ ਤੇ ਉਸਦੇ ਪਰਿਵਾਰ ਨੂੰ ਨੌਕਰੀ ਦਿੱਤੀ ਜਾਵੇ। ਉਹਨਾਂ ਕਿਹਾ ਕੇ ਪੰਜਾਬ ਸਰਕਾਰ ਲੰਬੇ ਸਮੇ ਤੋਂ ਲਾਰੇ ਲਾ ਰਹੀ ਹੈ। ਮੀਟਿੰਗ ਦੇਕੇ ਮੁਕਰ ਜਾਂਦੀ ਹੈ। ਇਸ ਲਈ ਹੁਣ ਆਰ ਪਾਰ ਦੇ ਸੰਘਰਸ਼ ਦੀ ਅਸੀਂ ਤਿਆਰੀ ਕਰ ਲਈ ਹੈ। ਆਗੂਆਂ ਨੇ ਕਿਹਾ ਜ਼ੇਕਰ ਉਹਨਾਂ ਦੀਆਂ ਮੰਗਾਂ ਜਲਦ ਨਾ ਮੰਨੀਆ ਗਈਆਂ ਤਾਂ ਪੰਜਾਬ ਸਰਕਾਰ ਸਿਆਸੀ ਨੁਕਸਾਨ ਝੱਲਣ ਲਈ ਤਿਆਰ ਰਹੇ।

# ਅੱਜ ਪੰਜਾਬ ਦਾ ਹਰ ਨਾਗਰਿਕ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਿਹਾ ਹੈ : ਐਡਵੋਕੇਟ ਸੂਰਜ ਸਿੰਘ

**ਹੁਸ਼ਿਆਰਪੁਰ 9 ਮਈ ( ਤਰਸੇਮ ਦੀਵਾਨਾ )** – ਸ਼੍ਰੋਮਣੀ ਅਕਾਲੀ ਦਲ ਦੇ ਆਰ ਟੀ ਆਈ ਸੈੱਲ ਦੇ ਜ਼ਿਲ੍ਹਾ ਪ੍ਰਧਾਨ ਐਡਵੋਕੇਟ ਸੂਰਜ ਸਿੰਘ ਨੇ ਬੀਤੇ ਦਿਨੀ ਜਲੰਧਰ ਅਤੇ ਪਵਿੱਤਰ ਨਗਰੀ ਅੰਮ੍ਰਿਤਸਰ ਵਿੱਚ ਹੋਏ ਲੜੀਵਾਰ ਬੰਬ ਧਮਾਕਿਆਂ 'ਤੇ ਡੂੰਘੀ ਚਿੰਤਾ ਪ੍ਰਗਟ ਕਰਦਿਆਂ ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਸਰਕਾਰ ਨੂੰ ਕਰੜੇ ਹੱਥੀਂ ਲਿਆ । ਉਨ੍ਹਾਂ ਕਿਹਾ ਕਿ ਇਨ੍ਹਾਂ ਘਟਨਾਵਾਂ ਨੇ ਸੂਬੇ ਦੀ ਕਾਨੂੰਨ ਵਿਵਸਥਾ ਦੀ ਫੋਕੀ ਫੂਕ ਕੱਢ ਦਿੱਤੀ ਹੈ। ਉਹਨਾਂ ਕਿਹਾ ਕਿ ਇੱਕੋ ਸਮੇਂ ਦੋ ਪ੍ਰਮੁੱਖ ਸ਼ਹਿਰਾਂ ਨੂੰ ਨਿਸ਼ਾਨਾ ਬਣਾਉਣਾ ਸਿੱਧੇ ਤੌਰ 'ਤੇ ਖ਼ੁਫ਼ੀਆ ਤੰਤਰ ਦੀ ਨਾਕਾਮੀ ਹੈ। ਉਹਨਾਂ ਕਿਹਾ ਕਿ ਜਦੋਂ ਸੂਬੇ ਦਾ ਮੁੱਖ ਮੰਤਰੀ ਇਸ਼ਤਿਹਾਰਬਾਜ਼ੀ ਅਤੇ ਦੂਜੇ ਸੂਬਿਆਂ ਦੇ ਚੋਣ ਪ੍ਰਚਾਰ ਵਿੱਚ ਰੁੱਝਿਆ ਹੋਵੇ, ਤਾਂ ਪੰਜਾਬ ਦੀ



ਜਨਤਾ ਦੀ ਸੁਰੱਖਿਆ ਰੱਬ ਆਸਰੇ ਹੀ ਰਹਿ ਜਾਂਦੀ ਹੈ। ਉਨ੍ਹਾਂ ਸਵਾਲ ਕੀਤਾ ਕਿ ਸਰਕਾਰ ਵੱਲੋਂ ਕੀਤੇ ਜਾਂਦੇ ਸੁਰੱਖਿਆ ਦੇ ਵੱਡੇ-ਵੱਡੇ ਦਾਅਵੇ ਹੁਣ ਕਿੱਥੇ ਗਏ? ਅੱਜ ਪੰਜਾਬ ਦਾ ਆਮ ਨਾਗਰਿਕ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਿਹਾ ਹੈ। ਅਕਾਲੀ ਆਗੂ ਨੇ ਕਿਹਾ ਕਿ ਪੰਜਾਬ ਇੱਕ ਸਰਹੱਦੀ ਸੂਬਾ ਹੈ ਅਤੇ ਇੱਥੇ ਸ਼ਾਂਤੀ ਬਣਾਈ ਰੱਖਣਾ ਸਰਕਾਰ ਦੀ ਮੁਢਲੀ ਜ਼ਿੰਮੇਵਾਰੀ ਹੈ, ਜਿਸ ਵਿੱਚ ਮਾਨ ਸਰਕਾਰ ਬੁਰੀ ਤਰ੍ਹਾਂ ਫੇਲ੍ਹ ਸਾਬਤ ਹੋਈ ਹੈ। ਪੰਜਾਬ ਵਿੱਚ ਅੱਜ ਜੰਗਲ ਰਾਜ ਵਰਗੇ ਹਾਲਾਤ ਬਣ ਗਏ ਹਨ। ਗੈਂਗਸਟਰਾਂ ਅਤੇ ਦੇਸ਼ ਵਿਰੋਧੀ ਅਨਸਰਾਂ ਦੇ ਹੌਸਲੇ ਇੰਨੇ ਬੁਲੰਦ ਹੋ ਗਏ ਹਨ ਕਿ ਉਹ ਦਿਨ-ਦਿਹਾੜੇ ਅਜਿਹੀਆਂ ਵਾਰਦਾਤਾਂ ਨੂੰ ਅੰਜਾਮ ਦੇ ਰਹੇ ਹਨ। ਉਹਨਾਂ ਕਿਹਾ ਕਿ ਮੁੱਖ ਮੰਤਰੀ ਸਿਰਫ਼ ਟਵੀਟ ਕਰਨ ਦੀ ਬਜਾਏ ਜ਼ਮੀਨੀ ਪੱਧਰ 'ਤੇ ਸੁਰੱਖਿਆ ਯਕੀਨੀ ਬਣਾਉਣ।"

# ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਨੈਸ਼ਨਲ ਫਾਇਰ ਸੇਫਟੀ ਵੀਕ ਮੌਕੇ ਕੁਵਿਜ਼ ਅਤੇ ਪੋਸਟਰ ਮੇਕਿੰਗ ਮੁਕਾਬਲੇ ਹੋਏ

**ਬੰਗਾ 09 ਮਈ (ਚਰਨਜੀਤ ਸ'ੱਲ੍ਹਾ)** ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਨੈਸ਼ਨਲ ਫਾਇਰ ਸੇਫਟੀ ਵੀਕ ਮਨਾਇਆ ਜਾ ਰਿਹਾ ਹੈ, ਜਿਸ ਦਾ ਮੁੱਖ ਉਦੇਸ਼ ਅੱਗ ਸੁਰੱਖਿਆ ਪ੍ਰਤੀ ਜਾਗਰੂਕਤਾ ਪੈਦਾ ਕਰਨਾ, ਅੱਗ ਲੱਗਣ ਦੀਆਂ ਘਟਨਾਵਾਂ ਨੂੰ ਰੋਕਣਾ ਅਤੇ ਲੋਕਾਂ ਨੂੰ ਅੱਗ ਤੋਂ ਬਚਾਅ ਦੇ ਸੁਰੱਖਿਆ ਉਪਾਵਾਂ ਬਾਰੇ ਸਿੱਖਿਅਤ ਕਰਨਾ ਹੈ । ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਨੇ ਨੈਸ਼ਨਲ ਫਾਇਰ ਸੇਫਟੀ ਵੀਕ ਦੇ ਕੁਵਿਜ਼ ਅਤੇ ਪੋਸਟਰ ਮੇਕਿੰਗ ਮੁਕਾਬਲੇ ਦੇ ਜੇਤੂ ਨਰਸਿੰਗ ਵਿਦਿਆਰਥੀਆਂ ਅਤੇ ਸਟਾਫ ਨਰਸਾਂ ਦਾ ਸਨਮਾਨ ਕਰਨ ਮੌਕੇ ਕੀਤਾ । ਉਹਨਾਂ ਦੱਸਿਆ ਕਿ 04 ਮਈ ਤੋਂ 10 ਮਈ 2026 ਤੱਕ ਮਨਾਏ ਜਾ ਰਹੇ ਨੈਸ਼ਨਲ ਫਾਇਰ ਸੇਫਟੀ ਵੀਕ (ਰਾਸ਼ਟਰੀ ਅੱਗ ਸੁਰੱਖਿਆ ਹਫ਼ਤੇ) ਦਾ ਸਾਲ 2026 ਦਾ ਮੁੱਖ ਉਦੇਸ਼ (ਥੀਮ) "ਸੁਰੱਖਿਅਤ ਸਕੂਲ, ਸੁਰੱਖਿਅਤ ਹਸਪਤਾਲ ਅਤੇ ਅੱਗ ਸੁਰੱਖਿਆ ਜਾਗਰੂਕ ਸਮਾਜ – ਅੱਗ ਦੀ ਰੋਕਥਾਮ ਲਈ ਇਕੱਠੇ" ਹੈ । ਜਿਸ ਤਹਿਤ ਹਸਪਤਾਲ, ਵਿਦਿਅਕ ਸੰਸਥਾਵਾਂ ਅਤੇ ਦਫ਼ਤਰਾਂ ਵਿੱਚ ਮੌਕ ਡਰਿੱਲ ਕਰਵਾਈ ਗਈ ਅਤੇ ਜਾਗਰੂਕਤਾ ਸਮਾਗਮ, ਕੁਵਿਜ਼ ਮੁਕਾਬਲੇ ਅਤੇ ਪੋਸਟਰ ਮੁਕਾਬਲੇ ਕਰਵਾਏ ਗਏ । ਇਸ ਤੋਂ ਇਲਾਵਾ ਹਸਪਤਾਲ ਅਤੇ ਮਰੀਜ਼ਾਂ ਦੀ ਸਰੁੱਖਿਆ ਨੂੰ ਮੁੱਖ ਰੱਖਦੇ ਹੋਏ ਸਟਾਫ ਨੂੰ ਫਾਇਰ ਸੇਫਟੀ ਦੀ ਟਰੇਨਿੰਗ ਵੀ ਦਿੱਤੀ ਗਈ ਅਤੇ ਭਾਰਤ ਸਰਕਾਰ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਵੱਲੋਂ ਜਾਰੀ ਫਾਇਰ ਸੇਫਟੀ ਦੀ ਸਹੁੰ ਚੁਕਾਈ ਗਈ । ਸ. ਢਾਹਾਂ ਨੇ ਆਮ ਲੋਕਾਈ ਨੂੰ ਵੀ ਅਪੀਲ ਕੀਤੀ ਉਹ ਵੀ ਇਸ ਮੁਹਿੰਮ ਦਾ ਹਿੱਸਾ ਬਣ ਕੇ ਅੱਗ ਤੋ ਸੁਰੱਖਿਆ ਦੇ ਤਰੀਕੇ ਸਿੱਖਣ ਤਾਂ ਜੋ ਅੱਗ ਲੱਗਣ ਨਾਲ ਹੋਣ ਵਾਲੀਆਂ ਘਟਨਾਵਾਂ ਮੌਕੇ ਕੀਮਤੀ ਜਾਨ-ਮਾਲ ਦੇ ਨੁਕਸਾਨ ਦੀ ਰੋਕਥਾਮ ਕਰ ਸਕੀਏ । ਇਸ ਮੌਕੇ ਉਹਨਾਂ ਨੇ ਸਮੂਹ ਡਾਕਟਰ ਸਾਹਿਬਾਨ, ਮੈਡੀਕਲ, ਨਰਸਿੰਗ ਕਾਲਜ ਸਟਾਫ ਅਤੇ ਵਿਦਿਆਰਥੀਆਂ ਨੂੰ ਸੁਰੱਖਿਆ ਨਿਯਮਾਂ ਦੀ ਪਾਲਣਾ ਕਰਨ ਲਈ ਵੀ ਜਾਗਰੂਕ ਕੀਤਾ । ਇਸ ਮੌਕੇ ਵਿਚ ਹੁਨਰਦੀਪ ਸਿੰਘ ਬਰਾੜ ਡਾਇਰੈਕਟਰ ਐਚ.ਆਰ., ਮਹਿੰਦਰਪਾਲ ਸਿੰਘ ਦਫਤਰ ਸੁਪਰਡੈਂਟ, ਰਮਨਦੀਪ ਕੌਰ ਪ੍ਰਿੰਸੀਪਲ ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਢਾਹਾਂ ਕਲੇਰਾਂ, ਦਵਿੰਦਰ ਕੌਰ ਨਰਸਿੰਗ ਸੁਪਰਡੈਂਟ, ਸੁਖਮਿੰਦਰ ਕੌਰ ਉਬੀ, ਅਕਾਸ਼ਦੀਪ ਫਾਇਰ ਸੇਫਟੀ ਅਫਸਰ ਅਤੇ ਕੁਵਿਜ਼ ਮੁਕਾਬਲੇ ਅਤੇ ਪੋਸਟਰ ਮੁਕਾਬਲੇ ਦੇ ਜੇਤੂ ਵੀ ਹਾਜ਼ਰ ਸਨ ।



**ਨੈਸ਼ਨਲ ਫਾਇਰ ਸੇਫਟੀ ਵੀਕ ਦੇ ਕੁਵਿਜ਼ ਮੁਕਾਬਲੇ ਦੇ ਜੇਤੂ ਨਰਸਿੰਗ ਵਿਦਿਆਰਥੀਆਂ ਦਾ ਸਨਮਾਨ ਕਰਨ ਮੌਕੇ ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਟਰੱਸਟ, ਰਮਨਦੀਪ ਕੌਰ ਪ੍ਰਿੰਸੀਪਲ ਅਤੇ ਪਤਵੰਤੇ।**

# ਪੰਜਾਬ ਸੰਭਾਲੋ ਮੁਹਿੰਮ ਨੂੰ ਐਸੀ ਭਾਈਚਾਰੇ ਦੇ ਨਾਲ ਨਾਲ ਪਛੜੇ ਵਰਗਾਂ ,ਕਿਸਾਨਾਂ ਤੇ ਨਸ਼ੇ ਦੀ ਲਪੇਟ ਵਿਚ ਆਏ ਪਰਿਵਾਰਾਂ ਪੰਜਾਬੀਆਂ ਦੇ ਘਰਾਂ ਵਿੱਚ ਵੀ ਲੈਕੇ ਜਾਂਵਾਂਗੇ: ਪ੍ਰਵੀਨ ਬੰਗਾ





**ਬੰਗਾ 9 ਮਈ (ਚਰਨਜੀਤ ਸ'ੱਲ੍ਹਾ )**ਬੂਥ ਲੈਵਲ ਤੇ ਜਥੇਬੰਦਕ ਢਾਂਚੇ ਨੂੰ ਮਜ਼ਬੂਤ ਕਰਨ ਦੇ ਬਸਪਾ ਸੁਪ੍ਰੀਮੋ ਭੈਣ ਕੁਮਾਰੀ ਮਾਇਆਵਤੀ ਜੀ ਵਲੋਂ ਦਿੱਤੇ ਪ੍ਰੋਗਰਾਮ ਅਨੁਸਾਰ ਬੰਗਾ ਹਲਕੇ ਦੇ ਪਿੰਡ ਦੋਸਾਂਝ ਖੁਰਦ ਵਿਖੇ ਯੂਥ ਆਗੂ ਸੈਕਟਰ ਪ੍ਰਧਾਨ ਪਰਮਜੀਤ ਸਿੰਘ ਦੋਸਾਂਝ ਦੀ ਅਗਵਾਈ ਵਿੱਚ ਬੰਗਾ ਹਲਕੇ ਦੇ ਉਪ ਪ੍ਰਧਾਨ ਅਸ਼ੋਕ ਕੁਮਾਰ ਸਾਬਕਾ ਸਰਪੰਚ ਤੇ ਜਸਵਿੰਦਰ ਬੈਂਸ ਦੇ ਸਹਿਯੋਗ ਨਾਲ ਹੋਈ ਨੁੱਕੜ ਮੀਟਿੰਗ ਵਿੱਚ ਬਸਪਾ ਪੰਜਾਬ ਦੇ ਸੂਬਾਈ ਜਨਰਲ ਸਕੱਤਰ ਪ੍ਰਵੀਨ ਬੰਗਾ ਨੇ ਪੰਜਾਬ ਸੰਭਾਲੋ ਮੁਹਿੰਮ ਨੂੰ ਐਸੀ ਭਾਈਚਾਰੇ ਦੇ ਨਾਲ ਨਾਲ ਪਛੜੇ ਵਰਗਾਂ ਦੇ ਨਾਲ ਨਾਲ ਨਸ਼ੇ ਦੀ ਲਪੇਟ ਵਿਚ ਆਏ ਪਰਿਵਾਰਾਂ ਦੇ ਘਰਾਂ ਵਿੱਚ ਲੈਕੇ ਜਾਂਵਾਂਗੇ ਤੇ ਅਜਿਹੇ ਵਰਤਾਰੇ ਲਈ ਜ਼ਿੰਮੇਵਾਰ ਰਾਜਨੀਤਕ ਧਿਰਾਂ ਨੂੰ ਪੰਜਾਬ ਵਿਚੋਂ ਉਖਾੜਨ ਦੀ ਅਪੀਲ ਕਰਦਿਆਂ ਮੋਕਾ ਪ੍ਰਸਤ ਰਾਜਨੀਤੀ ਕਰਨ ਵਾਲਿਆਂ ਨੂੰ ਵੀ ਨਕਾਰਿਆ ਜਾਵੇ ਤੇ 2027ਦੀਆਂ ਚੋਣਾਂ ਨੂੰ ਮੁੱਖ ਰੱਖਦਿਆਂ ਪਿੰਡ ਪੱਧਰ ਦੇ ਜਥੇਬੰਦਕ ਢਾਂਚੇ ਨੂੰ ਮਜ਼ਬੂਤ ਕਰਨਾ ਸਮੇਂ ਦੀ ਜ਼ਰੂਰਤ ਹੈ ਬਸਪਾ ਵਿਚ ਸ਼ਾਮਿਲ ਹੋਏ ਪਰਿਵਾਰਾਂ ਦਾ ਧੰਨਵਾਦ ਕਰਦਿਆਂ ਸਵਾਗਤ ਕੀਤਾ ਮੀਟਿੰਗ ਨੂੰ ਜ਼ਿਲ੍ਹਾ ਜਥੇਬੰਦਕ ਸਕੱਤਰ ਵਿਜੈ



ਗੁਣਾਚੌਰ ਜੀ ਅਸ਼ੋਕ ਕੁਮਾਰ ਉਪ ਪ੍ਰਧਾਨ ਹਲਕਾ ਬੰਗਾ ਸਰਪੰਚ ਸੁਰਿੰਦਰ ਕੁਮਾਰ ਸੂੰਡਾ ਨੇ ਵੀ ਸੰਬੋਧਨ ਕੀਤਾ ਮੰਚ ਸੰਚਾਲਨ ਪਰਮਜੀਤ ਸਿੰਘ ਦੋਸਾਂਝ ਨੇ ਕੀਤਾ ਕਾਂਗਰਸ ਛਡਕੇ ਬਸਪਾ ਵਿਚ ਸ਼ਾਮਿਲ ਹੋਏ ਜਸਵਿੰਦਰ ਬੈਂਸ ਜੀ ਨੇ ਧੰਨਵਾਦ ਕੀਤਾ ਤੇ ਇਲਾਕੇ ਵਿੱਚ ਬਸਪਾ ਨੂੰ ਮਜ਼ਬੂਤ ਕਰਨ ਦਾ ਭਰੋਸਾ ਦਿੱਤਾ ਇਸ ਮੌਕੇ ਤੇ ਸੁਰਿੰਦਰ ਮੋਹਨ ਜੀ ਦਿਲ-ਾਵਰ ਸੂੱਦ ਜਗਤਾਰ ਸਿੰਘ ਮਿਸਤਰੀ ਗੁਰਮੀਤ ਸਿੰਘ ਬਲਵਿੰਦਰ ਸੰਧੂ ਨਾਗਰਾ ਪ੍ਰਿੰਸ ਦੁਸਾਂਝ ਖੁਰਦ ਡਾ ਗੁਰਦੀਪ ਸਿੰਘ ਬਾਬਾ ਜੋਗਿੰਦਰ ਸਿੰਘ ਤੋਂ ਇਲਾਵਾ ਪਿੰਡ ਵਾਸੀ ਹਾਜ਼ਰ ਸਨ।

## ਸੋਸ਼ਲ ਮੀਡੀਆ ਦੇ ਗੁਲਾਮ

ਇੱਕ ਮਸ਼ੀਨੀ ਯੰਤਰ ਦੇ ਵਿੱਚ ,
ਬੰਦ ਹੋ ਕੇ ਰਹਿ ਗਈ ਜਵਾਨੀ ।
ਦਾਦਕਿਆਂ ਨੂੰ ਭੁਲਦੀ ਜਾਂਦੀ ,
ਚੇਤੇ ਕਿਸ ਨੂੰ ਰਹਿਣੀ ਨਾਨੀ ।
ਦੇਸ਼ ਕੌਮ ਤੇ ਭਾਈਚਾਰੇ ਦੀ ,
ਸੁਰਤ ਰਹੀ ਨਾ ਕੋਈ ਕਿਸੇ ਨੂੰ ;
ਰੀਲ੍ਹਾਂ ਦੇ ਵਿੱਚ ਮਸਤ ਹੋ ਗਏ ,
ਕੀ ਬੰਦਾ ਕੀ ਕੋਈ ਜਨਾਨੀ ।



ਮੂਲ ਚੰਦ ਸ਼ਰਮਾ ਪ੍ਰਧਾਨ ,
ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ
ਸੰਗਰੂਰ ।9914836037

### — ਸ਼ੁਗਲੀਆ—
### ਹਲਕੀ- ਫੁਲਕੀ ਕਾਵਿ ਵੰਨਗੀ।

ਵਲ ਪਾਉਂਦੀ ਚੱਲ, ਲਹਿਰਾਉਂਦੀ ਚੱਲ,
*ਇਠਲਾਉਂਦੀ ਚੱਲ,ਸ਼ਰਮਾਉਂਦੀ ਚੱਲ।
ਭਰੇ ਮਧਰਾ ਨੈਣ , ਛਲਕਾਉਂਦੀ ਚੱਲ,
ਤੂੰ ਪਿਆਸ ਨੂੰ ਹੋਰ, ਭੜਕਾਉਂਦੀ ਚੱਲ।
ਮੱਥੇ 'ਤੇ ਨੱਚਦੇ ਨੇ, ਜੋ ਕੁੰਡਲ ਕਾਲੇ ,
ਸੁਲਝਾਉਂਦੀ ਚੱਲ, ਉਲਝਾਉਂਦੀ ਚੱਲ।
ਗਿੱਧੇ ਵਿਚ ਲੱਕ, ਲੱਚਕਾਉਂਦੀ ਚੱਲ,
ਬੋਰ ਝਾਂਜਰਾਂ ਖੂਬ,ਛਣਕਾਉਂਦੀ ਚੱਲ।
ਗੀਤ ਪ੍ਰੀਤ ਦੇ ਮਿੱਠੇ, ਬੁੱਲ੍ਹਾਂ 'ਤੇ ਲਿਆਉਂਦੀ ਚੱਲ।
ਗੁਣਗਣਾਉਂਦੀ ਚੱਲ, ਤੇ ਨੈਣ ਮਟਕਾਉਦੀ ਚੱਲ।
ਗਲ ਇਸ਼ਕ ਦੀ ਮਾਲਾ , ਲਟਕਾਉਂਦੀ ਚੱਲ।
ਤੂੰ ਰੂਪ ਕੋਈ ਵੀ ਧਾਰ ਕੇ, ਸਾਨੂੰ ਮਿਲਦੀ ਰਹਿ,
ਦਿਲ ਤੇਜ਼ ਗਤੀ ਵਿਚ ਧੜਕਾਉਂਦੀ ਚੱਲ।
ਤੂੰ ਗੁਲਜ਼ਾਰ ਵੀ ਏ ਬਹਾਰ ਵੀ ਏ,
ਦਿਲ 'ਸੁਰਜੀਤ' ਦਾ ਮਹਿਕਾਉਂਦੀ ਚੱਲ।
ਵਲ ਪਾਉਂਦੀ ਚੱਲ,ਲਹਿਰਾਉਂਦੀ ਚੱਲ,*
*ਇਠਲਾਉਂਦੀ ਚੱਲ,ਸ਼ਰਮਾਉਂਦੀ ਚੱਲ।
*(ਮਚਲਦੀ)



ਸੁਰਜੀਤ ਸਿੰਘ ਭੁੱਲਰ

## "ਮਾਂ ਧੀ ਦਾ ਰਿਸ਼ਤਾ"

ਮਾਂ ਧੀ ਦਾ ਰਿਸ਼ਤਾ ਨੀ ਕੋਈ ਰੱਬੀ ਖੇਡ,
ਇੱਕ ਜਾਂਦੀ, ਦੂਜੀ ਉਹੋ ਰੂਪ ਲੈ ਲੈਂਦੀ।
ਲੋਕਾਂ ਭਾਣੇ ਅਸੀਂ ਮਾਵਾਂ-ਧੀਆਂ ਅਖਵਾਈਏ,
ਪਰ ਮੇਰੀ ਮਾਂ ਦੀ ਕਮੀ ਕੌਣ ਮਿਟਾਈਏ।
ਮੇਰੀ ਧੀ ਹੀ ਮਾਂ ਬਣਕੇ ਮੈਨੂੰ ਬਹਿਲਾਈਏ,
ਗੱਲ ਨਾਲ ਲਾ ਕੇ ਦੁੱਖ ਸਾਰੇ ਵੰਡਾਈਏ।
ਮਾਂ ਧੀ ਦਾ ਰਿਸ਼ਤਾ ਨੀ ਕੋਈ ਰੱਬੀ ਖੇਡ,
ਇੱਕ ਜਾਂਦੀ, ਦੂਜੀ ਉਹੋ ਰੂਪ ਲੈ ਲੈਂਦੀ।
ਜਦ ਵੀ ਡਿੱਗਾਂ, ਉਹ ਆਂਚਲ ਬਣ ਜਾਈਏ,
ਮੇਰੇ ਹੰਝੂ ਆਪਣੇ ਪੱਲੇ ਪੂੰਝਾਈਏ।
ਮੈਨੂੰ ਸਮਝਾਵੇ, ਮੱਤਾਂ ਮੇਰੀਆਂ ਪੁਗਾਈਏ,
ਉਹਦੇ ਬੋਲਾਂ 'ਚੋਂ ਮਾਂ ਦੀ ਖੁਸ਼ਬੂ ਆਈਏ।
ਮਾਂ ਧੀ ਦਾ ਰਿਸ਼ਤਾ ਨੀ ਕੋਈ ਰੱਬੀ ਖੇਡ,
ਇੱਕ ਜਾਂਦੀ, ਦੂਜੀ ਉਹੋ ਰੂਪ ਲੈ ਲੈਂਦੀ।
ਮੇਰੀ ਹਰ ਖਾਹਿਸ਼ ਦਾ ਉਹ ਧਿਆਨ ਰੱਖਦੀ,
ਬਿਨ ਕਹੇ ਮੇਰੇ ਮਨ ਦੀ ਗੱਲ ਪਰਖਦੀ।
ਮੇਰੇ ਬੁੱਲ੍ਹਾਂ 'ਤੇ ਆਉਣ ਤੋਂ ਪਹਿਲਾਂ ਸਮਝਦੀ,
ਉਹਦੇ ਹੋਠਾਂ 'ਤੇ ਮੇਰੀ ਸੋਚ ਹੀ ਵੱਸਦੀ।
ਮਾਂ ਧੀ ਦਾ ਰਿਸ਼ਤਾ ਨੀ ਕੋਈ ਰੱਬੀ ਖੇਡ,
ਇੱਕ ਜਾਂਦੀ, ਦੂਜੀ ਉਹੋ ਰੂਪ ਲੈ ਲੈਂਦੀ।
ਕਹਿੰਦੀ ਕੰਵਲਜੀਤ, ਮਾਂ ਮੇਰੇ ਕੋਲ ਬਹਿੰਦੀ,
ਉਹੋ ਲੋਰੀ, ਉਹੋ ਥਾਪੀ ਮੈਨੂੰ ਦੇਂਦੀ।
ਰੂਪ ਬਦਲ ਕੇ ਮਾਂ ਫਿਰ ਘਰ ਪਰਤ ਆਉਂਦੀ,
ਧੀ ਦੇ ਰੂਪ 'ਚ ਮੇਰੀ ਮਾਂ ਹੱਸਦੀ-ਗਾਉਂਦੀ।
ਮਾਂ ਧੀ ਦਾ ਰਿਸ਼ਤਾ ਨੀ ਕੋਈ ਰੱਬੀ ਖੇਡ,
ਇੱਕ ਜਾਂਦੀ, ਦੂਜੀ ਉਹੋ ਰੂਪ ਲੈ ਲੈਂਦੀ।



ਕੰਵਲਜੀਤ ਕੌਰ

## "ਸ਼ੁਕਰਾਨਾ ਯਾਤਰਾ"

ਸੀ.ਐਮ. ਸਾਹਿਬ ਨੇ ਸ਼ੁਰੂ ਕੀਤੀ, ਸ਼ੁਕਰਾਨਾ ਯਾਤਰਾ,
ਕਹਿੰਦੇ ਲੋਕਾਂ ਦਾ ਧੰਨਵਾਦ, ਕਰਨਾ ਬਣਦਾ ਹੈ ਖ਼ਾਤਰ।
ਸੜਕਾਂ ਉੱਤੇ ਫੁੱਲ ਵਿਛਾਏ, ਬੈਨਰ ਲੱਗੇ ਵੱਡੇ-ਵੱਡੇ,
ਪਰ ਗਰੀਬ ਦੀ ਝੁੱਗੀ ਤੱਕ, ਨਾ ਪਹੁੰਚੇ ਤੁਹਾਡੇ ਪੈਰ ਕਦੇ।
ਸ਼ੁਕਰਾਨਾ ਕਿਸ ਗੱਲ ਦਾ ਸਾਹਿਬ, ਜ਼ਰਾ ਇਹ ਤਾਂ ਦੱਸੋ ਜੀ,
ਨੌਕਰੀ ਮੰਗੇ ਡਾਂਗਾਂ ਪੈਣ, ਪੱਕੇ ਕਰਨ ਤੋਂ ਨੱਸੋ ਜੀ।
ਸਕੂਲਾਂ 'ਚ ਮਾਸਟਰ ਨਹੀਂ, ਹਸਪਤਾਲਾਂ 'ਚ ਦਵਾਈ ਨਹੀਂ,
ਮਹਿੰਗਾਈ ਨੇ ਲੱਕ ਤੋੜ ਦਿੱਤਾ, ਪਰ ਤੁਹਾਨੂੰ ਕੋਈ ਪਰਵਾਹ ਨਹੀਂ।
ਫੋਟੋਆਂ ਖਿਚਵਾਉਣ ਦੀ ਖ਼ਾਤਰ, ਯਾਤਰਾ ਤਾਂ ਕੱਢ ਲਈ,
ਪਰ ਪਿੰਡਾਂ ਦੇ ਛੱਪੜ ਗੰਦੇ, ਉਸਦੀ ਸਫਾਈ ਕਦੋਂ ਕੀਤੀ?
ਕਿਸਾਨ ਦਾ ਕਰਜ਼ਾ ਮਾਫ਼ ਨਹੀਂ, ਮਜ਼ਦੂਰ ਦੀ ਦਿਹਾੜੀ ਅੱਧੀ,
ਏਸੇ ਗੱਲ ਦਾ ਸ਼ੁਕਰਾਨਾ? ਕਿ ਜਨਤਾ ਰਹਿ ਗਈ ਠੱਗੀ?
ਕਹਿੰਦਾ ਗੁਰਮੀਤ ਡੁਮਾਣੇ ਵਾਲਾ, ਪਹਿਲਾਂ ਕੰਮ ਕਰਕੇ ਦਿਖਾਓ,
ਫਿਰ ਯਾਤਰਾ ਕੱਢਿਓ ਸਾਹਿਬ, ਲੋਕੀ ਆਪੇ ਫੁੱਲ ਵਰਸਾਓ।
ਖਾਲੀ ਨਾਅਰਿਆਂ ਨਾਲ ਢਿੱਡ ਨਾ ਭਰਦੇ, ਰੋਟੀ-ਰੋਜ਼ਗਾਰ ਚਾਹੀਦਾ,
ਨਹੀਂ ਤਾਂ ਸ਼ੁਕਰਾਨਾ ਯਾਤਰਾ, ਲੋਕਾਂ ਨੂੰ ਮਜ਼ਾਕ ਹੀ ਲੱਗਦਾ।

"ਗੁਰਮੀਤ ਡੁਮਾਣਾ"
ਲੋਹੀਆਂ ਖਾਸ
ਜਲੰਧਰ





# ਵਿਧਾਇਕ ਡਾ.ਨਛੱਤਰ ਪਾਲ ਦਾ ਡਾ.ਅੰਬੇਡਕਰ ਬੁੱਧਿਸਟ ਰਿਸੋਰਸ ਸੈਂਟਰ ਸੂੰਢ ਤੇ ਕਮੇਟੀ ਨੇ ਕੀਤਾ ਭਰਵਾਂ ਸਵਾਗਤ

## ਡਾ. ਅੰਬੇਡਕਰ ਮੈਮੋਰੀਅਲ ਕਮੇਟੀ ਵਲੋਂ ਬੱਚਿਆ ਨੂੰ ਮਿਆਰੀ ਸਿੱਖਿਆ ਤੇ ਖੇਡਾਂ ਵੱਲ ਉਤਸ਼ਾਹਿਤ ਕਰਨ ਦਾ ਉਪਰਾਲਾ ਸ਼ਲਾਘਾਯੋਗ- ਡਾ.ਨਛੱਤਰ ਪਾਲ





**ਫਗਵਾੜਾ 9 ਮਈ ( ਚਰਨਜੀਤ ਸੱਲ੍ਹਾ )** ਬਹੁਜਨ ਸਮਾਜ ਪਾਰਟੀ ਪੰਜਾਬ ਦੇ ਜੋਨ ਇੰਚਾਰਜ ਅਤੇ ਨਵਾਂਸ਼ਹਿਰ ਤੋਂ ਵਿਧਾਇਕ ਡਾ.ਨਛੱਤਰ ਪਾਲ ਨੇ ਡਾ.ਅੰਬੇਡਕਰ ਬੁੱਧਿਸਟ ਰਿਸੋਰਸ ਸੈਂਟਰ ਸੂੰਢ ਦਾ ਦੌਰਾ ਕੀਤਾ। ਡਾ. ਨਛੱਤਰ ਦਾ ਸੈਂਟਰ ਵਿਖੇ ਪਹੁੰਚਣ 'ਤੇ ਡਾ. ਅੰਬੇਡਕਰ ਮੈਮੋਰੀਅਲ ਕਮੇਟੀ ਪੰਜਾਬ ਦੇ ਪ੍ਰਧਾਨ ਐਡਵੋਕੇਟ ਕੁਲਦੀਪ ਭੱਟੀ ਦੀ ਅਗਵਾਈ ਵਿੱਚ ਭਰਵਾਂ ਸਵਾਗਤ ਕੀਤਾ ਗਿਆ।

ਡਾ. ਨਛੱਤਰ ਪਾਲ ਤਥਾਗਤ ਬੁੱਧ ਅਤੇ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੀ ਪ੍ਰਤਿਮਾ ਨੂੰ ਫੁੱਲ ਮਾਲਾਵਾਂ ਭੇਂਟ ਕਰਨ ਉਪਰੰਤ ਡਾ. ਅੰਬੇਡਕਰ ਮਿਊਜ਼ੀਅਮ ਅਤੇ ਡਾ.ਅੰਬੇਡਕਰ ਮੈਮੋਰੀਅਲ ਪਬਲਿਕ ਸਕੂਲ ਦਾ ਵੀ ਦੌਰਾ ਕੀਤਾ। ਇਸ ਮੌਕੇ ਵਿਧਾਇਕ ਡਾ. ਨਛੱਤਰ ਪਾਲ ਨੇ ਕਿਹਾ ਕਿ ਡਾ. ਮੈਮੋਰੀਅਲ ਕਮੇਟੀ ਪੰਜਾਬ ਵਲੋਂ ਪ੍ਰਧਾਨ ਐਡਵੋਕੇਟ ਕੁਲਦੀਪ ਭੱਟੀ ਦੀ ਰਹਿਨੁਮਾਈ ਹੇਠ ਤਥਾਗਤ ਬੁੱਧ ਅਤੇ ਬਾਬਾ ਸਾਹਿਬ ਅੰਬੇਡਕਰ ਜੀ ਦੇ ਮਿਸ਼ਨ ਦਾ ਪ੍ਰਚਾਰ ਪ੍ਰਸਾਰ ਕਰਨ ਅਤੇ ਬੱਚਿਆ ਨੂੰ ਮਿਆਰੀ ਸਿੱਖਿਆ ਅਤੇ ਖੇਡਾਂ ਵੱਲ ਉਤਸ਼ਾਹਿਤ ਕਰਨ ਦਾ ਉਪਰਾਲਾ ਬਹੁਤ ਹੀ ਸ਼ਲਾਘਾਯੋਗ ਹੈ। ਕਮੇਟੀ ਵਲੋਂ ਵਿਧਾਇਕ ਡਾ.ਨਛੱਤਰ ਪਾਲ ਦਾ ਵਿਸ਼ੇਸ਼ ਤੌਰ ਤੇ ਸਨਮਾਨਿਤ ਵੀ ਕੀਤਾ। ਇਸ ਮੌਕੇ ਕਮੇਟੀ ਪ੍ਰਧਾਨ ਐਡਵੋਕੇਟ ਕੁਲਦੀਪ ਭੱਟੀ ਨੇ ਵਿਧਾਇਕ ਡਾ.ਨਛੱਤਰ ਪਾਲ ਦਾ ਡਾ.ਅੰਬੇਡਕਰ ਬੁੱਧਿਸਟ ਰਿਸੋਰਸ ਸੈਂਟਰ ਸੂੰਢ ਵਿਖੇ ਪਹੁੰਚਣ 'ਤੇ ਜੀ ਆਇਆ ਆਖਦਿਆਂ ਦਿਲ ਦੀਆ ਗਹਿਰਾਈਆ ਤੋਂ ਧੰਨਵਾਦ ਕੀਤਾ। ਵਿਧਾਇਕ ਨੂੰ ਜਾਣੂ ਕਰਵਾਇਆ ਕਿ ਡਾ.ਅੰਬੇਡਕਰ ਮੈਮੋਰੀਅਲ ਕਮੇਟੀ ਪੰਜਾਬ ਅਤੇ ਗ੍ਰੇਟ ਬ੍ਰਿਟੇਨ ਵਲੋਂ ਜੋ ਸਕੂਲ ਚਲਾਇਆ ਜਾ ਰਿਹਾ ਹੈ ਉਸ ਵਿੱਚ ਨੋ ਪਰੋਫਟ 'ਤੇ ਬੱਚਿਆ ਨੂੰ ਮਿਆਰੀ ਸਿੱਖਿਆ ਪ੍ਰਦਾਨ ਕੀਤੀ ਜਾ ਰਹੀ ਹੈ। ਉਨ੍ਹਾ ਨੇ ਡਾ.ਨਛੱਤਰ ਪਾਲ ਵਲੋਂ ਪੰਜਾਬ ਵਿਧਾਨ ਸਭਾ ਵਿੱਚ ਬੁੱਧ ਪੂਰਨਿਮਾ ਦੀ ਛੁੱਟੀ ਕਰਨ ਅਤੇ ਬੋਧੀ ਭਾਈਚਾਰੇ ਦੇ ਨੁਮਾਇੰਦੇ ਨੂੰ ਘੱਟ ਗਿਣਤੀ ਕਮਿਸ਼ਨ ਵਿੱਚ ਮੈਂਬਰ ਬਣਾਉਣ ਦੀ ਮੰਗ ਰੱਖਣ ਲਈ ਉਨ੍ਹਾ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਉਨ੍ਹਾ ਦਾ ਧੰਨਵਾਦ ਕੀਤਾ। ਇਸ ਮੌਕੇ ਭੰਤੇ ਵਿਨੈ ਥੈਰੋ ਜੀ, ਬਸਪਾ ਪੰਜਾਬ ਦੇ ਜਨਰਲ ਸਕੱਤਰ ਪ੍ਰਵੀਨ ਬੰਗਾ, ਉਪ ਪ੍ਰਧਾਨ ਹਰਬਲਾਸ ਬਸਰਾ, ਪ੍ਰਿੰਸੀਪਲ ਮਨਜੀਤ ਸਿੰਘ ਲੌਂਗੀਆ, ਵਾਈਸ ਪ੍ਰਿੰਸੀਪਲ ਅੰਜਲੀ, ਇੰਦਰਜੀਤ ਅਟਾਰੀ ਜਨਰਲ ਸਕੱਤਰ, ਮਹੇਸ਼ ਕੁਮਾਰ ਧੰਮਾ ਵਿੰਗ ਇੰਚਾਰਜ, ਸੋਡੀ ਰਾਮ ਝੱਲੀ, ਸਲਿੰਦਰ ਸਿੰਘ ਹੀਰਾ, ਵਿਜੇ ਗੁਣਾਚੌਰ, ਦੀਨ ਦਿਆਲ ਅਟਾਰੀ, ਕਸ਼ਮੀਰੀ ਲਾਲ ਝੱਲੀ, ਜਸਪਾਲ ਸਿੰਘ ਸੰਧੀ, ਕੁਲਦੀਪ ਸਿੰਘ, ਸੁਨੀਤਾ ਕੁਮਾਰੀ, ਜੁਗਿੰਦਰ ਕੌਰ, ਚਰਨਜੀਤ ਸੱਲਾਂ, ਸੋਨੀਆ ਮੱਲ ਤੋਂ ਇਲਾਵਾ ਹੋਰ ਵੀ ਕਈ ਪ੍ਰਮੁੱਖ ਸਖਸ਼ੀਅਤਾਂ ਹਾਜ਼ਰ ਸਨ।

# ਸਾਈ ਪੱਪਲ ਸ਼ਾਹ ਜੀ ਬਾਬਾ ਸਾਹਿਬ ਅੰਬੇਡਕਰ ਜੀ ਦੇ ਜਨਮ ਦਿਨ 'ਤੇ ਇੰਗਲੈਂਡ 'ਚ ਰੱਖੇ ਸਮਾਗਮਾਂ 'ਚ ਲਗਾਉਣਗੇ ਹਾਜਰੀ



**ਫਗਵਾੜਾ 9 ਮਈ ( ਚਰਨਜੀਤ ਸੱਲ੍ਹਾ)** ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ135ਵੇ ਜਨਮ ਦਿਹਾੜੇ ਨੂੰ ਸਮਰਪਿਤ ਇੰਗਲੈਂਡ ਦੀ ਧਰਤੀ ਤੇ ਵੱਖ ਵੱਖ ਸ਼ਹਿਰਾਂ ਚ ਸਮਾਗਮ ਕਰਵਾਏ ਜਾ ਰਹੇ ਹਨ ਜਿਸ ਵਿਚ ਵਿਸ਼ੇਸ਼ ਤੌਰ ਤੇ ਹਾਜਰੀ ਲਗਵਾਉਣ ਲਈ ਇੰਡੀਆ ਤੋਂ ਸਾਈਂ ਪੱਪਲ ਸ਼ਾਹ ਭਰੋ ਮਜਾਰਾ ਜੀ ਇੰਗਲੈਂਡ ਪਹੁੰਚ ਗਏ ਹਨ। ਸਾਈਂ ਪੱਪਲ ਸ਼ਾਹ ਜੀ ਇੰਗਲੈਂਡ ਦੇ ਪ੍ਰਸਿੱਧ ਸ਼ਹਿਰ ਬਰਮਿੰਘਮ, ਲੰਡਨ, ਵੁਲਵਰਹੈਂਪਟਨ, ਬਿਲਸਟਨ ਤੇ ਬਰੈਡਫੋਰਡ ਵਿਖੇ ਰੱਖੇ ਸਮਾਗਮਾ ਵਿਚ ਬਾਬਾ ਸਾਹਿਬ ਤੇ ਸਾਹਿਬ ਕਾਂਸ਼ੀ ਰਾਮ ਜੀ ਦੇ ਕੌਮ ਦੇ ਅਮਰ ਸ਼ਹੀਦ ਸੰਤ ਰਾਮਾਨੰਦ ਜੀ ਦੇ ਜੀਵਨ ਤੇ ਅਧਾਰਿਤ ਪ੍ਰੋਗਰਾਮ ਪੇਸ਼ ਕਰਨਗੇ ਤੇ ਸੰਗਤਾਂ ਨੂੰ ਸੰਬੋਧਨ ਕਰਨਗੇ। ਜਸਵਿੰਦਰ ਕੁਮਾਰ ਪ੍ਰਧਾਨ ਗੁਰੂ ਰਵਿਦਾਸ ਗੁਰੂ ਘਰ ਬਰੈਡਫੋਰਡ,ਜਨਰਲ ਸਕੱਤਰ ਬਲਵਿੰਦਰ ਭਰੋਲੀ, ਸਚਦੇਵ ਗੋਲਡੀ, ਪਰਮਜੀਤ ਸਿੰਘ, ਲਖਵਿੰਦਰ ਬਸਰਾ, ਸੰਜੀਵ ਕੁਮਾਰ, ਸੁਭਾਸ਼ ਖੰਗੂੜਾ, ਗੁਰ- ਚਰਨ ਲੰਗਾਹ, ਪਰਮਜੀਤ ਪੰਮਾ, ਮਨਜਿੰਦਰ ਮਨੀ ਤੇ ਜਸਵੀਰ ਮੱਲ ਵਲੋਂ ਸਾਈ ਜੀ ਇੰਗਲੈਂਡ ਪਹੁੰਚਣ ਤੇ ਜੀ ਆਇਆਂ ਆਖਿਆ ਤੇ ਨਿੱਘਾ ਸਵਾਗਤ ਕੀਤਾ ਗਿਆ।

# ਕਿਰਤੀ ਕਿਸਾਨ ਯੂਨੀਅਨ ਚੰਡੀਗੜ੍ਹ ਵਿਖੇ 15 ਦੇ ਰੋਸ ਧਰਨੇ ਵਿੱਚ ਵੱਡੀ ਗਿਣਤੀ ਵਿੱਚ ਸ਼ਾਮਲ ਹੋਵੇਗੀ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਕਿਰਤੀ ਕਿਸਾਨ ਯੂਨੀਅਨ ਦੀ ਜ਼ਿਲ੍ਹਾ ਕਮੇਟੀ ਦੀ ਮੀਟਿੰਗ ਜਗਤਾਰ ਸਿੰਘ ਭਿੰਡਰ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿਚ ਸੰਯੁਕਤ ਕਿਸਾਨ ਮੋਰਚੇ ਵੱਲੋਂ 15 ਮਈ ਨੂੰ ਚੰਡੀਗੜ੍ਹ ਵਿਖੇ ਕੀਤੇ ਜਾ ਰਹੇ ਰੋਸ ਪ੍ਰਦਰਸ਼ਨ ਵਿਚ ਵੱਡੀ ਗਿਣਤੀ ਵਿਚ ਸ਼ਾਮਿਲ ਹੋਣ ਦਾ ਫੈਸਲਾ ਕੀਤਾ ਗਿਆ। ਅੱਜ ਦੀ ਮੀਟਿੰਗ ਵਿੱਚ ਹਰਮੇਸ਼ ਸਿੰਘ ਢੇਸੀ, ਭੂਪਿੰਦਰ ਸਿੰਘ ਭੂੰਗਾ, ਕਲਵਿੰਦਰ ਸਿੰਘ ਚਾਹਲ, ਦਰਸ਼ਨ ਸਿੰਘ ਖਨੂਰ, ਸੁਖਵਿੰਦਰ ਸਿੰਘ ਸੋਢੀ ਜੱਲੋਵਾਲ, ਸਤਨਾਮ ਸਿੰਘ ਮੁਖਲਿਆਣਾ, ਗੁਰਦੀਪ ਸਿੰਘ ਹਰਖੋਵਾਲ, ਹਰਨੇਕ ਸਿੰਘ ਪੰਡੋਰੀ ਬੀਬੀ, ਬਲਵਿੰਦਰ ਸਿੰਘ ਵਿਰਕ ਬਡਲਾ, ਜਰਨੈਲ ਸਿੰਘ ਮੁਖਲਿਆਣਾ, ਸਰਪੰਚ ਰਾਮਜੀਤ ਸਿੰਘ ਦੇਣੋਵਾਲ, ਅਵਤਾਰ ਸਿੰਘ ਖਨੂਰ, ਕੁਲਬੀਰ ਸਿੰਘ ਮਜਾਰਾ ਡੀਂਗਰੀਆਂ, ਬਾਬਾ ਸਰਜੀਤ ਸਿੰਘ 'ਤੇ ਧਰਮਵੀਰ ਸਿੰਘ ਹਾਰਟਾ ਆਦੀ ਹਾਜ਼ਰ ਸਨ।

# ਮਾਂ ਸਿਰਫ਼ ਘਰ ਨਹੀਂ ਸੰਭਾਲਦੀ ਉਹ ਪੂਰੇ ਪਰਿਵਾਰ ਦੀ ਨੀਂਹ ਹੁੰਦੀ ਹੈ : ਦਿਲਬਾਗ ਸਿੰਘ ਬਾਗੀ



**ਬੰਗਾ 9 ਮਈ (ਚਰਨਜੀਤ ਸੱਲ੍ਹਾ)** ਮਾਂ ਉਹ ਮਹਾਨ ਅਤੇ ਪਵਿੱਤਰ ਰੂਹ ਹੈ ਜਿਸ ਦੇ ਪਿਆਰ, ਮਮਤਾ ਅਤੇ ਤਿਆਗ ਨੂੰ ਸ਼ਬਦਾਂ ਵਿੱਚ ਬਿਆਨ ਕਰਨਾ ਅਸੰਭਵ ਹੈ। ਇਸ ਧਰਤੀ ਤੇ ਜੇਕਰ ਕਿਸੇ ਰਿਸ਼ਤੇ ਵਿੱਚ ਸੱਚਾ ਪਿਆਰ, ਨਿਸ਼ਕਾਮ ਭਾਵਨਾ ਅਤੇ ਬੇਅੰਤ ਦੁਆਵਾਂ ਵੱਸਦੀਆਂ ਹਨ ਤਾਂ ਉਹ ਮਾਂ ਦਾ ਰਿਸ਼ਤਾ ਹੈ। ਮਾਂ ਆਪਣੀ ਕੋਖ ਵਿੱਚ ਨੌਂ ਮਹੀਨੇ ਬੱਚੇ ਨੂੰ ਸਾਂਭਦੀ ਹੈ, ਹਰ ਦਰਦ ਹੱਸ ਕੇ ਸਹਿੰਦੀ ਹੈ ਅਤੇ ਜਨਮ ਤੋਂ ਬਾਅਦ ਆਪਣੀ ਪੂਰੀ ਜ਼ਿੰਦਗੀ ਬੱਚਿਆਂ ਦੀਆਂ ਖੁਸ਼ੀਆਂ ਲਈ ਸਮਰਪਿਤ ਕਰ ਦਿੰਦੀ ਹੈ। ਇੱਕ ਮਾਂ ਆਪਣੇ ਬੱਚਿਆਂ ਦੇ ਚਿਹਰੇ ਉੱਤੇ ਮੁਸਕਾਨ ਦੇਖਣ ਲਈ ਆਪਣੀਆਂ ਖਾਹਿਸ਼ਾਂ, ਸੁੱਖ ਅਤੇ ਆਰਾਮ ਤੱਕ ਕੁਰਬਾਨ ਕਰ ਦਿੰਦੀ ਹੈ। ਜਦੋਂ ਬੱਚਾ ਬੋਲਣਾ ਵੀ ਨਹੀਂ ਜਾਣਦਾ ਹੁੰਦਾ, ਮਾਂ ਉਸ ਦੀ ਹਰ ਤਕਲੀਫ਼ ਨੂੰ ਬਿਨਾ ਬੋਲੇ ਸਮਝ ਲੈਂਦੀ ਹੈ। ਉਸ ਦੀ ਗੋਦ ਦੁਨੀਆ ਦੀ ਸਭ ਤੋਂ ਸੁਰੱਖਿਅਤ ਥਾਂ ਹੁੰਦੀ ਹੈ ਜਿੱਥੇ ਹਰ ਦੁੱਖ, ਡਰ ਅਤੇ ਤਕਲੀਫ਼ ਆਪਣੇ ਆਪ ਦੂਰ ਹੋ ਜਾਂਦੀ ਹੈ। ਮਾਂ ਸਿਰਫ਼ ਇੱਕ ਘਰ ਨਹੀਂ ਸੰਭਾਲਦੀ, ਉਹ ਪੂਰੇ ਪਰਿਵਾਰ ਦੀ ਨੀਂਹ ਹੁੰਦੀ ਹੈ। ਉਹ ਬੱਚਿਆਂ ਨੂੰ ਚੰਗੇ ਸੰਸਕਾਰ, ਇਨਸਾਨੀਅਤ, ਸੱਚਾਈ ਅਤੇ ਮਿਹਨਤ ਦਾ ਰਾਹ ਦਿਖਾਉਂਦੀ ਹੈ। ਜੇਕਰ ਮਨੁੱਖ ਆਪਣੀ ਜ਼ਿੰਦਗੀ ਵਿੱਚ ਕਾਮਯਾਬ ਹੁੰਦਾ ਹੈ ਤਾਂ ਉਸ ਕਾਮਯਾਬੀ ਦੇ ਪਿੱਛੇ ਮਾਂ ਦੀਆਂ ਬੇਅੰਤ ਅਰਦਾਸਾਂ, ਜਾਗੀਆਂ ਰਾਤਾਂ ਅਤੇ ਕੀਤੀਆਂ ਕੁਰਬਾਨੀਆਂ ਲੁਕੀਆਂ ਹੁੰਦੀਆਂ ਹਨ। ਮਾਂ ਉਹ ਚਾਨਣ ਹੈ ਜੋ ਆਪਣੇ ਬੱਚਿਆਂ ਦੀ ਜ਼ਿੰਦਗੀ ਦੇ ਹਰ ਹਨੇਰੇ ਨੂੰ ਦੂਰ ਕਰਨ ਲਈ ਖੁਦ ਸੜਦੀ ਰਹਿੰਦੀ ਹੈ। ਇਸ ਦੁਨੀਆ ਵਿੱਚ ਬਹੁਤ ਸਾਰੇ ਰਿਸ਼ਤੇ ਵਕਤ ਨਾਲ ਬਦਲ ਜਾਂਦੇ ਹਨ, ਪਰ ਮਾਂ ਦਾ ਪਿਆਰ ਕਦੇ ਨਹੀਂ ਬਦਲਦਾ। ਉਹ ਹਰ ਹਾਲਤ ਵਿੱਚ ਆਪਣੇ ਬੱਚਿਆਂ ਨਾਲ ਖੜੀ ਰਹਿੰਦੀ ਹੈ, ਚਾਹੇ ਸਮਾਂ ਚੰਗਾ ਹੋਵੇ ਜਾਂ ਮਾੜਾ। "ਮਾਤਾ ਦਿਵਸ" ਸਿਰਫ਼ ਇੱਕ ਦਿਹਾੜਾ ਨਹੀਂ, ਸਗੋਂ ਮਾਂ ਦੀ ਮਹਾਨਤਾ, ਉਸ ਦੇ ਤਿਆਗ ਅਤੇ ਉਸ ਦੀ ਬੇਮਿਸਾਲ ਸ਼ਖ਼ਸੀਅਤ ਨੂੰ ਨਮਨ ਕਰਨ ਦਾ ਪਵਿੱਤਰ ਮੌਕਾ ਹੈ। ਇਸ ਮੌਕੇ ਰੋਟਰੀ ਕਲੱਬ ਬੰਗਾ ਗ੍ਰੀਨ ਵਲੋਂ ਦੇਸ਼ ਵਿਦੇਸ਼ ਵਿੱਚ ਵੱਸਦੀਆਂ ਸਮੂਹ ਮਾਤਾਵਾਂ ਨੂੰ ਦਿਲੋਂ ਲੱਖ-ਲੱਖ ਵਧਾਈਆਂ ਅਤੇ ਸ਼ੁਭਕਾਮਨਾਵਾਂ ਦਿੱਤੀਆਂ ਜਾਂਦੀਆਂ ਹਨ। ਕਲੱਬ ਪ੍ਰਧਾਨ ਰੋਟ ਦਿਲਬਾਗ ਸਿੰਘ ਬਾਗੀ, ਰੋਟ ਸ਼ਮਿੰਦਰ ਸਿੰਘ ਗਰਚਾ ਅਤੇ ਸਮੂਹ ਮੈਂਬਰਾਂ ਨੇ ਕਿਹਾ ਕਿ ਮਾਂ ਦਾ ਸਤਿਕਾਰ ਕਰਨਾ ਸਾਡਾ ਸਭ ਤੋਂ ਵੱਡਾ ਫਰਜ਼ ਹੈ, ਕਿਉਂਕਿ ਜਿਸ ਘਰ ਵਿੱਚ ਮਾਂ ਦੀ ਕਦਰ ਹੁੰਦੀ ਹੈ, ਉਸ ਘਰ ਵਿੱਚ ਹਮੇਸ਼ਾਂ ਖੁਸ਼ੀਆਂ, ਬਰਕਤਾਂ ਅਤੇ ਵਾਹਿਗੁਰੂ ਦੀ ਰਹਿਮਤ ਬਣੀ ਰਹਿੰਦੀ ਹੈ। ਆਓ ਅੱਜ ਇਸ ਪਵਿੱਤਰ ਦਿਹਾੜੇ ਤੇ ਅਸੀਂ ਸਭ ਇਹ ਸੰਕਲਪ ਲਈਏ ਕਿ ਅਸੀਂ ਆਪਣੀਆਂ ਮਾਵਾਂ ਨੂੰ ਪਿਆਰ, ਸਤਿਕਾਰ ਅਤੇ ਸਮਾਂ ਦੇਵਾਂਗੇ, ਕਿਉਂਕਿ ਮਾਂ ਵਰਗਾ ਰਿਸ਼ਤਾ ਦੁਨੀਆ ਵਿੱਚ ਕੋਈ ਹੋਰ ਨਹੀਂ। ਵਾਹਿਗੁਰੂ ਸਮੂਹ ਮਾਤਾਵਾਂ ਨੂੰ ਚੰਗੀ ਸਿਹਤ, ਲੰਬੀ ਉਮਰ, ਖੁਸ਼ੀਆਂ ਅਤੇ ਸਦਾ ਚੜ੍ਹਦੀ ਕਲਾ ਵਾਲਾ ਜੀਵਨ ਬਖ਼ਸ਼ਣ।

# ਯੂਰੀਆ ਖਾਦ ਦੀ ਅਣ-ਅਧਿਕਾਰਤ ਵਰਤੋਂ ਰੋਕਣ ਲਈ ਜ਼ਿਲ੍ਹਾ ਪੱਧਰੀ ਟਾਸਕਫੋਰਸ ਦਾ ਗਠਨ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੇ ਦਿਸ਼ਾ-ਨਿਰਦੇਸ਼ਾਂ ਹੇਠ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਸਬਸਿਡੀਸ਼ੁਦਾ ਯੂਰੀਆ ਖਾਦ ਦੀ ਅਣ-ਅਧਿਕਾਰਤ ਵਰਤੋਂ ਅਤੇ ਡਾਇਵਰਜਨ ਨੂੰ ਰੋਕਣ ਲਈ ਜ਼ਿਲ੍ਹਾ ਪੱਧਰੀ ਟਾਸਕ ਫੋਰਸ ਦਾ ਗਠਨ ਕੀਤਾ ਗਿਆ ਹੈ। ਇਸ ਟਾਸਕ ਫੋਰਸ ਵਿੱਚ ਮੁੱਖ ਖੇਤੀਬਾੜੀ ਅਫਸਰ, ਜਨਰਲ ਮੈਨੇਜਰ, ਜ਼ਿਲ੍ਹਾ ਉਦਯੋਗ ਕੇਂਦਰ ਅਤੇ ਐਸ.ਪੀ. ਹੈਡਕੁਆਰਟਰ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਦੱਸਿਆ ਕਿ ਇਸ ਟਾਸਕਫੋਰਸ ਦਾ ਮੁੱਖ ਉਦੇਸ਼ ਖੇਤੀਬਾੜੀ ਲਈ ਦਿੱਤੀ ਜਾਣ ਵਾਲੀ ਸਬਸਿਡੀਸ਼ੁਦਾ ਯੂਰੀਆ ਖਾਦ ਦੀ ਗੈਰ-ਖੇਤੀਬਾੜੀ ਕੰਮਾਂ ਵਿੱਚ ਹੋ ਰਹੀ ਵਰਤੋਂ ‘ਤੇ ਨਿਗਰਾਨੀ ਰੱਖਣਾ ਅਤੇ ਇਸ ਨੂੰ ਪੂਰੀ ਤਰ੍ਹਾਂ ਰੋਕਣਾ ਹੈ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਵੱਲੋਂ



ਕਿਸਾਨਾਂ ਨੂੰ ਵਾਜ਼ਬ ਕੀਮਤ ‘ਤੇ ਯੂਰੀਆ ਉਪਲਬੱਧ ਕਰਵਾਉਣ ਲਈ ਵੱਡੇ ਪੱਧਰ ‘ਤੇ ਸਬਸਿਡੀ ਦਿੱਤੀ ਜਾਂਦੀ ਹੈ, ਪਰ ਕੁਝ ਉਦਯੋਗਿਕ ਇਕਾਈਆਂ ਅਤੇ ਫੈਕਟਰੀਆਂ ਵੱਲੋਂ ਇਸ ਦੀ ਗਲਤ ਵਰਤੋਂ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਯੂਰੀਆ ਖਾਦ ਦੀ ਵਰਤੋਂ ਫੀਡ ਤਿਆਰ ਕਰਨ, ਰੇਜਿਨ ਬਣਾਉਣ, ਪਲਾਈਵੁੱਡ ਫੈਕਟਰੀਆਂ ਅਤੇ ਹੋਰ ਗੈਰ-ਖੇਤੀਬਾੜੀ ਕੰਮਾਂ ਵਿੱਚ ਕੀਤੇ ਜਾਣ ਕਾਰਨ ਸਰਕਾਰ ਨੂੰ ਆਰਥਿਕ ਨੁਕਸਾਨ ਝੱਲਣਾ ਪੈਂਦਾ ਹੈ ਅਤੇ ਕਿਸਾਨਾਂ ਲਈ ਖਾਦ ਦੀ ਉਪਲਬਧਤਾ ਪ੍ਰਭਾਵਿਤ ਹੁੰਦੀ ਹੈ। ਮੁੱਖ ਖੇਤੀਬਾੜੀ ਅਫਸਰ ਡਾ. ਦਪਿੰਦਰ ਸਿੰਘ ਸੰਧੂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਟਾਸਕਫੋਰਸ ਵੱਲੋਂ ਜ਼ਿਲ੍ਹੇ ਵਿੱਚ ਯੂਰੀਆ ਖਾਦ ਦੀ ਸਪਲਾਈ, ਸਟੋਰੇਜ ਅਤੇ ਵਰਤੋਂ ‘ਤੇ ਲਗਾਤਾਰ ਨਿਗਰਾਨੀ ਰੱਖੀ ਜਾਵੇਗੀ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵਿਅਕਤੀ ਨੂੰ ਯੂਰੀਆ ਖਾਦ ਦੀ ਅਣ-ਅਧਿਕਾਰਤ ਵਰਤੋਂ ਸਬੰਧੀ ਕੋਈ ਜਾਣਕਾਰੀ ਜਾਂ ਸ਼ਿਕਾਇਤ ਹੋਵੇ ਤਾਂ ਉਹ ਖੇਤੀਬਾੜੀ ਵਿਭਾਗ ਦੇ ਸਬੰਧਤ ਬਲਾਕ ਦਫ਼ਤਰ ਵਿਖੇ ਸੰਪਰਕ ਕਰ ਸਕਦਾ ਹੈ। ਉਨ੍ਹਾਂ ਚੇਤਾਵਨੀ ਦਿੱਤੀ ਕਿ ਦੋਸ਼ੀਆਂ ਖਿਲਾਫ ਫਰਟੀਲਾਇਜ਼ਰ ਕੰਟਰੋਲ ਆਰਡਰ 1985 ਤਹਿਤ ਸਖ਼ਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

## ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਹਸਪਤਾਲ ਦੇ ਡਾ. ਮਾਨਵਦੀਪ ਸਿੰਘ ਬੈਂਸ ਵੱਲੋਂ ਹਾਈ ਰਿਸਕ ਐਨ. ਆਰ. ਆਈ. ਮਰੀਜ਼ ਦੇ ਪਿੱਤੇ ਅਤੇ ਗਦੂਦਾਂ ਦਾ ਸਫਲ ਅਪਰੇਸ਼ਨ

**ਬੰਗਾ 09 ਮਈ (ਚਰਨਜੀਤ ਸੱਲ੍ਹਾ)** ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ ਜਰਨਲ ਅਤੇ ਲੈਪਰੋਸਕੋਪਿਕ ਅਪਰੇਸ਼ਨਾਂ ਦੇ ਮਾਹਿਰ ਡਾ. ਮਾਨਵਦੀਪ ਸਿੰਘ ਬੈਂਸ ਐਮ.ਐਸ. ਵੱਲੋਂ 75 ਸਾਲ ਦੇ ਹਾਈ ਰਿਸਕ ਮਰੀਜ਼ (ਐਨ.ਆਰ.ਆਈ.) ਦੇ ਪਿੱਤੇ ਅਤੇ ਗਦੂਦਾਂ ਦਾ ਸਫਲ ਅਪਰੇਸ਼ਨ ਕੀਤੇ ਜਾਣ ਦਾ ਸਮਾਚਾਰ ਹੈ । ਪ੍ਰਾਪਤ ਜਾਣਕਾਰੀ ਅਨੁਸਾਰ ਐਨ.ਆਰ.ਆਈ. ਮਰੀਜ਼. ਕਾਫੀ ਸਮੇਂ ਤੋਂ ਪੇਟ ਅਤੇ ਪਿਸ਼ਾਬ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਸੀ ਅਤੇ ਰੋਜ਼ਾਨਾ ਜੀਵਨ ਦੇ ਕੰਮ-ਕਾਰ ਕਰਨਾ ਵੀ ਬਹੁਤ ਮੁਸ਼ਕਿਲ ਹੋ ਗਿਆ ਸੀ । ਉਹ ਵਿਦੇਸ਼ ਤੋਂ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ ਮਾਹਿਰ ਸਰਜਨ ਡਾ. ਮਾਨਵਦੀਪ ਸਿੰਘ ਬੈਂਸ ਤੋਂ ਆਪਣਾ ਇਲਾਜ ਕਰਵਾਉਣ ਆਏ । ਡਾ. ਬੈਂਸ ਵੱਲੋਂ ਮਰੀਜ਼ ਦਾ ਜਾਂਚ ਕੀਤੀ ਗਈ ਅਤੇ ਉਹਨਾਂ ਦੀਆਂ ਦੋਵਾਂ ਬਿਮਾਰੀਆਂ ਪਿੱਤੇ ਅਤੇ ਗਦੂਦਾਂ ਦਾ ਸਫਲ ਅਪਰੇਸ਼ਨ ਕੀਤਾ ਗਿਆ । ਅਪਰੇਸ਼ਨ ਉਪਰੰਤ ਮਰੀਜ਼ ਪੂਰੀ ਤਰ੍ਹਾਂ ਤੰਦਰੁਸਤ ਹਨ । ਡਾ. ਬੈਂਸ ਨੇ ਦੱਸਿਆ ਕਿ ਇਸ ਮਰੀਜ਼ ਦਾ ਆਧੁਨਿਕ ਲੈਪਰੋਸਕੋਪਿਕ ਸਰਜਰੀ ਨਾਲ ਬਿਨਾਂ ਚੀਰੇ ਵਾਲਾ ਅਪਰੇਸ਼ਨ ਕੀਤਾ ਗਿਆ ਅਤੇ ਇਸ ਨਵੀ ਤਕਨੀਕ ਕਰਕੇ ਨਾ ਹੀ ਰੀੜ੍ਹ ਦੀ ਹੱਡੀ ਵਾਲਾ ਬਹੋਸ਼ੀ ਵਾਲਾ ਟੀਕਾ ਲਾਇਆ ਗਿਆ । ਇਸ ਹਾਈ ਰਿਸਕ ਦਿਲ



**ਹਸਪਤਾਲ ਢਾਹਾਂ ਕਲੇਰਾਂ ਵਿਖੇ ਐਨ.ਆਰ. ਆਈ. ਮਰੀਜ਼ ਨੂੰ ਛੁੱਟੀ ਦੇਣ ਮੌਕੇ ਡਾ. ਮਾਨਵਦੀਪ ਸਿੰਘ ਬੈਂਸ, ਡਾ. ਦੀਪਕ ਦੁੱਗਲ ਨਾਲ ਖੁਸ਼ੀ ਭਰੇ ਮਾਹੌਲ ਵਿਚ।**

ਦੇ ਮਰੀਜ਼ ਦੇ ਅਪਰੇਸ਼ਨ ਮੌਕੇ ਡਾ. ਦੀਪਕ ਦੁੱਗਲ ਐਨਸਥੀਸੀਆ ਮਾਹਿਰ ਨੇ ਵਿਸ਼ੇਸ਼ ਸਹਿਯੋਗ ਦਿੱਤਾ। ਡਾ. ਬੈਂਸ ਨੇ ਲੋਕਾਂ ਨੂੰ ਜਾਣਕਾਰੀ ਦਿੰਦੇ ਦੱਸਿਆ ਕਿ ਪੇਟ ਵਿਚ ਦਰਦ ਹੋਵੇ ਤਾਂ ਪਿੱਤੇ ਦੀ ਪੱਥਰੀ ਦੇ ਲੱਛਣਾਂ ਨੂੰ ਕਦੇ ਵੀ ਨਜ਼ਰਅੰਦਾਜ਼ ਨਾ ਕਰੋ । ਇਸ ਬਿਮਾਰੀ ਦਾ ਸਮੇਂ 'ਤੇ ਇਲਾਜ ਕਰਨ ਨਾਲ ਗੰਭੀਰ ਖਤਰੇ ਤੋਂ ਬਚਿਆ ਜਾ ਸਕਦਾ ਹੈ । ਹਸਪਤਾਲ ਪ੍ਰਬੰਧਕ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਧਾਨ ਕੁਲਵਿੰਦਰ ਸਿੰਘ ਢਾਹਾਂ ਨੇ ਡਾ. ਮਾਨਵਦੀਪ ਸਿੰਘ ਬੈਂਸ (ਜਰਨਲ ਤੇ ਲੈਪਰੋਸਕੋਪਿਕ ਸਰਜਨ) ਡਾ. ਦੀਪਕ ਦੁੱਗਲ (ਐਨਸਥੀਸੀਆ ਮਾਹਿਰ) ਨੂੰ ਐਨ.ਆਰ. ਆਈ ਮਰੀਜ਼ ਦੇ ਪਿੱਤੇ ਅਤੇ ਗਦੂਦਾਂ ਦਾ ਸਫਲ ਅਪਰੇਸ਼ਨ ਕਰਨ ਦੀਆਂ ਵਧਾਈਆਂ ਦਿੱਤੀਆਂ । ਐਨ.ਆਰ. ਆਈ. ਮਰੀਜ਼ ਵੱਲੋ ਉਹਨਾਂ ਦਾ ਵਧੀਆ ਅਪਰੇਸ਼ਨ ਕਰਨ ਲਈ ਡਾ. ਮਾਨਵਦੀਪ ਸਿੰਘ ਬੈਂਸ ਅਤੇ ਹਸਪਤਾਲ ਪ੍ਰਬੰਧਕਾਂ ਦਾ ਹਾਰਦਿਕ ਧੰਨਵਾਦ ਕੀਤਾ । ਜ਼ਿਕਰਯੋਗ ਹੈ ਕਿ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ ਡਾ. ਮਾਨਵਦੀਪ ਸਿੰਘ ਬੈਂਸ ਪਿੱਤੇ ਦੀ ਪੱਥਰੀ, ਗਦੂਦਾਂ, ਹਰਨੀਆਂ, ਫਿਸ਼ਰ, ਅਪੈਂਡਿਕਸ, ਹਾਈਡਰੋਸੀਲ, ਲੱਤਾਂ ਦੀਆਂ ਫ਼ੁੱਲੀਆਂ ਨਸਾਂ, ਬਵਾਸੀਰ, ਭਗੰਦਰ ਆਪਰੇਸ਼ਨ, ਮੋਟਾਪਾ ਘਟਾਉਣ, ਪੇਟ ਦੇ ਰੋਗਾਂ ਦਾ ਇਲਾਜ ਤੇ ਅਪਰੇਸ਼ਨਾਂ ਦੇ ਮਾਹਿਰ ਡਾਕਟਰ ਹਨ । ਹਸਪਤਾਲ ਢਾਹਾਂ ਕਲੇਰਾਂ ਵਿਖੇ ਸਰਜਰੀ ਵਿਭਾਗ ਵਿਚ ਹਰ ਤਰ੍ਹਾਂ ਦੇ ਵੱਡੇ ਅਤੇ ਦੂਰਬੀਨੀ ਅਪਰੇਸ਼ਨ ਕਰਨ ਲਈ ਆਧੁਨਿਕ ਯੰਤਰ ਅਤੇ ਨਵੀਨਤਮ ਪ੍ਰਬੰਧ ਹਨ । ਇਸ ਮੌਕੇ ਡਾ. ਜਸਦੀਪ ਸਿੰਘ ਸੈਣੀ ਮੈਡੀਕਲ ਸੁਪਰਡੈਂਟ, ਸ. ਮਹਿੰਦਰਪਾਲ ਸਿੰਘ ਦਫਤਰ ਸੁਪਰਡੈਂਟ ਅਤੇ ਮੈਡਮ ਦਵਿੰਦਰ ਕੌਰ ਨਰਸਿੰਗ ਸੁਪਰਡੈਂਟ ਵੀ ਹਾਜ਼ਰ ਸਨ ।

## ਸ਼੍ਰੋਮਣੀ ਅਕਾਲੀ ਦਲ (ਬ ) ਦੇ ਇੰਚਾਰਜ ਹਨੀ ਟੌਂਸਾ ਦਾ ਪਿੰਡ ਨੰਗਲ ਪਹੁੰਚਣ ਤੇ ਨਗਰ ਨਿਵਾਸੀਆਂ ਨੇ ਕੀਤਾ ਜ਼ੋਰਦਾਰ ਸਵਾਗਤ

**ਨਵਾਂਸ਼ਹਿਰ /ਕਾਠਗੜ੍ਹ 9 ਮਈ (ਜਤਿੰਦਰ ਪਾਲ ਸਿੰਘ ਕਲੇਰ )** ਸ਼੍ਰੋਮਣੀ ਅਕਾਲੀ ਦਲ (ਬ) ਦੇ ਹਲਕਾ ਬਲਾਚੌਰ ਦੇ ਇੰਚਾਰਜ ਸੰਦੀਪ ਚੋਧਰੀ (ਹਨੀ ਟੌਂਸਾ )ਹਲਕੇ ਵਿੱਚ ਆਪਣੀ ਪਾਰਟੀ ਨੂੰ ਮਜਬੂਤੀ ਦਿਵਾਉਣ ਲਈ ਹਲਕੇ ਦੇ ਵੱਖ ਵੱਖ ਪਿੰਡਾਂ ਵਿੱਚ ਜਾ ਕੇ ਪਾਰਟੀ ਦੀਆਂ ਨੀਤੀਆਂ ਅਤੇ ਗਤੀਵਿਧੀਆਂ ਨੂੰ ਲੋਕਾਂ ਨਾਲ ਸਾਝਾਂ ਕਰ ਰਹੇ ਹਨ ਜਿਸ ਕਰਕੇ ਲੋਕ ਸ਼੍ਰੋਮਣੀ ਅਕਾਲੀ ਦਲ (ਬ ) ਨਾਲ ਜੁੜ ਰਹੇ ਹਨ। ਬੀਤੇ ਦਿਨ ਉਹ ਆਪਣੇ ਸਾਥੀਆਂ ਸਮੇਤ ਪਿੰਡ ਨੰਗਲ (ਰਾਏਪੁਰ ) ਵਿਖੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਸਵਰਨ ਸਿੰਘ ਪ੍ਰਧਾਨ ਦੇ ਘਰ ਪਹੁੰਚੇ ਜਿੱਥੇ ਪਿੰਡ ਦੇ ਲੋਕਾਂ ਨੇ ਉਨ੍ਹਾਂ ਦਾ ਭਰਵਾਂ ਸਵਾਗਤ ਕੀਤਾ ਇਸ ਮੌਕੇ ਉਨ੍ਹਾਂ ਕਿਹਾ ਕੇ ਪੰਜਾਬ ਦਾ ਵਿਕਾਸ ਤਾਂ ਹੀ ਹੋ ਸਕਦਾ ਹੈ ਜੇ ਕਰ 2027 ਦੀਆਂ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ (ਬ)ਦੀ ਸਰਕਾਰ ਬਣੇ ਇਸ ਮੌਕੇ ਸਮੂਹ ਨਗਰ ਨਿਵਾਸੀਆਂ ਨੇ ਹਨੀ ਟੌਂਸਾ ਅਸ਼ੀਰਵਾਦ ਦਿੰਦਿਆਂ ਵਿਸ਼ਵਾਸ ਦਿਵਾਇਆ ਕੇ ਅਸੀਂ ਹਰ ਹਾਲਤ ਵਿੱਚ ਸ਼੍ਰੋਮਣੀ ਅਕਾਲੀ ਦਲ (ਬ) ਨੂੰ ਚੋਣ ਜਿਤਾਅ ਕੇ ਲੋਕਾਂ ਦੀ ਆਪਣੀ ਸਰਕਾਰ ਬਣਾਵਾਂਗੇ ਇਸ ਮੌਕੇ ਹਨੀ ਟੌਂਸਾ ਨੇ ਪਿੰਡ ਵਾਸੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ।ਇਸ ਮੌਕੇ ਸਵਰਨ ਸਿੰਘ ਪ੍ਰਧਾਨ, ਗੁਰਬਚਨ ਸਿੰਘ, ਗੁਰਮੀਤ ਸਿੰਘ ਰੀਹਲ, ਸੰਤੋਖ ਸਿੰਘ, ਬਲਵਿੰਦਰ



ਸਿੰਘ, ਕਸ਼ਮੀਰੀ ਲਾਲ, ਰਮੇਸ਼ ਕੁਮਾਰ, ਹਰਜੀਤ ਸਿੰਘ, ਹਰਬਲਾਸ ਸਿੰਘ, ਨਰਿੰਦਰ ਸਿੰਘ, ਕੁਲਦੀਪ ਸਿੰਘ, ਮੱਖਣ ਸਿੰਘ, ਪਰਮਜੀਤ ਸਿੰਘ ਪਨਿਆਲੀ, ਦਲਜੀਤ ਸਿੰਘ ਮਾਣੇਵਾਲ ਸਮੇਤ ਵੱਡੀ ਗਿਣਤੀ ਨਗਰ ਨਿਵਾਸੀ ਹਾਜ਼ਰ ਸਨ।

# ਤੇਜ਼ ਰਫ਼ਤਾਰ ਸਕਾਰਪੀਓ ਨੇ ਐਕਟਿਵਾ ਸਵਾਰ ਨੂੰ ਕੁਚਲਿਆ, ਮੌਕੇ 'ਤੇ ਹੋਈ ਮੌਤ

**ਬਲਾਚੌਰ 9 ਮਈ (ਜਤਿੰਦਰ ਪਾਲ ਸਿੰਘ ਕਲੇਰ )** ਰੋਪੜ੍ਹ ਬਲਾਚੌਰ ਨੈਸ਼ਨਲ ਹਾਈਵੇ ਤੇ ਬਲਾਚੌਰ ਦੇ ਕੰਗਣਾ ਪੁਲ ਐਕਸੀਡੈਂਟ ਹੋਣ ਸਮਾਚਾਰ ਪ੍ਰਾਪਤ ਹੋਇਆ ਹੈ, ਜਿਸ ਵਿੱਚ ਇੱਕ ਵਿਅਕਤੀ ਦੀ ਦਰਦਨਾਕ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਸੁਭਾਸ਼ ਚੰਦਰ ਬਲਾਚੌਰ ਵਜੋਂ ਹੋਈ ਹੈ। ਇਸ ਹਾਦਸੇ ਸਬੰਧੀ ਜਾਣਕਾਰੀ ਦਿੰਦੇ ਹੋਏ ਐਸ ਐਸ ਐਫ ਟੀਮ ਦੇ ਇੰਚਾਰਜ ਏ ਐਸ ਆਈ ਪ੍ਰਵੀਨ ਕੁਮਾਰ ਨੇ ਦੱਸਿਆ ਕਿ ਸੁਭਾਸ਼ ਚੰਦਰ ਆਪਣੀ ਐਕਟਿਵਾ 'ਤੇ ਸਵਾਰ ਹੋ ਕੇ ਜਾ ਰਹੇ ਸਨ। ਜਦੋਂ ਉਹ ਕੰਗਣਾ ਪੁਲ ਦੇ ਨਜ਼ਦੀਕ ਪਹੁੰਚੀਆਂ ਤਾਂ ਇੱਕ ਤੇਜ਼ ਰਫ਼ਤਾਰ ਕਾਲੇ ਰੰਗ ਦੀ ਸਕਾਰਪੀਓ ਨੇ ਉਹਨਾਂ ਨੂੰ ਜ਼ੋਰਦਾਰ ਟੱਕਰ ਮਾਰ ਦਿੱਤੀ। ਟੱਕਰ ਇੰਨੀ ਜ਼ਬਰਦਸਤ ਸੀ ਕਿ ਸੁਭਾਸ਼ ਚੰਦਰ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ । ਸਕਾਰਪੀਓ ਚਾਲਕ ਮੌਕੇ ਤੋਂ ਗੱਡੀ ਸਮੇਤ ਫ਼ਰਾਰ ਹੋ ਗਿਆ। ਮੌਕੇ ਤੇ ਇੱਕਤਰ ਲੋਕਾਂ ਨੇ ਇਲਾਜ਼ ਲਈ ਸੁਭਾਸ਼ ਚੰਦਰ ਨੂੰ ਹਸਪਤਾਲ ਲਿਜਾ ਰਹੇ ਸਨ ਪਰ ਉਸ ਦੀ ਰਸਤੇ ਵਿੱਚ ਮੌਤ ਹੋ ਗਈ ਅਤੇ ਨਿੱਜੀ ਹਸਪਤਾਲ ਵਿਖੇ ਪਹੁੰਚਾਇਆ। ਪਰ ਅਫ਼ਸੋਸ



ਕਿ ਉੱਥੇ ਪਹੁੰਚਣ 'ਤੇ ਡਾਕਟਰਾਂ ਨੇ ਉਹਨਾਂ ਨੂੰ ਮ੍ਰਿਤਕ ਘੋਸ਼ਿਤ ਕਰ ਦਿੱਤਾ। ਘਟਨਾ ਦੀ ਸੂਚਨਾ ਮਿਲਦੇ ਹੀ ਸੜਕ ਸੁਰੱਖਿਆ ਫੋਰਸ ਦੀ ਟੀਮ ਮੌਕੇ 'ਤੇ ਪਹੁੰਚੀ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਫ਼ਰਾਰ ਗੱਡੀ ਦੀ ਭਾਲ ਲਈ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਸਰਚ ਕੀਤੀ ਜਾ ਰਹੀ ਹੈ।

# ਪੱਤਰਕਾਰਾਂ ਦੀ ਸੁਰੱਖਿਆ ਅਤੇ ਮੀਡੀਆ ਦੀ ਆਜ਼ਾਦੀ 'ਤੇ ਸੰਜੈ ਰਾਠੀ ਤੇ ਪਵਨ ਜਿੰਦਲ ਵਿਚਾਲੇ ਵਿਸਥਾਰ ਚਰਚਾ

**ਚੰਡੀਗੜ੍ਹ ਗੁਰਭਿੰਦਰ ਗੁਰੀ**

ਪੱਤਰਕਾਰ ਸੁਰੱਖਿਆ ਕਾਨੂੰਨ, ਕੈਸ਼ਲੈੱਸ ਇਲਾਜ ਯੋਜਨਾ ਅਤੇ ਪੈਨਸ਼ਨ ਨਿਯਮਾਂ ਨੂੰ ਸਰਲ ਬਣਾਉਣ ਦੀ ਉਠੀ ਮੰਗ

9 ਮਈ। ਮੀਡੀਆ ਕਾਉਂਸਲ ਆਫ ਜਰਨਲਿਸਟਸ ਦੇ ਰਾਸ਼ਟਰੀ ਪ੍ਰਧਾਨ ਸੰਜੈ ਰਾਠੀ ਨੇ ਸਮਾਲਖਾ ਦੇ ਪੱਟੀ ਕਲਿਆਣਾ ਸਥਿਤ ਸੇਵਾ ਸਾਧਨਾ ਕੇਂਦਰ ਵਿੱਚ ਰਾਸ਼ਟਰੀ ਸਵੈਸੇਵਕ ਸੰਘ ਉੱਤਰ ਖੇਤਰ ਦੇ ਸੰਘਚਾਲਕ ਪਵਨ ਜਿੰਦਲ ਨਾਲ ਸ਼ਿਸ਼ਟਾਚਾਰ ਮੁਲਾਕਾਤ ਕੀਤੀ। ਇਸ ਮੌਕੇ ਪੱਤਰਕਾਰਾਂ ਨਾਲ ਸੰਬੰਧਿਤ ਵੱਖ-ਵੱਖ ਜਵਲੰਤ ਮੁੱਦਿਆਂ, ਭਲਾਈ ਯੋਜਨਾਵਾਂ ਅਤੇ ਲੋਕਤੰਤਰ ਵਿੱਚ ਮੀਡੀਆ ਦੀ ਭੂਮਿਕਾ 'ਤੇ ਵਿਸਥਾਰ ਨਾਲ ਚਰਚਾ ਕੀਤੀ ਗਈ। ਮੀਟਿੰਗ ਦੌਰਾਨ ਸੰਜੈ ਰਾਠੀ ਨੇ ਕਿਹਾ ਕਿ ਮੌਜੂਦਾ ਸਮੇਂ ਵਿੱਚ ਪੱਤਰਕਾਰ ਬਹੁਤ ਹੀ ਚੁਣੌਤੀਪੂਰਨ ਹਾਲਾਤਾਂ ਵਿੱਚ ਆਪਣੀ ਡਿਊਟੀ ਨਿਭਾ ਰਹੇ ਹਨ। ਉਨ੍ਹਾਂ ਕਿਹਾ ਕਿ ਲੋਕਤੰਤਰ ਨੂੰ ਮਜ਼ਬੂਤ ਬਣਾਉਣ ਵਿੱਚ ਪੱਤਰਕਾਰਾਂ ਦੀ ਮਹੱਤਵਪੂਰਨ ਭੂਮਿਕਾ ਹੈ, ਪਰ ਇਸ ਦੇ ਬਾਵਜੂਦ ਪੱਤਰਕਾਰਾਂ ਨੂੰ ਸੁਰੱਖਿਆ, ਸਮਾਜਿਕ ਸਨਮਾਨ ਅਤੇ ਆਰਥਿਕ ਸਥਿਰਤਾ ਵਰਗੀਆਂ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਮੰਗ ਕੀਤੀ ਕਿ ਸੁਤੰਤਰ ਅਤੇ ਨਿਰਪੱਖ ਪੱਤਰਕਾਰਤਾ ਦੀ ਰੱਖਿਆ ਲਈ ਜਲਦ ਤੋਂ ਜਲਦ ਪੱਤਰਕਾਰ ਸੁਰੱਖਿਆ ਕਾਨੂੰਨ ਲਾਗੂ ਕੀਤਾ ਜਾਵੇ। ਸੰਜੈ ਰਾਠੀ ਨੇ ਕਿਹਾ ਕਿ ਸੂਬੇ ਵਿੱਚ ਨਵੀਂ ਮੀਡੀਆ ਐਕ੍ਰੇਡੀਟੇਸ਼ਨ ਕਮੇਟੀ ਦਾ ਗਠਨ ਲੰਬੇ ਸਮੇਂ ਤੋਂ ਲੰਬਿਤ ਪਿਆ ਹੈ, ਜਿਸ ਕਾਰਨ ਕਈ ਪੱਤਰਕਾਰਾਂ ਨੂੰ ਮਾਨਤਾ ਸੰਬੰਧੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਪਾਰਦਰਸ਼ੀ ਅਤੇ ਨਿਰਪੱਖ ਪ੍ਰਣਾਲੀ



ਨੂੰ ਯਕੀਨੀ ਬਣਾਉਂਦੇ ਹੋਏ ਜਲਦੀ ਨਵੀਂ ਐਕ੍ਰੇਡੀਟੇਸ਼ਨ ਕਮੇਟੀ ਦਾ ਗਠਨ ਕੀਤਾ ਜਾਵੇ। ਉਨ੍ਹਾਂ ਸਾਰੇ ਪੱਤਰਕਾਰਾਂ ਲਈ ਕੈਸ਼ਲੈੱਸ ਇਲਾਜ ਯੋਜਨਾ ਲਾਗੂ ਕਰਨ ਦੀ ਲੋੜ 'ਤੇ ਵੀ ਜ਼ੋਰ ਦਿੱਤਾ। ਰਾਠੀ ਨੇ ਕਿਹਾ ਕਿ ਪੱਤਰਕਾਰ ਦਿਨ-ਰਾਤ ਸਮਾਜ ਅਤੇ ਦੇਸ਼ ਹਿਤ ਵਿੱਚ ਕੰਮ ਕਰਦੇ ਹਨ, ਇਸ ਲਈ ਉਨ੍ਹਾਂ ਦੀ ਸਿਹਤ ਦੀ ਜ਼ਿੰਮੇਵਾਰੀ ਵੀ ਸਰਕਾਰ ਨੂੰ ਗੰਭੀਰਤਾ ਨਾਲ ਲੈਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਐਲਾਨੀਆਂ ਗਈਆਂ ਕਈ ਯੋਜਨਾਵਾਂ ਦਾ ਜ਼ਮੀਨੀ ਪੱਧਰ 'ਤੇ ਲਾਗੂ ਨਾ ਹੋਣਾ ਦੁੱਖਦਾਈ ਗੱਲ ਹੈ। ਸੰਜੈ ਰਾਠੀ ਨੇ ਪੱਤਰਕਾਰ ਪੈਨਸ਼ਨ ਨਿਯਮਾਂ ਨੂੰ ਸਰਲ ਬਣਾਉਣ ਅਤੇ ਵਧਦੀ ਮਹਿੰਗਾਈ ਦੇ ਅਨੁਸਾਰ ਪੈਨਸ਼ਨ ਰਕਮ ਵਿੱਚ ਵਾਧਾ ਕਰਨ ਦੀ ਵੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਸੀਨੀਅਰ ਪੱਤਰਕਾਰਾਂ ਨੇ ਆਪਣੀ ਪੂਰੀ ਜ਼ਿੰਦਗੀ ਸਮਾਜ ਅਤੇ ਲੋਕਤੰਤਰ ਦੀ ਸੇਵਾ ਲਈ ਸਮਰਪਿਤ ਕੀਤੀ ਹੈ, ਇਸ ਲਈ ਉਨ੍ਹਾਂ ਦੇ ਸਨਮਾਨਜਨਕ ਜੀਵਨ ਯਾਪਨ ਦੀ ਜ਼ਿੰਮੇਵਾਰੀ ਸਰਕਾਰ ਦੀ ਬਣਦੀ ਹੈ।

ਇਸ ਮੌਕੇ ਉਨ੍ਹਾਂ ਨੇ ਪੁਲਿਸ ਵੱਲੋਂ ਪੱਤਰਕਾਰਾਂ 'ਤੇ ਝੂਠੇ ਅਤੇ ਮਨਘੜੰਤ ਮਾਮਲੇ ਦਰਜ ਕਰਨ ਦੀ ਵਧ ਰਹੀ ਪ੍ਰਵਿਰਤੀ 'ਤੇ ਵੀ ਗੰਭੀਰ ਚਿੰਤਾ ਜਤਾਈ। ਰਾਠੀ ਨੇ ਕਿਹਾ ਕਿ ਕਈ ਵਾਰ ਨਿਰਭੀਕ ਅਤੇ ਨਿਰਪੱਖ ਪੱਤਰਕਾਰਤਾ ਕਰਨ ਵਾਲੇ ਪੱਤਰਕਾਰਾਂ ਨੂੰ ਦਬਾਅ ਹੇਠ ਲਿਆਉਣ ਲਈ ਫਰਜ਼ੀ ਐਫਆਈਆਰ ਦਰਜ ਕੀਤੀਆਂ ਜਾਂਦੀਆਂ ਹਨ, ਜੋ ਲੋਕਤੰਤਰ ਅਤੇ ਅਭਿਵੈਕਤੀ ਦੀ ਆਜ਼ਾਦੀ ਲਈ ਗੰਭੀਰ ਖਤਰਾ ਹਨ। ਉਨ੍ਹਾਂ ਕਿਹਾ ਕਿ ਪੱਤਰਕਾਰਾਂ ਦੀ ਆਵਾਜ਼ ਦਬਾਉਣ ਦੇ ਅਜਿਹੇ ਯਤਨ ਕਿਸੇ ਵੀ ਸਿਹਤਮੰਦ ਲੋਕਤੰਤਰ ਲਈ ਠੀਕ ਨਹੀਂ ਮੰਨੇ ਜਾ ਸਕਦੇ। ਇਸ ਦੌਰਾਨ ਪਵਨ ਜਿੰਦਲ ਨੇ ਕਿਹਾ ਕਿ ਮੀਡੀਆ ਲੋਕਤੰਤਰ ਦਾ ਚੌਥਾ ਸਤੰਭ ਹੈ ਅਤੇ ਅਭਿਵੈਕਤੀ ਦੀ ਆਜ਼ਾਦੀ ਲੋਕਤੰਤਰ ਦੀ ਆਤਮਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਨੂੰ ਮਜ਼ਬੂਤ ਅਤੇ ਜਾਗਰੂਕ ਬਣਾਉਣ ਵਿੱਚ ਸੁਤੰਤਰ ਅਤੇ ਨਿਰਪੱਖ ਮੀਡੀਆ ਦੀ ਬਹੁਤ ਮਹੱਤਵਪੂਰਨ ਭੂਮਿਕਾ ਹੁੰਦੀ ਹੈ। ਉਨ੍ਹਾਂ ਕਿਹਾ ਕਿ ਪੱਤਰਕਾਰ ਸਮਾਜ ਸਾਹਮਣੇ ਸੱਚਾਈ ਲਿਆਉਣ ਦਾ ਕੰਮ ਕਰਦੇ ਹਨ ਅਤੇ ਉਨ੍ਹਾਂ ਦੀ ਸੁਰੱਖਿਆ ਅਤੇ ਸਨਮਾਨ ਯਕੀਨੀ ਬਣਾਉਣਾ ਸਮੇਂ ਦੀ ਵੱਡੀ ਲੋੜ ਹੈ।

ਮੀਟਿੰਗ ਦੌਰਾਨ ਲੋਕਤਾਂਤਰਿਕ ਮੁੱਲਾਂ ਦੀ ਰੱਖਿਆ, ਪੱਤਰਕਾਰਾਂ ਦੇ ਅਧਿਕਾਰਾਂ, ਮੀਡੀਆ ਦੀ ਆਜ਼ਾਦੀ ਅਤੇ ਸਮਾਜ ਵਿੱਚ ਸਕਾਰਾਤਮਕ ਸੰਵਾਦ ਨੂੰ ਮਜ਼ਬੂਤ ਕਰਨ ਵਰਗੇ ਕਈ ਹੋਰ ਵਿਸ਼ਿਆਂ 'ਤੇ ਵੀ ਗੰਭੀਰਤਾ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ।

# ਹਰ ਸ਼ੁਕਰਵਾਰ ਡੇਂਗੂ ਤੇ ਵਾਰ ਮੁਹਿੰਮ ਤਹਿਤ ਪਿੰਡ ਮਜਾਰੀ ਵਿਖੇ ਡੇਂਗੂ ਦੇ ਬਚਾਅ ਸੰਬੰਧੀ ਜਾਣਕਾਰੀ ਦਿੱਤੀ

**ਨਵਾਂਸ਼ਹਿਰ /ਕਾਠਗੜ੍ਹ 9 ਮਈ (ਜਤਿੰਦਰ ਪਾਲ ਸਿੰਘ ਕਲੇਰ )** ਸੀਨੀਅਰ ਮੈਡੀਕਲ ਅਫਸਰ ਡਾਕਟਰ ਜਤਿੰਦਰ ਸਿੰਘ ਪੀ ਐੱਚ ਸੀ ਸੜੋਆ ਜੀ ਦੀ ਯੋਗ ਅਗਵਾਈ ਹੇਠ ਹੈਲਥ ਇੰਸਪੈਕਟਰ ਗੁਰਿੰਦਰ ਸਿੰਘ ਨੇ ਟੀਮ ਮੈਂਬਰਾਂ ਨੂੰ ਨਾਲ ਲੈ ਕੇ ਪਿੰਡ ਮਜਾਰੀ ਵਿਖੇ ਘਰ ਘਰ ਜਾ ਕੇ ਡੇਂਗੂ ਦਾ ਲਾਰਵਾ ਚੈੱਕ ਕੀਤਾ ਅਤੇ ਡੇਂਗੂ ਦੇ ਬਚਾਅ ਅਤੇ ਲੱਛਣਾਂ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿੰਦਿਆਂ ਦੱਸਿਆ ਕਿ ਡੇਂਗੂ ਏਡੀਜ਼ ਨਾਂ ਦੇ ਮੱਛਰ ਦੇ ਕੱਟਣ ਨਾਲ ਫੈਲਦਾ ਹੈ ਅਤੇ ਇਹ ਮੱਛਰ ਸਾਫ ਖੜੇ ਪਾਣੀ ਦੇ ਸੋਮਿਆਂ ਵਿੱਚ ਪੈਦਾ ਹੁੰਦੇ ਹਨ ਡੇਂਗੂ ਦੇ ਲੱਛਣਾਂ ਸਬੰਧੀ ਦੱਸਿਆ ਇਸ ਵਿੱਚ ਤੇਜ਼ ਬੁਖਾਰ ਹੋਣਾ ਸਿਰ ਦਰਦ ਹੋਣਾ ਮਾਸਪੇਸ਼ਿਆਂ ਤੇ ਜੋੜਾਂ ਚ ਦਰਦ ਹੋਣਾ ਚਮੜੀ ਤੇ ਦਾਣੇ ਹੋਣਾ ਅੱਖਾਂ ਦੇ ਪਿਛੱਲੇ ਹਿੱਸੇ ਵਿਚ ਦਰਦ ਹੋਣਾ ਅਤੇ ਹਾਲਤ ਖਰਾਬ ਹੋਣ ਤੇ ਮਸੂੜਿਆਂ ਅਤੇ ਨੱਕ ਵਿੱਚੋਂ ਖੂਨ ਵਗਣਾ ਹੋ ਸਕਦੇ ਹਨ ਇਸ ਤੋਂ ਬਚਾਓ ਲਈ ਸਾਨੂੰ ਕੂਲਰਾਂ ਅਤੇ ਗਮਲਿਆਂ ਦੀਆਂ ਟਰੇਆਂ ਵਿੱਚ ਖੜੇ ਪਾਣੀ ਨੂੰ ਹਫਤੇ ਵਿੱਚ ਇੱਕ ਵਾਰ ਜਰੂਰ ਸਾਫ ਕਰਕੇ ਸੁਕਾਉਣਾ ਚਾਹੀਦਾ ਹੈ, ਕੱਪੜੇ ਅਜਿਹੇ ਪਹਿਨੋ ਜਿਸ ਨਾਲ ਸਰੀਰ ਪੂਰੀ ਤਰਾ ਢਕਿਆ



ਰਹੇ ਤਾਂ ਕਿ ਮੱਛਰ ਤੁਹਾਨੂੰ ਕੱਟ ਨਾ ਸਕੇ ਸੌਣ ਵੇਲੇ ਮੱਛਰਦਾਨੀ ਜਾਂ ਮੱਛਰ ਭੁਜਾਉਣ ਵਾਲੀਆਂ ਕਰੀਮਾਂ ਦੀ ਵਰਤੋਂ ਕਰੋ ਛੱਤਾਂ ਤੇ ਰੱਖੀਆਂ ਪਾਣੀ ਦੀਆਂ ਟੈਂਕੀਆਂ ਨੂੰ ਚੰਗੀ ਤਰ੍ਹਾਂ ਢੱਕ ਕੇ ਰੱਖੋ ਟੁੱਟੇ ਭੱਜੇ ਬਰਤਣਾ ਡਰਾਮਾ ਅਤੇ ਟਾਇਰਾਂ ਨੂੰ ਖੁੱਲੇ ਵਿੱਚ ਨਾ ਰੱਖੋ ਹਰੇਕ ਸ਼ੁਕਰਵਾਰ ਆਪਣੇ ਘਰਾਂ ਵਿੱਚ ਪਾਣੀ ਦੇ ਭਰੇ ਭਾਂਡਿਆਂ ਨੂੰ ਇੱਕ ਵਾਰ ਚੰਗੀ ਤਰ੍ਹਾਂ ਜਰੂਰ ਸਾਫ ਕਰਕੇ ਸੁਕਾਉਣਾ ਚਾਹੀਦਾ ਹੈ ਇਸ ਮੌਕੇ ਤੇ ਮਲਟੀਪਰਪਜ਼ ਹੈਲਥ ਵਰਕਰ ਬਿੰਦਰ ਕੁਮਾਰ ਅਤੇ ਪੇਂਡੂ ਸਿਹਤ ਸਫਾਈ ਸੰਮਤੀ ਦੇ ਮੈਂਬਰ ਹਾਜ਼ਰ ਸਨ।

# ਦ ਨੋਰਵੁੱਡ ਸਕੂਲ ਦੇ ਵਿਦਿਆਰਥੀਆਂ ਦੀ ਜਿਲ੍ਹਾਂ ਕ੍ਰਿਕਟ ਟੀਮ ਵਿੱਚ ਚੋਣ




**ਨਵਾਂਸ਼ਹਿਰ /ਕਾਠਗੜ੍ਹ 9 ਮਈ (ਜਤਿੰਦਰ ਪਾਲ ਸਿੰਘ ਕਲੇਰ )** ਦ ਨੋਰਵੁੱਡ ਸਕੂਲ, ਚਾਹਲ ਦੀ ਮੈਨੇਜਮੈਂਟ ਨੇ ਇਹ ਦੱਸਦਿਆਂ ਮਾਣ ਮਹਿਸੂਸ ਕੀਤਾ ਕਿ ਸਾਡੀਆਂ ਚਾਰ ਵਿਦਿਆਰਥਣਾਂ ਕ੍ਰਿਤਿਕਾ, ਪ੍ਰਨਿਧੀ ਚੌਧਰੀ, ਮਾਹੀ ਅਤੇ ਦਾਨਵੀ ਚੌਧਰੀ ਦੀ ਚੋਣ ਜਿਲ੍ਹਾਂ ਕ੍ਰਿਕਟ ਟੀਮ ਲਈ ਕੀਤੀ ਗਈ ਹੈ। ਮੈਨੇਜਮੈਂਟ ਨੇ ਅੱਗੇ ਦੱਸਦਿਆਂ ਕਿਹਾ ਕਿ ਇਹ ਇਹਨਾਂ ਵਿਦਿਆਰਥੀਆਂ ਦਾ ਖੇਡ ਪ੍ਰਤੀ ਸਮਰਪਣ, ਸਖਤ ਮਿਹਨਤ ਤੇ ਜਨੂੰਨ ਦਾ ਨਤੀਜਾ ਹੈ ਤੇ ਇਸ ਸਫਲਤਾ ਪਿੱਛੇ ਇਹਨਾਂ ਦੇ ਕੋਚਿਸ ਦਾ ਵੀ ਪੂਰਾ ਯੋਗਦਾਨ ਹੈ। ਨੋਰਵੁੱਡ ਸਕੂਲ ਪੜਾਈ ਦੇ ਨਾਲ-ਨਾਲ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਹਮੇਸ਼ਾ ਵਚਨਬੱਧ ਹੈ।

# ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਵੱਲੋਂ ਮਹੀਨਾਵਾਰ ਮੀਟਿੰਗ ਦੌਰਾਨ ਸਰਕਾਰ ਵੱਲੋਂ ਪੈਨਸ਼ਨਰਾਂ ਨੂੰ ਪ੍ਰੇਸ਼ਾਨ ਕਰਨ ਦੀ ਨਿੰਦਾ

## ਮਈ ਮਹੀਨੇ ਜਨਮ ਦਿਨ ਵਾਲੇ ਸਾਥੀਆਂ ਦੇ ਜਨਮ ਦਿਹਾੜੇ ਮਨਾਏ

**ਧੂਰੀ, (ਰਮੇਸ਼ਵਰ ਸਿੰਘ)** ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਰਜਿ ਧੂਰੀ ਦੀ ਮਹੀਨਾਵਾਰ ਮੀਟਿੰਗ ਪ੍ਰਧਾਨ ਸੁਖਦੇਵ ਸ਼ਰਮਾ ਦੀ ਪ੍ਰਧਾਨਗੀ ਹੇਠ ਸਥਾਨਕ ਦਫ਼ਤਰ ਸੰਗਰੂਰ ਵਾਲੀ ਕੋਠੀ ਵਿਖੇ ਹੋਈ। ਮੀਟਿੰਗ ਦੌਰਾਨ ਸੁਖਦੇਵ ਸ਼ਰਮਾ ਤੋਂ ਇਲਾਵਾ ਜਸਦੇਵ ਸਿੰਘ ਕਾਰਜਕਾਰੀ ਪ੍ਰਧਾਨ, ਡਾ ਅਮਰਜੀਤ ਸਿੰਘ ਸਕੱਤਰ, ਰਤਨ ਸਿੰਘ ਭੰਡਾਰੀ ਵਿੱਤ ਸਕੱਤਰ, ਸੀਨੀਅਰ ਆਗੂ ਚਰਨਜੀਤ ਸਿੰਘ ਕੈਂਥ, ਇੰਦਰਜੀਤ ਸ਼ਰਮਾ, ਸੁਰਜੀਤ ਸਿੰਘ ਘਨੌਰੀ ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਹੋਏ। ਸ਼ੁਰੂਆਤ ਮੌਕੇ ਪਿਛਲੇ ਦਿਨਾਂ ਵਿੱਚ ਸਦੀਵੀ ਵਿਛੋੜਾ ਦੇ ਗਏ ਪੈਨਸ਼ਨਰਾਂ ਅਤੇ ਉਹਨਾਂ ਦੇ ਸਕੇ ਸਬੰਧੀਆਂ ਨੂੰ ਸ਼ਰਧਾਂਜਲੀ ਭੇਂਟ ਕਰਦੇ ਹੋਏ ਦੋ ਮਿੰਟ ਦਾ ਮੌਨ ਰੱਖਿਆ ਗਿਆ। ਉਪਰੰਤ ਵੱਖ ਵੱਖ ਬੁਲਾਰਿਆਂ ਨੇ ਪੰਜਾਬ ਸਰਕਾਰ ਦੀਆਂ ਪੈਨਸ਼ਨਰ ਮਾਰੂ ਨੀਤੀਆਂ ਦੀ ਪੁਰਜ਼ੋਰ ਨਿੰਦਾ ਕੀਤੀ। ਲੰਮੇ ਸਮੇਂ ਤੋਂ ਲਟਕਦੇ



ਆ ਰਹੇ ਮਸਲਿਆਂ ਪ੍ਰਤੀ ਸਰਕਾਰ ਦੀ ਘੇਸਲ ਮਾਰੂ ਨੀਤੀ ਸਰਕਾਰ ਵੱਲੋਂ ਵੋਟਾਂ ਮੌਕੇ ਕੀਤੇ ਵਾਅਦਿਆਂ ਨਾਲ ਮੇਲ ਨਹੀਂ ਖਾਂਦੀ। ਹੁਣ ਜਦੋਂ ਕਿ ਉੱਚ ਅਦਾਲਤ ਨੇ ਸਰਕਾਰ ਨੂੰ ਫਟਕਾਰ ਲਗਾਉਂਦੇ ਹੋਏ ਮੁਕੰਮਲ ਡੀ ਏ 30 ਜੂਨ ਤੱਕ ਅਦਾ ਕਰਨ ਦਾ ਹੁਕਮ ਦਿੱਤਾ ਹੈ ਸਰਕਾਰ ਪੈਨਸ਼ਨਰਾਂ ਨੂੰ ਖੱਜਲ ਖੁਆਰ ਕਰਨ ਲਈ ਉੱਚ ਅਦਾਲਤ ਦੇ ਡਬਲ ਬੈਂਚ ਕੋਲ ਜਾ ਖੜੀ ਹੈ।

ਇਸ ਦੌਰਾਨ ਹੀ ਮਈ ਮਹੀਨੇ ਜਨਮ ਦਿਨ ਵਾਲੇ ਸਾਥੀਆਂ, ਫ਼ਕੀਰ ਸਿੰਘ, ਅਨਿਲ ਕੁਮਾਰ, ਮਨੋਹਰ ਲਾਲ, ਸੁਖਦੇਵ ਸਿੰਘ, ਰਘਵੀਰ ਚੰਦ ਸ਼ਰਮਾ, ਪਿਆਰਾ ਸਿੰਘ, ਜਨਕ ਰਾਜ ਸ਼ਰਮਾ, ਹਰੀ ਨਰਾਇਣ, ਗੁਲਜ਼ਾਰ ਸਿੰਘ, ਬਲਵੰਤ ਸਿੰਘ, ਹਰਪਾਲ ਸਿੰਘ ਅਤੇ ਤੇਜ ਸਿੰਘ ਦੇ ਜਨਮ ਦਿਨ ਮਨਾਉਂਦੇ ਹੋਏ ਹਾਰ ਪਾ ਕੇ ਅਤੇ ਮੂੰਹ ਮਿੱਠਾ ਕਰਵਾ ਕੇ ਉਹਨਾਂ ਦੀ ਲੰਮੀ ਅਤੇ ਤੰਦਰੁਸਤ ਉਮਰ ਦੀ ਕਾਮਨਾ ਕੀਤੀ ਗਈ। ਜੱਥੇਬੰਦੀ ਲਈ ਹਰ ਮਹੀਨੇ ਵਿੱਤੀ ਸਹਾਇਤਾ ਪ੍ਰਦਾਨ ਕਰਨ ਲਈ ਕਰਮਜੀਤ ਸਿੰਘ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਹਾਦਰ ਸਿੰਘ, ਓਂਕਾਰ ਸ਼ਰਮਾ, ਜਸਵੰਤ ਰਾਏ ਗੁਪਤਾ, ਸੇਵਾ ਮੁਕਤ ਡਿਪਟੀ ਡੀ ਓ ਬਿੱਕਰ ਸਿੰਘ, ਭਜਨ ਸਿੰਘ ਰੰਗੀਆਂ, ਸਰਬਜੀਤ ਸਿੰਘ ਮੀਮਸਾ, ਪ੍ਰਿੰਸੀਪਲ ਨੌਰੰਗ ਸਿੰਘ, ਸੀਤਾ ਸਿੰਘ, ਮੇਜਰ ਸਿੰਘ, ਵਿਲਕਲਸ਼ਣ ਦੱਤ, ਚਮਕੌਰ ਸਿੰਘ, ਜਾਗਰ ਸਿੰਘ, ਨਿਰਮਲ ਸਿੰਘ, ਮੱਘਰ ਸਿੰਘ, ਬਲਵੀਰ ਸਿੰਘ,ਰਲਾ ਸਿੰਘ, ਗੁਰਚਰਨ ਸਿੰਘ , ਆਤਮਾ ਸਿੰਘ, ਤਰਲੋਚਨ ਸਿੰਘ, ਰਾਜ ਕੁਮਾਰ ਗੁਪਤਾ, ਸੁਖਦੇਵ ਸਿੰਘ, ਸਰੂਪ ਸਿੰਘ, ਅਰਜਨ ਸਿੰਘ, ਸਰੂਪ ਸਿੰਘ ਸਮੇਤ ਅਨੇਕਾਂ ਪੈਨਸ਼ਨਰ ਹਾਜ਼ਰ ਸਨ।

# ਐਕਸ-ਸਰਵਿਸ ਵੈੱਲਫੇਅਰ ਸੁਸਾਇਟੀ ਰੱਤੇਵਾਲ ਦੀ ਹੋਈ ਮਹੀਨਾਵਾਰ ਮੀਟਿੰਗ

**ਨਵਾਂਸ਼ਹਿਰ /ਕਾਠਗੜ੍ਹ 9 ਮਈ (ਜਤਿੰਦਰ ਪਾਲ ਸਿੰਘ ਕਲੇਰ )** ਐਕਸ-ਸਰਵਿਸ ਵੈੱਲਫੇਅਰ ਸੁਸਾਇਟੀ ਰੱਤੇਵਾਲ ਦੀ ਇੱਕ ਜ਼ਰੂਰੀ ਮਹੀਨਾਵਾਰ ਮੀਟਿੰਗ ਪ੍ਰਧਾਨ ਇੰਸਪੈਕਟਰ ਹਰਮੇਸ਼ ਲਾਲ ਉਧਨੋਵਾਲ ਦੀ ਅਗਵਾਈ ਹੇਠ ਗਰਲਜ਼ ਕਾਲਜ ਰੱਤੇਵਾਲ ਵਿੱਚ ਹੋਈ ਮੀਟਿੰਗ ਵਿੱਚ ਦੇ ਨਵੇਂ ਮੈਂਬਰ ਅਮਰਨਾਥ ਕਸਾਨਾਂ ਅਤੇ ਲੇਖ ਰਾਜ ਸ਼ਾਮਿਲ ਹੋਏ ਇਸ ਮੌਕੇ ਪ੍ਰਧਾਨ ਹਰਮੇਸ਼ ਲਾਲ ਨੇ ਕਿਹਾ ਕੇ ਭਗਵੰਤ ਮਾਨ ਸਰਕਾਰ ਕਮਰਚਾਰੀਆਂ ਦਾ ਡੀ ਏ ਜਾਰੀ ਨਹੀ ਕਰ ਰਹੀ ਉਨ੍ਹਾਂ ਨੇ ਕਿਹਾ ਕਿ ਜੇ ਸਰਕਾਰ ਦਾ ਇਹੀ ਰਵਈਆ ਰਿਹਾ ਤਾਂ 2027 ਦੀਆਂ ਚੋਣਾਂ ਵਿੱਚ ਮੁਲਾਜ਼ਮ ਇਹਨਾਂ ਦਾ ਡੱਟਵਾਂ ਵਿਰੋਧ ਕਰੇਗੀ ਉਨ੍ਹਾਂ



ਕਿਹਾ ਕੇ ਮਹਿੰਗਾਈ ਦੇ ਯੁੱਗ ਵਿੱਚ ਲੋਕਾਂ ਨੂੰ ਵਿਆਹ ਸ਼ਾਦੀਆਂ ਤੇ ਵਧੇਰੇ ਖਰਚ ਨਹੀ ਕਰਨਾ ਚਾਹੀਦਾ ਇਸ ਸਬੰਧੀ ਸਾਡੀ ਸੁਸਾਇਟੀ ਲੋਕਾਂ ਨੂੰ ਪਿੰਡ ਵਿੱਚ ਜਾਗਰੂਕ ਕਰੇਗੀ ਉਨ੍ਹਾਂ ਕਿਹਾ ਅੱਜ ਨੋਜਵਾਨ ਪੀੜੀ ਨੂੰ ਨਸ਼ੇ ਦੀ ਬੀਮਾਰੀ ਤੋਂ ਰੋਕਣ ਲਈ ਲੋਕਾਂ ਨੂੰ ਵਿਸ਼ੇਸ਼ ਉਪਰਾਲੇ ਕਰਨ ਦੀ ਅਹਿਮ ਲੋੜ ਹੈ ਇਸ ਮੁਲ-'ਜ਼ਮ ਬਲਦੇਵ ਕ੍ਰਿਸ਼ਨ ਨੂੰ ਨੱਥਾਨੰਗਲ ਅਤੇ ਪਿੰਡ ਮਹਿੰਦੀਪੁਰ ਦਾ ਨੰਬਰਦਾਰ ਬਣਾਉਣ ਦੀ ਮੁਬਾਰਕਬਾਦ ਦਿੱਤੀ ਇਸ ਮੌਕੇ ਪ੍ਰਧਾਨ ਹਰਮੇਸ਼ ਲਾਲ 'ਕਾਬਲ ਚੇਚੀ, ਰਾਜ ਖਟਾਣਾ, ਹਰਬੰਸ ਚੇਚੀ, ਲੇਖ ਰਾਜ, ਪਰਸ਼ੋਤਮ ਲਾਲ,ਅਮਰਨਾਥ ਕਸਾਨਾਂ, ਬਲਦੇਵ ਕ੍ਰਿਸ਼ਨ ਅਤੇ ਅਜੀਤ ਰਾਮ ਸਮੇਤ ਵੱਡੀ ਗਿਣਤੀ ਸਾਬਕਾ ਮੁਲਾਜ਼ਮ ਹਾਜ਼ਰ ਸਨ।

# ਬੇਸਹਾਰਾ ਪਸ਼ੂਆਂ ਨੂੰ ਬਚਾਉਂਦਿਆਂ ਟਾਟਾ ਗੱਡੀ ਬੈਕਾਬੂ ਹੋ ਕੇ ਦਰੱਖਤ ਨਾਲ ਜਾ ਟਕਰਾਈ , ਗੱਡੀ ਬੁਰੀ ਤਰ੍ਹਾਂ ਨੁਕਸਾਨੀ ਗਈ, ਜਾਨੀ ਨੁਕਸਾਨ ਦਾ ਬਚਾਅ

**ਨਵਾਂਸ਼ਹਿਰ /ਕਾਠਗੜ੍ਹ 9 ਮਈ (ਜਤਿੰਦਰ ਪਾਲ ਸਿੰਘ ਕਲੇਰ )** ਬੀਤੀ ਰਾਤ ਬੱਸ ਅੱਡਾ ਕਾਠਗੜ੍ਹ ਮੋੜ ਤੋਂ ਕਸਬਾ ਕਾਠਗੜ੍ਹ ਵੱਲ ਜਾ ਟਾਟਾ 407 ਗੱਡੀ ਜਿਸ ਦਾ ਨੰਬਰ ਪੀ ਬੀ 07 ਬੀ ਵੀ 9029 ਸੀ ਹੈ ਜਦੋਂ ਇਹ ਟਾਟਾ ਗੱਡੀ ਧੰਜਲ ਵਰਕਸ਼ਾਪ ਦੇ ਸਾਹਮਣੇ ਪਹੁੰਚੀ ਤਾਂ



ਅਚਾਨਕ ਉਸ ਦੇ ਮੂਹਰੇ ਅਚਾਨਕ ਬੇਸਹਾਰਾ ਪਸ਼ੂ ਆ ਗਏ ਜਿਨ੍ਹਾਂ ਨੂੰ ਡਰਾਇਵਰ ਵਲੋਂ ਇਹਨਾਂ ਬੇਸਹਾਰਾ ਪਸ਼ੂਆ ਨੂੰ ਬਚਾਉਣ ਦੀ ਕੋਸ਼ਿਸ਼ ਕਰਦਿਆ ਗੱਡੀ ਬੈਕਾਬੂ ਹੋ ਸੜਕ ਕਿਨਾਰੇ ਖੜ੍ਹੇ ਦਰਖੱਤ ਵਿੱਚ ਜਾ ਟਕਰਾਈ ਜਿਸ ਕਾਰਨ ਗੱਡੀ ਬੁਰਾ ਤਰ੍ਹਾਂ ਨਾਲ ਨੁਕਸਾਨੀ ਗਈ ਪਰ ਡਰਾਈਵਰ ਦਾ ਵਾਲ ਵਾਲ ਬਚਾਅ ਹੋ ਗਿਆ।

# ਰਿਗਜ਼ ਇੰਟਰਨੈਸ਼ਨਲ ਸਕੂਲ ਲੁਧਿਆਣਾ ਵਿਖੇ ਮਾਂ ਦਿਵਸ ਮਨਾਇਆ ਗਿਆ







**ਲੁਧਿਆਣਾ।** ਰੀਗਜ਼ ਇੰਟਰਨੈਸ਼ਨਲ ਹਮੇਸ਼ਾਂ ਦੀ ਤਰ੍ਹਾਂ ਸਕੂਲ ਪੜ੍ਹਾਈ ਦੇ ਨਾਲ-ਨਾਲ ਸਾਹਿਤਿਕ ਸਰਗਮੀਆਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਂਦਾ ਹੈ। ਇਸੇ ਤਰ੍ਹਾਂ ਅੱਜ 9 ਮਈ ਦਿਨ ਸ਼ਨੀਵਾਰ ਨੂੰ ਸਕੂਲ ਵਿੱਚ ਮਾਂ-ਦਿਵਸ ਮਨਾਇਆ ਗਿਆ। ਇਸ ਪ੍ਰੋਗਰਾਮ ਲਈ ਵਿਦਿਅਰਥੀਆਂ ਨੇ ਮਾਵਾਂ ਲਈ, ਪ੍ਰਿੰਸੀਪਲ ਸ਼੍ਰੀਮਤੀ ਰਿਚਾ ਗੋਇਲ ਜੀ ਲਈ ਆਪਣੇ ਹੱਥੀਂ ਬਹੁਤ ਸੋਹਣੇ-ਸੋਹਣੇ ਕਾਰਡ ਬਣਾਏ। ਬੱਚਿਆਂ ਨੇ ਮਾਵਾਂ ਲਈ ਕਵਿਤਾਵਾਂ ਅਤੇ ਗੀਤ ਗਾਏ, ਪੰਜਵੀਂ ਜਮਾਤ ਦੇ ਵਿਦਿਆਰਥੀਆਂ ਨੇ ਬਹੁਤ ਹੀ ਭਾਵੁਕ ਨਾਟਕ ਪੇਸ਼ ਕੀਤਾ। ਉਪਰੰਤ ਬੱਚਿਆਂ ਦੀਆਂ ਮਾਤਾਵਾਂ ਨੇ ਸਵਾਲ-ਜਵਾਬ ਅਤੇ ਹੋਰ ਬਹੁਤ ਸਾਰੀਆਂ ਗਤੀਵਿਧੀਆਂ ਵਿੱਚ ਭਾਗ ਲਿਆ। ਪ੍ਰੋਗਰਾਮ ਦੇ ਅੰਤ ਵਿੱਚ ਉਹਨਾਂ ਨੂੰ ਤੋਹਫ਼ੇ ਵੰਡੇ ਗਏ ਅਤੇ ਹੋਰ ਸਤਿਕਾਰਤ ਚਿੰਨ੍ਹ ਭੇਂਟ ਕੀਤੇ ਗਏ। ਸ਼੍ਰੀਮਤੀ ਰਿਚਾ ਗੋਇਲ ਜੀ ਨੇ ਬੱਚਿਆਂ ਦੀ ਚੰਗੀ ਪਰਵਰਿਸ਼ ਕਰਨ ਦੇ ਢੰਗ ਦੱਸੇ ਅਤੇ ਬੱਚਿਆਂ ਨੂੰ ਵੀ ਮਾਪਿਆਂ ਦਾ ਸਤਿਕਾਰ ਕਰਨ ਦੀ ਪ੍ਰੇਰਨਾ ਦਿੱਤੀ। ਵਿਦਿਆਰਥੀਆਂ ਵਿੱਚ ਵੱਧਦੇ ਸੋਸ਼ਲ ਮੀਡੀਆ ਦੇ ਪ੍ਰਭਾਵ ਨੂੰ ਘੱਟ ਕਰਨ ਲਈ ਇਹੋ ਜਿਹੇ ਪ੍ਰੋਗਰਾਮ ਸਕੂਲਾਂ ਵਿੱਚ ਕਰਵਾਉਣੇ ਬਹੁਤ ਜ਼ਰੂਰੀ ਹਨ। ਇਸ ਲਈ ਮੈਂ ਪ੍ਰਿੰਸੀਪਲ ਸ਼੍ਰੀਮਤੀ ਰਿਚਾ ਗੋਇਲ ਜੀ ਅਤੇ ਚੇਅਰਮੈਨ ਸ਼੍ਰੀ ਸੰਜੀਵ ਸ਼੍ਰੀਵਾਸਤਵ ਜੀ ਨੂੰ ਇਸ ਸਫ਼ਲ ਪ੍ਰੋਗਰਾਮ ਦੀ ਵਧਾਈ ਦਿੰਦੀ ਹਾਂ ਅਤੇ ਸਾਰੇ ਵਿਦਿਆਰਥੀਆਂ , ਮਾਪਿਆਂ ਅਤੇ ਅਧਿਆਪਕਾਂ ਵੱਲੋਂ ਬਹੁਤ ਬਹੁਤ ਧੰਨਵਾਦ ਵੀ ਕਰਦੀ ਹਾਂ। ਮਾਂ-ਦਿਵਸ ਦੀਆਂ ਬਹੁਤ ਬਹੁਤ ਮੁਬਾਰਕਾਂ ਜੀ।

**ਮਨਜੀਤ ਕੌਰ ਧੀਮਾਨ,**
**ਸ਼ੇਰਪੁਰ,ਲੁਧਿਆਣਾ।**
**ਸੰ:9464633059**

# (ਮਿੰਨੀ ਕਹਾਣੀ ) "ਸੱਚ ਨੂੰ ਫਾਂਸੀ"

**(ਸਮਾਜ ਵੀਕਲੀ)** ਪੇਂਡੂ ਮਾਹੌਲ ਵਿੱਚ ਜੰਮੀ ਪਲੀ ਉਸ ਦਲਿਤ ਕੁੜੀ ਨੇ ਗਰੀਬੀ ,ਲਚਾਰੀ ਤੇ ਤੰਗੀਆਂ ਤੁਰਸ਼ੀਆਂ ਨੂੰ ਸਰੀਰ ਤੇ ਹੰਡਾਉਂਦਿਆਂ ਆਪਣੀ ਮਿਹਨਤ ਨਾਲ ਚੰਗੀ ਪੜ੍ਹਾਈ ਕੀਤੀ ਤੇ ਸਰਕਾਰੀ ਦਫਤਰ ਵਿਚ ਨੌਕਰੀ ਤੇ ਜਾ ਲੱਗੀ। ਉਸਨੂੰ ਡਿਊਟੀ ਸਥਾਨ ਵੱਡੇ ਸ਼ਹਿਰ ਵਿੱਚ ਮਿਲਿਆ ਜਿੱਥੇ ਉਸ ਦੇ ਦਫਤਰ ਦਾ ਮੁਖੀ ਤੇ ਉਸਦੇ ਸਹਿਕਰਮੀ ਉਸ ਕੁੜੀ ਦੀ ਸਾਂਵਲੀ ਦਿੱਖ, ਪੇਂਡੂ ਰਹਿਣ ਸਹਿਣ 'ਤੇ ਅਕਸਰ ਹੀ ਤੰਨਜਾਂ ਕੱਸਦੇ ਰਹਿੰਦੇ ਸਨ। ਦਫਤਰੀ ਮੁਖੀ ਸਮੇਤ ਸਾਰੇ ਮੁਲਾਜ਼ਮ ਉਸ ਕੁੜੀ ਦਾ ਗੋਤ ਕਨਾਲਾ ਆਪਣੇ ਵਿੱਚ ਕਰਨ ਤੋਂ ਪ੍ਰਹੇਜ਼ ਹੀ ਨਹੀਂ ਸਨ ਕਰਦੇ ਸਗੋਂ ਉਸ ਨੂੰ ਮਾਨਸਿਕ ਪੱਧਰ ਤੇ ਵੀ ਪ੍ਰੇਸ਼ਾਨ ਕਰਦੇ ਤੇ ਉਸ ਨੂੰ ਜਲੀਲ ਕਰਨ ਦਾ ਕੋਈ ਨਾ ਕੋਈ ਬਹਾਨਾ ਲੱਭਦੇ ਰਹਿੰਦੇ। ਆਪਣੇ ਬੌਸ ਤੇ ਸਹਿਕਰਮੀਆਂ ਦੀਆਂ ਇੰਨਾਂ ਕਾਰਵਾਈਆਂ ਤੋਂ ਤੰਗ ਉਸ ਕੁੜੀ ਨੇ ਜਥੇਬੰਦਕ ਰੂਪ ਵਿੱਚ ਆਪਣੇ ਮੁਖੀ ਖਿਲਾਫ ਆਪਣੀ ਸ਼ਿਕਾਇਤ ਉੱਚ ਅਫਸਰਾਂ ਕੋਲ ਦਰਜ ਕਰਵਾਈ ਤਾਂ ਪ੍ਰਸ਼ਾਸਨ ਨੇ ਇਨਕੁਆਰੀ ਸ਼ੁਰੂ ਕਰਦਿਆਂ ਉਸ ਦੇ ਬੌਸ ਸਮੇਤ ਉਸ ਦੀ ਵੀ ਆਰਜੀ ਬਦਲੀ ਹੋਰ ਕਿਸੇ ਹੋਰ ਦਫਤਰ ਵਿੱਚ ਕਰ ਦਿੱਤੀ। ਵਿਭਾਗੀ ਇਨਕੁਆਰੀ ਵਿੱਚ ਸ਼ਿਕਾਇਤੀ ਮੁਖੀ ਦੇ ਸਟਾਫ ਮੈਂਬਰਾਂ ਦੇ ਬਿਆਨ ਕਲਮਬੱਧ ਕੀਤੇ ਗਏ। ਸਿਆਸੀ ਪਹੁੰਚ, ਅਸਰ ਰਸੂਖ ਤੇ ਆਪਣੇ ਸਟਾਫ ਦੀ ਮਿਲੀ ਭੁਗਤ ਸਦਕਾ ਉਸ ਦਾ ਸਟਾਫ ਸ਼ਿਕਾਇਤ ਕਰਤਾ ਮੁਲਾਜ਼ਮ ਲੜਕੀ ਦੇ ਹੀ ਖਿਲਾਫ ਭੁਗਤਿਆ ।ਮਹਿਕਮੇ ਨੇ ਸ਼ਿਕਾਇਤੀਆ ਬੌਸ ਨੂੰ ਕਲੀਨ ਚਿੱਟ ਦੇ ਦਿੱਤੀ ਤੇ ਉਹ ਫਿਰ ਆਪਣੇ ਦਫਤਰ ਵਿੱਚ ਸ਼ਾਨੋ ਸ਼ੌਕਤ ਨਾਲ ਹਾਜ਼ਰ ਹੋ ਗਿਆ । ਹੁਣ ਸ਼ਿਕਾਇਤ ਕਰਨ ਵਾਲੀ ਮੁਲਾਜ਼ਮ ਲੜਕੀ ਨੇ ਆਪਣੇ ਦਮਨ ਖਿਲਾਫ ਕੀਤੇ ਸੰਘਰਸ਼ ਦੌਰਾਨ ਸਹਿਯੋਗ ਕਰਨ ਵਾਲਿਆਂ ਦਾ ਧੰਨਵਾਦ ਕਰਦਿਆਂ ਆਖਿਆ," ਭਾਵੇਂ ਅੱਜ ਫਿਰ ਸੱਚ ਨੂੰ ਫਾਂਸੀ ਹੋਈ ਹੈ ਪਰ ਇਤਿਹਾਸ ਗਵਾਹ ਹੈ ਕਿ ਅੰਤ ਜਿੱਤ ਲੜਦੇ ਲੋਕਾਂ ਦੀ ਹੀ ਹੁੰਦੀ ਹੈ"। ਉਸ ਕੁੜੀ ਦੇ ਬੋਲੇ ਸ਼ਬਦ ਸਿਸਟਮ ਦੀ ਨਿਪੁੰਸਕਤਾ ਨੂੰ ਬਿਆਨ ਕਰ ਰਹੇ ਸਨ।



**ਲੈਕਚਰਾਰ ਹਰਭਿੰਦਰ ਸਿੰਘ ਮੁੱਲਾਂਪੁਰ**

# ਮਾਂ: ਮਮਤਾ ਦਾ ਅਲੌਕਿਕ ਅਨੁਵਾਦ ਅਤੇ ਸਮੇਂ ਦੀਆਂ ਬਰੂਹਾਂ

ਕਾਇਨਾਤ ਦੇ ਕੋਰੇ ਵਰਕੇ 'ਤੇ ਰੱਬ ਨੇ ਜਦੋਂ ਮੁਹੱਬਤ ਦੀ ਪਹਿਲੀ ਇਬਾਰਤ ਲਿਖੀ ਹੋਵੇਗੀ, ਤਾਂ ਯਕੀਨਨ ਉਸ ਦਾ ਸਿਰਲੇਖ 'ਮਾਂ' ਰੱਖਿਆ ਹੋਵ-ਗਾ। ਮਾਂ ਕੋਈ ਰਿਸ਼ਤਾ ਨਹੀਂ, ਸਗੋਂ ਅਜ਼ਲ ਤੋਂ ਅਬਦ ਤੱਕ ਫੈਲਿਆ ਉਹ ਅਹਿਸਾਸ ਹੈ, ਜਿਸ ਦੀ ਡੂੰਘਾਈ ਨਾਪਣ ਲਈ ਦੁਨੀਆ ਦੇ ਸਾਰੇ ਸਮੁੰਦਰ ਛੋਟੇ ਪੈ ਜਾਂਦੇ ਹਨ। ਉਹ ਇੱਕ ਅਜਿਹੀ ਨਜ਼ਮ ਹੈ, ਜਿਸ ਨੂੰ ਅਸੀਂ ਬਚਪਨ ਦੀਆਂ ਲੋਰੀਆਂ ਵਿੱਚ ਸੁਣਿਆ ਤਾਂ ਜ਼ਰੂਰ, ਪਰ ਉਸ ਦੇ ਅਰਥ ਸਾਨੂੰ ਉਦੋਂ ਸਮਝ ਆਏ ਜਦੋਂ ਜ਼ਿੰਦਗੀ ਦੀਆਂ ਤਪਦੀਆਂ ਧੁੱਪਾਂ ਨੇ ਸਾਡੀ ਰੂਹ ਨੂੰ ਝੁਲਸਣਾ ਸ਼ੁਰੂ ਕੀਤਾ।

ਚੁੱਲ੍ਹੇ ਦੇ ਸੇਕ ਤੋਂ ਏਅਰ-ਕੰਡੀਸ਼ਨਡ ਕਮਰਿਆਂ ਤੱਕ: ਸਮੇਂ ਦੀ ਉਹ ਤਸਵੀਰ ਅੱਜ ਵੀ ਸਾਡੀ ਚੇਤਨਾ ਵਿੱਚ ਜਿਉਂਦੀ ਹੈ, ਜਿੱਥੇ ਮਿੱਟੀ ਦੇ ਚੁੱਲ੍ਹੇ 'ਚੋਂ ਨਿਕਲਦਾ ਧੂੰਆਂ ਮਾਂ ਦੀਆਂ ਅੱਖਾਂ ਵਿੱਚ ਪਾਣੀ ਤਾਂ ਭਰਦਾ ਸੀ, ਪਰ ਉਸ ਦੀ ਮਮਤਾ ਦਾ ਸੇਕ ਸਾਡੇ ਲਈ ਪੱਕਦੀਆਂ ਰੋਟੀਆਂ ਨੂੰ ਪਿਆਰ ਦਾ ਪ੍ਰਸ਼ਾਦ ਬਣਾ ਦਿੰਦਾ ਸੀ। ਉਹ ਅੱਗ ਦੇ ਨਿਸ਼ਾਨ ਜੋ ਉਸ ਦੇ ਪੋਟਿਆਂ 'ਤੇ ਉੱਕਰੇ ਜਾਂਦੇ ਸਨ, ਦਰਅਸਲ ਸਾਡੀ ਤਕਦੀਰ ਦੇ ਚਾਨਣ ਸਨ। ਉਹ ਦੁਨੀਆ ਦੀ ਸਭ ਤੋਂ ਮਾਸੂਮ 'ਝੂਠੀ' ਸੀ, ਜੋ ਆਪਣੀ ਭੁੱਖ ਨੂੰ 'ਤ੍ਰਿਪਤੀ' ਦਾ ਨਾਂ ਦੇ ਕੇ ਸਾਡੇ ਹਿੱਸੇ ਦੀ ਅੱਧੀ ਰੋਟੀ ਵੀ ਸਾਨੂੰ ਖੁਆ ਦਿੰਦੀ ਸੀ।

ਅੱਜ ਵਕਤ ਬਦਲ ਗਿਆ ਹੈ। ਅਸੀਂ ਤਰੱਕੀ ਦੀਆਂ ਪੌੜੀਆਂ ਚੜ੍ਹਦੇ ਹੋਏ ਕੱਚੇ ਕੋਠਿਆਂ ਤੋਂ ਆਲੀਸ਼ਾਨ ਬੰਗਲਿਆਂ ਤੱਕ ਤਾਂ ਪਹੁੰਚ ਗਏ, ਪਰ ਉਸ ਮਮਤਾ ਦੀ ਛਾਂ ਕਿਤੇ ਪਿੱਛੇ ਰਹਿ ਗਈ। ਅਜੋਕੇ ਦੌਰ ਵਿੱਚ ਅਸੀਂ ਮਾਂ ਦੇ ਚਿਹਰੇ ਦੀਆਂ ਝੁਰੜੀਆਂ ਪੜ੍ਹਨ ਦੀ ਬਜਾਏ ਮੋਬਾਇਲ ਦੇ ਫਿਲਟਰਾਂ ਵਿੱਚ ਖ਼ੂਬਸੂਰਤੀ ਲੱਭਦੇ ਹਾਂ। ਅਸੀਂ ਭੁੱਲ ਜਾਂਦੇ ਹਾਂ ਕਿ ਉਸ ਦੇ ਚਿੱਟੇ ਹੋਏ ਵਾਲ ਸਾਡੇ ਹਰ ਸੁਪਨੇ ਨੂੰ ਰੰਗਦਾਰ ਬਣਾਉਣ ਦੀ ਕੀਮਤ ਹਨ।

ਰੂਹਾਨੀ ਰਿਸ਼ਤਾ ਅਤੇ ਅਧੂਰਾ ਸ਼ੁਕਰਾਨਾ: ਅਸੀਂ ਵੱਡੇ ਆਦਮੀ ਬਣ ਕੇ ਅਕਸਰ ਕਹਿ ਦਿੰਦੇ ਹਾਂ, "ਮਾਂ, ਤੈਨੂੰ ਅੱਜ ਦੇ ਜ਼ਮਾਨੇ ਦਾ ਕੀ ਪਤਾ?" ਪਰ ਅਸੀਂ ਇਹ ਭੁੱਲ ਜਾਂਦੇ ਹਾਂ ਕਿ ਜਿਸ ਜ਼ਮਾਨੇ ਦੀ ਅਸੀਂ ਗੱਲ ਕਰਦੇ ਹਾਂ, ਸਾਨੂੰ ਉਸ ਕਾਬਿਲ ਬਣਾਉਣ ਲਈ ਉਸ ਨੇ ਆਪਣਾ ਪੂਰਾ 'ਜ਼ਮਾਨਾ' ਕੁਰਬਾਨ ਕਰ ਦਿੱਤਾ। ਮਾਂ ਦੀ ਗੋਦੀ ਉਹ ਤੀਰਥ ਹੈ, ਜਿੱਥੇ ਪਹੁੰਚ ਕੇ ਦੁਨੀਆ ਦਾ ਹਰ ਫ਼ਲਸਫ਼ਾ ਬੌਣਾ ਹੋ ਜਾਂਦਾ ਹੈ।

ਉਸ ਦੀਆਂ ਅਰਦਾਸਾਂ ਵਿੱਚ ਉਹ ਤਾਕਤ ਹੈ ਜੋ ਬੰਦ ਦਰਵਾਜ਼ਿਆਂ ਨੂੰ ਵੀ ਰਾਹ ਦੇ ਦਿੰਦੀ ਹੈ।

ਜ਼ਿੰਦਗੀ ਦੀ ਇਸ ਭੱਜ-ਦੌੜ ਵਿੱਚ ਜਦੋਂ ਅਸੀਂ ਪਿੱਛੇ ਮੁੜ ਕੇ ਵੇਖਦੇ ਹਾਂ, ਤਾਂ ਮਹਿਸੂਸ ਹੁੰਦਾ ਹੈ ਕਿ ਜਿੰਨਾ ਮਰਜ਼ੀ ਕਮਾ ਲਈਏ, ਮਾਂ ਦੇ ਕਰਜ਼ੇ ਦੀ ਇੱਕ ਪਾਈ ਵੀ ਨਹੀਂ ਚੁਕਾਈ ਜਾ ਸਕਦੀ। ਮਾਂ ਦੀ ਹੋਂਦ ਨਾਲ ਘਰ 'ਘਰ' ਹੁੰਦਾ ਹੈ, ਉਸ ਤੋਂ ਬਿਨਾਂ ਤਾਂ ਮਹਿਲ ਵੀ ਇੱਟਾਂ ਦਾ ਇੱਕ ਖਾਮੋਸ਼ ਢੇਰ ਮਾਤਰ ਹਨ।

ਅਖੀਰ ਵਿੱਚ, ਮੈਂ ਆਪਣੀ ਕਲਮ ਨੂੰ ਉਸ ਰੱਬੀ ਰੂਹ ਦੇ ਚਰਨਾਂ ਵਿੱਚ ਅਰਦਾਸ ਵਜੋਂ ਰੱਖਦਿਆਂ ਇਹੀ ਕਹਿਣਾ ਚਾਹਾਂਗਾ:

"ਐ ਖ਼ੁਦਾ, ਮੇਰੀ ਕਲਮ ਦੀ ਸਿਆਹੀ ਵਿੱਚ ਇੰਨੀ ਬਰਕਤ ਦੇ ਕਿ ਮੈਂ ਮਾਂ ਦੀ ਮਮਤਾ ਦਾ ਹਿਸਾਬ ਲਿਖ ਸਕਾਂ, ਪਰ ਜੇ ਇਹ ਮੁਮਕਿਨ ਨਹੀਂ, ਤਾਂ ਮੇਰੀ ਇਹ ਅਰਜ਼ੀ ਕਬੂਲ ਕਰ ਲੈ- ਲੈ ਕੇ ਮੇਰੀ ਉਮਰ ਵੀ, ਤੂੰ ਜੀ ਲੈ ਮਾਂ... ਮੇਰੇ ਹਿੱਸੇ ਦਾ ਹਰ ਦੁੱਖ, ਤੂੰ ਮੈਨੂੰ ਦੇ ਦੇ ਮਾਂ।" ਜੇ ਅੱਜ ਤੁਹਾਡੀ ਮਾਂ ਤੁਹਾਡੇ ਕੋਲ ਹੈ, ਤਾਂ ਯਾਦ ਰੱਖਣਾ ਕਿ ਤੁਹ-ਾਡੇ ਕੋਲ ਦੁਨੀਆ ਦਾ ਸਭ ਤੋਂ ਕੀਮਤੀ ਸਰਮਾਇਆ ਹੈ। ਉਸ ਦੀਆਂ ਅੱਖਾਂ ਵਿੱਚ ਆਪਣੀ ਕਾਮਯਾਬੀ ਵੇਖਣ ਤੋਂ ਪਹਿਲਾਂ, ਉਨ੍ਹਾਂ ਅੱਖਾਂ ਵਿੱਚ ਲੁਕੀ ਉਡੀਕ ਅਤੇ ਪਿਆਰ ਨੂੰ ਪੜ੍ਹਨਾ ਸਿੱਖੋ।



**ਪ੍ਰੋ. ਪਵਨ ਖਿੱਚੀ, ਮਾਨਸਾ**
**ਮੋਬਾ. 9478160786**

# ਰਿਫਾਰਮ ਯੂਕੇ ਦੀ ਵੱਡੀ ਜਿੱਤ ਨਾਲ ਬ੍ਰਿਟਿਸ਼ ਰਾਜਨੀਤੀ ਵਿੱਚ ਭੂਚਾਲ, ਲੇਬਰ ਅਤੇ ਕਨਜ਼ਰਵੇਟਿਵ ਪਾਰਟੀਆਂ ਨੂੰ ਭਾਰੀ ਨੁਕਸਾਨ

## ਇੰਡੀਆਨ ਵਰਕਰਜ਼ ਐਸੋਸੀਏਸ਼ਨ ਨੇ ਬ੍ਰਿਟਿਸ਼ ਜਨਤਾ ਨੂੰ ਵੰਡਪੂਰਨ ਅਤੇ ਅਤਿਵਾਦੀ ਰਾਜਨੀਤੀ ਤੋਂ ਸਾਵਧਾਨ ਰਹਿਣ ਦੀ ਅਪੀਲ ਕੀਤੀ

**ਸਮਾਜ ਵੀਕਲੀ ਯੂ ਕੇ**

ਇੰਗਲੈਂਡ ਦੀਆਂ 2026 ਦੀਆਂ ਲੋਕਲ ਚੋਣਾਂ ਅਤੇ ਸਕਾਟਲੈਂਡ ਤੇ ਵੇਲਜ਼ ਦੀਆਂ ਸੰਸਦੀ ਚੋਣਾਂ ਤੋਂ ਬਾਅਦ ਬ੍ਰਿਟੇਨ ਦੀ ਰਾਜਨੀਤੀ ਵਿੱਚ ਵੱਡਾ ਬਦਲਾਅ ਵੇਖਣ ਨੂੰ ਮਿਲਿਆ ਹੈ। ਰਿਫਾਰਮ ਯੂਕੇ ਸਭ ਤੋਂ ਵੱਡੀ ਜੇਤੂ ਪਾਰਟੀ ਵਜੋਂ ਸਾਹਮਣੇ ਆਈ ਹੈ, ਜਦਕਿ ਲੇਬਰ ਅਤੇ ਕਨਜ਼ਰਵੇਟਿਵ ਦੋਵੇਂ ਪਾਰਟੀਆਂ ਨੂੰ ਵੱਡੇ ਝਟਕੇ ਲੱਗੇ ਹਨ।

ਇਹ ਚੋਣਾਂ ਪ੍ਰਧਾਨ ਮੰਤਰੀ ਸਰ ਕੀਰ ਸਟਾਰਮਰ ਦੀ ਲੇਬਰ ਸਰਕਾਰ ਲਈ ਇੱਕ ਵੱਡਾ ਰਾਜਨੀਤਿਕ ਇਮਤਿਹਾਨ ਮੰਨੀਆਂ ਜਾ ਰਹੀਆਂ ਸਨ। ਨਤੀਜਿਆਂ ਨੇ ਇਹ ਸਾਫ਼ ਕਰ ਦਿੱਤਾ ਕਿ ਲੋਕ ਮਹਿੰਗਾਈ, ੍ਸ਼ 'ਤੇ ਦਬਾਅ, ਘਰਾਂ ਦੀ ਕਮੀ, ਘੱਟ ਤਨਖਾਹਾਂ ਅਤੇ ਰਵਾਇਤੀ ਰਾਜਨੀਤੀ ਤੋਂ ਨਾਰਾਜ਼ ਹਨ।

131 ਵਿੱਚੋਂ 136 ਕੌਂਸਲਾਂ ਦੇ ਨਤੀਜੇ ਆਉਣ ਤੱਕ ਰਿਫਾਰਮ ਯੂਕੇ ਨੇ 1,448 ਕੌਂਸਲਰ ਸੀਟਾਂ ਜਿੱਤ ਲਈਆਂ ਅਤੇ 14 ਕੌਂਸਲਾਂ 'ਤੇ ਕਬਜ਼ਾ ਕਰ ਲਿਆ। ਇਹ ਨਾਇਜਲ ਫਰਾਜ ਦੀ ਪਾਰਟੀ ਲਈ ਇਤਿਹਾਸਕ ਜਿੱਤ ਮੰਨੀ ਜਾ ਰਹੀ ਹੈ, ਕਿਉਂਕਿ 2022 ਵਿੱਚ ਇਸ ਪਾਰਟੀ ਕੋਲ ਕੇਵਲ ਦੋ ਹੀ ਕੌਂਸਲਰ ਸੀਟਾਂ ਸਨ।ਲੇਬਰ ਪਾਰਟੀ ਨੂੰ ਭਾਰੀ ਨੁਕਸਾਨ ਹੋਇਆ। ਪਾਰਟੀ ਨੇ 1,430 ਕੌਂਸਲਰ ਗੁਆ ਦਿੱਤੇ ਅਤੇ ਹੁਣ ਇਸ ਕੋਲ 1,023 ਸੀਟਾਂ ਰਹਿ ਗਈਆਂ ਹਨ। ਕਨਜ਼ਰਵੇਟਿਵ ਪਾਰਟੀ ਨੇ ਵੀ 561 ਕੌਂਸਲਰ ਗੁਆਏ ਅਤੇ 788 ਸੀਟਾਂ 'ਤੇ ਸਿਮਟ ਗਈ, ਜਦਕਿ ਕਈ ਰਵਾਇਤੀ ਟੋਰੀ ਵੋਟਰ ਰਿਫਾਰਮ ਯੂਕੇ ਵੱਲ ਮੁੜ ਗਏ।

ਲਿਬਰਲ ਡੈਮੋਕ੍ਰੈਟ ਅਤੇ ਗ੍ਰੀਨ ਪਾਰਟੀ ਨੇ ਵੀ ਵਧੀਆ ਪ੍ਰਦਰਸ਼ਨ ਕੀਤਾ। ਲਿਬਰਲ ਡੈਮੋਕ੍ਰੈਟਾਂ ਨੇ 154 ਸੀਟਾਂ ਵਧਾ ਕੇ 842 ਤੱਕ ਪਹੁੰਚ ਹਾਸਲ ਕੀਤੀ, ਜਦਕਿ ਗ੍ਰੀਨ ਪਾਰਟੀ ਨੇ 393 ਸੀਟਾਂ ਜਿੱਤ ਕੇ ਆਪਣੀ ਗਿਣਤੀ 539 ਤੱਕ ਪਹੁੰਚਾ ਲਈ।

ਸਕਾਟਲੈਂਡ ਵਿੱਚ ਸ਼ੰਫ 58 ਸੀਟਾਂ ਨਾਲ ਸਭ ਤੋਂ ਵੱਡੀ ਪਾਰਟੀ ਬਣੀ ਰਹੀ, ਹਾਲਾਂਕਿ ਪੂਰਾ ਬਹੁਮਤ ਨਹੀਂ ਮਿਲਿਆ। ਵੇਲਜ਼ ਵਿੱਚ ਲੇਬਰ ਨੂੰ ਇਤਿਹਾਸਕ ਹਾਰ ਦਾ ਸਾਹ-ਮਣਾ ਕਰਨਾ ਪਿਆ ਅਤੇ 27 ਸਾਲ ਬਾਅਦ ਸੱਤਾ ਗਵਾ ਬੈਠੀ। ਪਲੇਡ ਕਮਰੀ ਸਭ ਤੋਂ ਵੱਡੀ ਪਾਰਟੀ ਬਣ ਕੇ ਉਭਰੀ, ਜਦਕਿ ਰਿਫਾਰਮ ਯੂਕੇ ਨੇ 34 ਸੀਟਾਂ ਜਿੱਤ ਕੇ ਸਭ ਨੂੰ ਹੈਰਾਨ ਕਰ ਦਿੱਤਾ।

ਰਾਜਨੀਤਿਕ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਇਹ ਨਤੀਜੇ ਬ੍ਰਿਟੇਨ ਦੀ ਰਵਾਇਤੀ ਦੋ-ਪਾਰਟੀ ਰਾਜਨੀਤੀ ਤੋਂ ਲੋਕਾਂ ਦੀ ਵੱਧ ਰਹੀ ਨਾਰਾਜ਼ਗੀ ਅਤੇ ਨਵੇਂ ਰਾਜਨੀਤਿਕ ਵਿਕਲਪਾਂ ਵੱਲ ਵਧ ਰਹੇ ਰੁਝਾਨ ਨੂੰ ਦਰਸਾਉਂਦੇ ਹਨ।

ਇੰਡੀਆਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਨੇ ਵੀ ਸੱਜੇ ਪੱਖ ਦੀ ਵਧ ਰਹੀ ਵੰਡਪੂਰਨ ਰਾਜਨੀਤੀ 'ਤੇ ਚਿੰਤਾ ਜਤਾਈ ਹੈ ਅਤੇ ਕਿਹਾ ਹੈ ਕਿ ਦੇਸ਼ ਦੀਆਂ ਆਰਥਿਕ ਅਤੇ ਸਮਾਜਿਕ ਸਮੱਸਿਆਵਾਂ ਲਈ ਪ੍ਰਵਾਸੀਆਂ ਅਤੇ




ਘੱਟ ਗਿਣਤੀ ਭਾਈਚਾਰਿਆਂ ਨੂੰ ਦੋਸ਼ੀ ਠਹਿਰਾਉਣਾ ਗਲਤ ਹੈ।

ਇੰਡੀਆਨ ਵਰਕਰਜ਼ ਐਸੋਸੀਏਸ਼ਨ (GB) ਦੇ ਜਨਰਲ ਸਕੱਤਰ ਸੀਤਲ ਸਿੰਘ ਗਿੱਲ ਨੇ ਕਿਹਾ:

"ਇਹ ਚੋਣ ਨਤੀਜੇ ਦਰਸਾਉਂਦੇ ਹਨ ਕਿ ਬ੍ਰਿਟੇਨ ਦੇ ਆਮ ਲੋਕ ਮਹਿੰਗਾਈ, ਜਨਤਕ ਸੇਵਾਵਾਂ 'ਤੇ ਦਬਾਅ, ਘਰਾਂ ਦੀ ਕਮੀ ਅਤੇ ਵਧ ਰਹੀ ਆਰਥਿਕ ਅਸੁਰੱਖਿਆ ਕਾਰਨ ਗਹਿਰੀ ਨਾਰਾਜ਼ਗੀ ਮਹਿਸੂਸ ਕਰ ਰਹੇ ਹਨ। ਲੇਬਰ ਅਤੇ ਕਨਜ਼ਰਵੇਟਿਵ ਦੋਵੇਂ ਪਾਰਟੀਆਂ ਆਮ ਲੋਕਾਂ ਦੀਆਂ ਮੁੱਖ ਸਮੱਸਿਆਵਾਂ ਦਾ ਹੱਲ ਕਰਨ ਵਿੱਚ ਨਾਕਾਮ ਰਹੀਆਂ ਹਨ।"

**ਉਨ੍ਹਾਂ ਹੋਰ ਕਿਹਾ:**

"ਸਾਨੂੰ ਸੱਜੇ ਪੱਖ ਦੀ ਉਸ ਰਾਜਨੀਤੀ ਬਾਰੇ ਗੰਭੀਰ ਚਿੰਤਾ ਹੈ ਜੋ ਪ੍ਰਵਾਸੀਆਂ ਅਤੇ ਘੱਟ ਗਿਣਤੀ ਭਾਈਚਾਰਿਆਂ ਨੂੰ ਬ੍ਰਿਟੇਨ ਦੀਆਂ ਸਮੱਸਿਆਵਾਂ ਲਈ ਜ਼ਿੰਮੇਵਾਰ ਠਹਿਰਾਉਣ ਦੀ ਕੋਸ਼ਿਸ਼ ਕਰਦੀ ਹੈ। ਪ੍ਰਵਾਸੀਆਂ ਨੇ ਇਸ ਦੇਸ਼ ਦੀ ਆਰਥਿਕਤਾ, ਸਭਿਆਚਾਰ ਅਤੇ ਸਮਾਜਿਕ ਜੀਵਨ ਵਿੱਚ ਪੀੜ੍ਹੀਆਂ ਤੋਂ ਵੱਡਾ ਯੋਗਦਾਨ ਦਿੱਤਾ ਹੈ।"

ਸੀਤਲ ਸਿੰਘ ਗਿੱਲ ਨੇ ਕਿਹਾ ਕਿ ਅੱਜ ਜੋ ਲੋਕ ਇਮੀਗ੍ਰੇਸ਼ਨ ਵਿਰੋਧੀ ਰਾਜਨੀਤੀ ਕਰ ਰਹੇ ਹਨ, ਉਹਨਾਂ ਵਿੱਚੋਂ ਕਈ ਉਹੀ ਤਾਕਤਾਂ ਹਨ ਜਿਨ੍ਹਾਂ ਨੇ ਬ੍ਰੈਕਜ਼ਿਟ ਮੁਹਿੰਮ ਦੌਰਾਨ ਲੋਕਾਂ ਨੂੰ ਗੁੰਮਰਾਹ ਕੀਤਾ ਸੀ।

ਉਨ੍ਹਾਂ ਕਿਹਾ:

"ਬ੍ਰੈਕਜ਼ਿਟ ਨੇ ਬ੍ਰਿਟਿਸ਼ ਆਰਥਿਕਤਾ ਨੂੰ ਲੰਬੇ ਸਮੇਂ ਦਾ ਨੁਕਸਾਨ ਪਹੁੰਚਾਇਆ ਹੈ। ਆਮ ਲੋਕ ਮਹਿੰਗਾਈ, ਕਮਜ਼ੋਰ ਜਨਤਕ ਸੇਵਾਵਾਂ ਅਤੇ ਘਟਦੀ ਆਰਥਿਕ ਸੁਰੱਖਿਆ ਦਾ ਮੁੱਲ ਚੁਕਾ ਰਹੇ ਹਨ।"

"ਆਰਥਿਕ ਅਧਿਐਨ ਦਰਸਾਉਂਦੇ ਹਨ ਕਿ ਬ੍ਰੈਕਜ਼ਿਟ ਕਾਰਨ ਬ੍ਰਿਟਿਸ਼ ਆਰਥਿਕਤਾ ਨੂੰ ਹਰ ਸਾਲ £65 ਬਿਲੀਅਨ ਤੋਂ £90 ਬਿਲੀਅਨ ਤੱਕ ਦਾ ਨੁਕਸਾਨ ਹੋ ਰਿਹਾ ਹੈ, ਜਦਕਿ ਆਮ ਲੋਕ ਹਰ ਸਾਲ ਹਜ਼ਾਰਾਂ ਪੌਂਡ ਆਰਥਿਕ ਤੌਰ 'ਤੇ ਪਿੱਛੇ ਚਲੇ ਗਏ ਹਨ।"

ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਇਮੀਗ੍ਰੇਸ਼ਨ ਵਿਰੋਧੀ ਅਤੇ ਸਖ਼ਤ ਨੀਤੀਆਂ ਹੋਰ ਵਧਦੀਆਂ ਹਨ ਤਾਂ ਇਸ ਦਾ ਬ੍ਰਿਟੇਨ ਦੀ ਆਰਥਿਕਤਾ ਅਤੇ ਸਮਾਜ 'ਤੇ ਮਾੜਾ ਅਸਰ ਪਵੇਗਾ।

"ਜੇਕਰ ਬ੍ਰਿਟੇਨ ਪ੍ਰਵਾਸੀਆਂ, ਮਜ਼ਦੂਰਾਂ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਗੈਰ-ਸਵਾਗਤੀ ਦੇਸ਼ ਬਣ ਜਾਂਦਾ ਹੈ ਤਾਂ ਇਸ ਨਾਲ ਦੇਸ਼ ਦੀ ਆਰਥਿਕਤਾ ਅਤੇ ਬ੍ਰਿਟਿਸ਼ ਮੁੱਲ — ਇਨਸਾਫ਼, ਵਿਭਿੰਨਤਾ ਅਤੇ ਲੋਕਤੰਤਰ — ਕਮਜ਼ੋਰ ਹੋਣਗੇ।"

ਸੀਤਲ ਸਿੰਘ ਗਿੱਲ ਨੇ ਸਮਾਜਕ ਏਕਤਾ ਅਤੇ ਭਾਈਚਾਰੇ ਦੀ ਲੋੜ 'ਤੇ ਵੀ ਜ਼ੋਰ ਦਿੱਤਾ।

ਉਨ੍ਹਾਂ ਕਿਹਾ:

"ਅਸੀਂ ਨਫ਼ਰਤ, ਨਸਲਵਾਦ, ਡਰ ਅਤੇ ਵੰਡ ਦੀ ਰਾਜਨੀਤੀ ਦਾ ਵਿਰੋਧ ਕਰਦੇ ਹਾਂ। ਅਸੀਂ ਇਸ ਦੀ ਥਾਂ ਉਮੀਦ, ਇਨਸਾਫ਼ ਅਤੇ ਪੂਰੇ ਸਮਾਜ ਦੀ ਭਲਾਈ ਲਈ ਇਕੱਠੇ ਬਣਾਈ ਗਈ ਰਾਜਨੀਤੀ ਚਾਹੁੰਦੇ ਹਾਂ। ਹਰ ਪਿਛੋਕੜ ਦੇ ਮਜ਼ਦੂਰ ਲੋਕਾਂ ਦੀਆਂ ਮੁਸ਼ਕਲਾਂ ਸਾਂਝੀਆਂ ਹਨ ਅਤੇ ਇਹ ਸਮੱਸਿਆਵਾਂ ਕੇਵਲ ਏਕਤਾ, ਸਮਾਜਿਕ ਇਨਸਾਫ਼ ਅਤੇ ਲੋਕਾਂ ਵਿੱਚ ਨਿਵੇਸ਼ ਨਾਲ ਹੀ ਹੱਲ ਹੋ ਸਕਦੀਆਂ ਹਨ।"

ਰਾਜਨੀਤਿਕ ਨਿਰੀਖਕਾਂ ਦਾ ਮੰਨਣਾ ਹੈ ਕਿ 2026 ਦੀਆਂ ਚੋਣਾਂ ਆਧੁਨਿਕ ਬ੍ਰਿਟਿਸ਼ ਰਾਜਨੀਤੀ ਵਿੱਚ ਇੱਕ ਵੱਡਾ ਮੋੜ ਸਾਬਤ ਹੋ ਸਕਦੀਆਂ ਹਨ ਅਤੇ 2029 ਦੀ ਅਗਲੀ ਜਨਰਲ ਚੋਣ ਲਈ ਰਾਜਨੀਤਿਕ ਦਿਸ਼ਾ ਨਿਰਧਾਰਤ ਕਰ ਸਕਦੀਆਂ ਹਨ।

# ਮਨੁੱਖੀ ਤਸਕਰੀ ਅਤੇ ਜਬਰਨ ਵਸੂਲੀ ਦੇ ਵੱਖ ਵੱਖ ਮਾਮਲਿਆਂ ਤਹਿਤ ਦੋ ਪੰਜਾਬੀ ਨੌਜਵਾਨਾ ਖਿਲਾਫ ਕਾਰਵਾਈ

**ਵੈਨਕੂਵਰ, ਮਈ (ਮਲਕੀਤ ਸਿੰਘ) –** ਕੈਨੇਡਾ ਵਿੱਚ ਪੰਜਾਬੀ ਮੂਲ ਦੇ ਦੋ ਨੌਜਵਾਨਾਂ ਖ਼ਿਲਾਫ਼ ਵੱਖ-ਵੱਖ ਗੰਭੀਰ ਮਾਮਲਿਆਂ ਵਿੱਚ ਪੁਲਿਸ ਵੱਲੋਂ ਕਾਰਵਾਈ ਕੀਤੇ ਜਾਣ ਦੀ ਸੂਚਨਾ ਮਿਲੀ ਹੈ। ਇੱਕ ਨੌਜਵਾਨ 'ਤੇ ਮਹਿਲਾ ਦੇ ਸ਼ੋਸ਼ਣ ਅਤੇ ਮਨੁੱਖੀ ਤਸਕਰੀ ਨਾਲ ਸੰਬੰਧਿਤ ਦੋਸ਼ ਲਗਾਏ ਗਏ ਹਨ, ਜਦਕਿ ਦੂਜੇ ਨੌਜਵਾਨ ਨੂੰ ਜਬਰਨ ਵਸੂਲੀ ਅਤੇ ਗੋਲੀਬਾਰੀ ਮਾਮਲੇ ਵਿੱਚ ਸ਼ਮੂਲੀਅਤ ਹੋਣ ਦੇ ਸ਼ੱਕ ਵਜੋਂ ਗ੍ਰਿਫ਼ਤਾਰ ਕੀਤਾ ਗਿਆ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਸਰੀ ਪੁਲਿਸ ਵੱਲੋਂ ਜਸਕਰਨ ਸਰੋਏ ਨਾਮਕ 27 ਸਾਲਾ ਪੰਜਾਬੀ ਨੌਜਵਾਨ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲਿਸ ਦਾ ਦਾਅਵਾ ਹੈ ਕਿ ਇਹ ਮਾਮਲਾ ਜਬਰਨ ਵਸੂਲੀ ਨਾਲ ਜੁੜੀ ਹਿੰਸਕ ਗਤੀਵਿਧੀਆਂ ਨਾਲ ਸੰਬੰਧਿਤ ਹੈ। ਜਾਂਚਕਰਤਾਵਾਂ ਮੁਤਾ-ਬਕ ਅਪ੍ਰੈਲ ਮਹੀਨੇ ਦੌਰਾਨ ਇੱਕ ਰਿਹਾਇਸ਼ੀ ਘਰ 'ਤੇ ਗੋਲੀਆਂ ਚਲਾਈਆਂ ਗਈਆਂ ਸਨ, ਜਿਸ ਤੋਂ ਬਾਅਦ ਸ਼ੱਕੀ ਨੂੰ ਕਾਬੂ ਕੀਤਾ ਗਿਆ। ਇਸੇ ਤਰ੍ਹਾਂ ਇਕ ਹੋਰ ਪੰਜਾਬੀ ਨੌਜਵਾਨ 'ਤੇ ਮਹਿਲਾ ਸ਼ੋਸ਼ਣ ਅਤੇ ਮਨੁੱਖੀ ਤਸਕਰੀ ਨਾਲ ਸੰਬੰਧਿਤ ਦੋਸ਼ਾਂ ਤਹਿਤ ਕਾਰਵਾਈ ਕੀਤੀ ਗਈ ਹੈ। ਕੈਨੇਡਾ ਵਿੱਚ ਮਨੁੱਖੀ ਤਸਕਰੀ ਨੂੰ ਗੰਭੀਰ ਅਪਰਾਧ ਮੰਨਿਆ ਜਾਂਦਾ ਹੈ ਅਤੇ ਪੁਲਿਸ ਵੱਲੋਂ ਇਸ ਤਰ੍ਹਾਂ ਦੇ ਮਾਮਲਿਆਂ 'ਚ ਕੜੀ ਜਾਂਚ ਕੀਤੀ ਜਾਂਦੀ ਹੈ। ਉਧਰ ਸਰੀ ਅਤੇ ਬ੍ਰਿਟਿਸ਼ ਕੋਲੰਬੀਆ ਦੇ ਕਈ ਖੇਤਰਾਂ ਵਿੱਚ ਜਬਰਨ ਵਸੂਲੀ ਅਤੇ ਗੈਂਗ ਹਿੰਸਾ ਦੇ ਵਧ ਰਹੇ ਮਾਮਲਿਆਂ ਕਾਰਨ ਪੁਲਿਸ ਅਤੇ ਸਥਾਨਕ ਪ੍ਰਸ਼ਾਸਨ ਵੱਲੋਂ ਚਿੰਤਾ ਜਤਾਈ ਜਾ ਰਹੀ ਹੈ। ਪਿਛਲੇ ਕੁਝ ਮਹੀਨਿਆਂ ਦੌਰਾਨ ਦੱਖਣੀ ਏਸ਼ੀਆਈ ਭਾਈਚਾਰੇ ਨਾਲ ਸੰਬੰਧਿਤ ਕਈ ਮਾਮਲੇ ਸਾਹਮਣੇ ਆਏ ਹਨ, ਜਿਨ੍ਹਾਂ ਵਿੱਚ ਗੋਲੀਬਾਰੀ ਅਤੇ ਧਮਕੀਆਂ ਦੀਆਂ ਘਟਨਾਵਾਂ ਵੀ ਸ਼ਾਮਲ ਹਨ।

# ਨਕੋਦਰ ਸਹਿਕਾਰੀ ਖੰਡ ਮਿੱਲ ਵਿਖੇ ਸਬਸਿਡੀ ਤੇ ਮੁਹਈਆ ਕਰਵਾਏ ਜਾਣ ਵਾਲੇ ਖੇਤੀਬਾੜੀ ਸੰਦਾਂ ਦੀ ਖਰੀਦ ਸਬੰਧੀ ਕੈਂਪ ਆਯੋਜਿਤ ਕੀਤਾ ਜਾ ਰਿਹਾ ਹੈ - ਜਨਰਲ ਮੈਨੇਜਰ ਤੂਰ

**ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਮਿੱਲ ਹਲਕੇ ਦੇ ਗੰਨਾ ਕਾਸਤਕਾਰਾਂ ਨੂੰ ਇਹ ਜਾਣ ਕੇ ਬੜੀ ਖੁਸ਼ੀ ਹੋਵੇਗੀ ਕਿ ਖੇਤੀ ਦੀ ਵਰਤੋਂ ਵਿੱਚ ਆਉਣ ਵਾਲੇ ਸੰਦਾਂ ਦੀ ਖਰੀਦ ਬਾਬਤ ਨਕੋਦਰ ਸਹਿਕਾਰੀ ਖੰਡ ਮਿੱਲ ਦੇ ਅਹਾਤੇ ਵਿੱਚ 11 ਮਈ ਦਿਨ ਸੋਮਵਾਰ ਨੂੰ ਸਮਾਂ ਸਵੇਰੇ 10 ਵਜੇ ਕਿਸਾਨਾਂ ਦੀ ਭਲਾਈ ਵਾਸਤੇ ਆਨ ਲਾਈਨ ਅਪਲਾਈ ਕਰਨ ਸਬੰਧੀ ਸਪੈਸ਼ਲ ਕੈਂਪ ਲਗਾਇਆ ਜਾ ਰਿਹਾ ਹੈ। ਇਸ ਵਿੱਚ ਪੰਜਾਬ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਸਬਸਿਡੀ ਦੀਆਂ ਸਕੀਮਾਂ ਤਹਿਤ ਮੁਹਈਆ ਕਰਵਾਏ ਜਾਣ ਵਾਲੇ ਸੰਦਾਂ ਉੱਪਰ ਸਕੀਮ ਮੁਤਾਬਿਕ ਪੰਜਾਬ ਸਰਕਾਰ ਵੱਲੋਂ ਘੱਟੋ ਘੱਟ 40% ਸਬਸਿਡੀ ਦਿੱਤੀ ਜਾ ਰਹੀ ਹੈ ਇਸ ਲਈ ਇਲਾਕੇ ਦੇ ਗੰਨਾ ਕਾਸਤਕਾਰਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਮਿਲ ਦੇ ਸਰਵੇਅਰ ਨਾਲ ਸੰਪਰਕ ਕਰਕੇ ਉਕਤ ਕੈਂਪ ਵਿੱਚ ਭਾਗ ਲੈ ਕੇ ਖੇਤੀ ਦੇ ਸੰਦਾਂ ਬਾਬਤ ਜਾਣਕਾਰੀ ਪ੍ਰਾਪਤ ਕਰਕੇ ਅਪਲਾਈ ਕਰ ਸਕਦੇ ਹਨ ਅਤੇ ਸਰਕਾਰ ਦੀਆਂ ਸਬਸਿਡੀ ਸਕੀਮਾਂ ਦਾ ਫਾਇਦਾ ਉਠਾ ਸਕਦੇ ਹਨ ਸੰਦਾਂ ਦੀ ਖਰੀਦ ਸਬੰਧੀ ਵਧੇਰੇ ਜਾਣਕਾਰੀ ਅਤੇ ਕਾਗਜੀ ਕਾਰਵਾਈ ਮੁਕੰਮਲ ਕਰਾਉਣ ਬਾਬਤ ਚਾਹਵਾਨ ਕਿਸਾਨ ਆਪਣੇ ਆਪਣੇ ਆਧਾਰ ਕਾਰਡ ਅਤੇ ਜੇ ਫਾਰਮ ਨਾਲ ਲੈ ਕੇ ਹਲਕੇ ਦੇ ਗੰਨਾ ਸਰਵੇਅਰਾ ਨਾਲ ਤਾਲਮੇਲ ਕਰਕੇ ਮਿੱਲ ਵਿੱਚ ਪਹੁੰਚਣ ਦੀ ਕ੍ਰਿਪਾਲਤਾ ਕਰਨ ਅਤੇ ਇਸ ਮੌਕੇ ਦਾ ਭਰਪੂਰ ਫਾਇਦਾ ਉਠਾਉਣ।।

# ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਿਰੋਧੀ ਕਾਨੂੰਨ ਅਤੇ ਭਗਵੰਤ ਮਾਨ ਸਰਕਾਰ: ਇੱਕ ਆਲੋਚਨਾਤਮਕ ਵਿਸ਼ਲੇਸ਼ਣ

ਪੰਜਾਬ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਇੱਕ ਅਤਿਅੰਤ ਸੰਵੇਦਨਸ਼ੀਲ ਮੁੱਦਾ ਰਿਹਾ ਹੈ। ਖਾਸ ਕਰਕੇ 2015 ਦੀ ਬਰਗਾੜੀ ਘਟਨਾ ਅਤੇ ਉਸ ਤੋਂ ਬਾਅਦ ਬਹਿਬਲ ਕਲਾਂ ਵਿਖੇ ਪੁਲਿਸ ਫਾਇਰਿੰਗ ਨੇ ਸਿੱਖ ਭਾਈਚਾਰੇ ਦੇ ਦਿਲਾਂ ਨੂੰ ਡੂੰਘਾ ਜ਼ਖ਼ਮੀ ਕੀਤਾ ਸੀ। ਇਸ ਘਟਨਾ ਨੇ ਰਾਜਨੀਤੀ ਨੂੰ ਵੀ ਬਹੁਤ ਪ੍ਰਭਾਵਿਤ ਕੀਤਾ। ਅਕਾਲੀ ਭਾਜਪਾ ਗਠਜੋੜ ਦੀ ਸਰਕਾਰ ਵਾਂਗ ਕਾਂਗਰਸ ਦੀ ਕੈਪਟਨ ਤੇ ਚੰਨੀ ਸਰਕਾਰ ਨੇ ਵੀ ਡੰਗ ਟਪਾਊ ਨੀਤੀ ਅਪਣਾਈ ਰਖੀ। ਗੁਰੂ ਗ੍ਰੰਥ ਸਾਹਿਬ ਨਾਲ ਦਗਾ ਕਰਨ ਦੀ ਉਹਨਾਂ ਪਾਰਟੀ ਨੂੰ ਰਾਜਨੀਤੀ ਵਿਚੋਂ ਖਦੇੜਨ ਵਰਗੀ ਭਿਆਨਕ ਸਜਾ ਮਿਲੀ। ਆਮ ਆਦਮੀ ਪਾਰਟੀ ਦੋਸ਼ੀ ਨੂੰ ਤੁਰੰਤ ਸਜ਼ਾ ਦੇਣ ਦੇ ਵਾਅਦੇ ਨਾਲ ੯੨ ਸੀਟਾਂ ਜਿੱਤ ਕੇ ਹੋਂਦ ਵਿਚ ਆਈ ਪਰ ਸਵਾਲ ਚਾਰ ਸਾਲਾਂ ਵਿਚ ਬੇਅਦਬੀ ਦੇ ਇਕ ਵੀ ਦੋਸ਼ੀ ਨੂੰ ਸਜ਼ਾ ਨਹੀਂ ਦਿੱਤੀ ਗਈ। ਹੁਣ ਨਵਾਂ ਕਾਨੂੰਨ ਲਿਆਕੇ ਪਿਛਲੇ ਸਾਰੇ ਤੇ ਪਾਣੀ ਫੇਰ ਦਿੱਤਾ ਗਿਆ ਹੈ ਅਤੇ ਧਾਰਮਿਕ ਭਾਵਨਾਵਾਂ ਨਾਲ ਖੇਡ ਕੇ ਰਾਜਨੀਤਕ ਲਾਹਾ ਲੈਣ ਦੇ ਯਤਨ ਕੀਤੇ ਜਾ ਰਹੇ ਹਨ।

ਇਸ ਪਿਛੋਕੜ ਵਿਚ ਭਗਵੰਤ ਮਾਨ ਦੀ ਆਪ ਸਰਕਾਰ ਵੱਲੋਂ ਅਪ੍ਰੈਲ 2026 ਵਿਚ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026 ਪਾਸ ਕੀਤਾ ਗਿਆ ਅਤੇ ਬਾਅਦ ਵਿਚ ਨੋਟੀਫਾਈ ਕੀਤਾ ਗਿਆ। ਇਸ ਕਾਨੂੰਨ ਵਿਚ ਬੇਅਦਬੀ ਲਈ ਘੱਟੋ-ਘੱਟ 7-10 ਸਾਲ ਤੋਂ ਲੈ ਕੇ ਉਮਰ ਕੈਦ ਤੱਕ ਦੀ ਸਜ਼ਾ ਅਤੇ ਲੱਖਾਂ ਰੁਪਏ ਦਾ ਜੁਰਮਾਨਾ ਰੱਖਿਆ ਗਿਆ ਹੈ। ਅਪਰਾਧ ਨਾਨ-ਬੇਲੇਬਲ ਅਤੇ ਕਾਗਨੀਜ਼ੇਬਲ ਬਣਾਏ ਗਏ ਹਨ।

ਪਰ ਇਸ ਕਾਨੂੰਨ ਨੂੰ ਲੈ ਕੇ ਵੱਡੀ ਆਲੋਚਨਾ ਵੀ ਹੋ ਰਹੀ ਹੈ, ਜਿਸ ਆਓ ਇਸ ਦਾ ਵਿਸਥਾਰ ਨਾਲ ਵਿਸ਼ਲੇਸ਼ਣ ਕਰੀਏ।

1. ਪਿਛਲੀਆਂ ਘਟਨਾਵਾਂ ਵਿਚ ਇਨਸਾਫ ਦੀ ਘਾਟ ਚਾਰ ਸਾਲ ਤੋਂ ਵੱਧ ਸਮੇਂ ਤੱਕ ਆਪ ਸਰਕਾਰ ਨੇ ਬੇਅਦਬੀ ਦੇ ਪੁਰਾਣੇ ਮਾਮਲਿਆਂ ਵਿਚ ਇੱਕ ਵੀ ਦੋਸ਼ੀ ਨੂੰ ਵੱਡੀ ਸਜ਼ਾ ਨਹੀਂ ਦਿਵਾਈ। 2015 ਦੀਆਂ ਬਰਗਾੜੀ, ਕੋਟਕਪੂਰਾ ਅਤੇ ਬਹਿਬਲ ਕਲਾਂ ਘਟਨਾਵਾਂ ਵਿਚ ਅਜੇ ਵੀ ਬਹੁਤ ਸਾਰੇ ਦੋਸ਼ੀ ਬਚੇ ਹੋਏ ਹਨ। ਸਰਕਾਰ ਨੇ ਇਨ੍ਹਾਂ ਮਾਮਲਿਆਂ ਨੂੰ ਪੰਜਾਬ ਤੋਂ ਬਾਹਰ ਟ੍ਰਾਂਸਫਰ ਹੋਣ ਦਿੱਤਾ ਅਤੇ ਆਪਣਾ ਚੋਣਾਵੀ ਵਾਅਦਾ "ਜਲਦ ਇਨਸਾਫ" ਪੂਰਾ ਨਾ ਕੀਤਾ। ਇਸ ਦੀ ਬਜਾਏ ਨਵਾਂ ਕਾਨੂੰਨ ਲਿਆਂਦਾ ਗਿਆ। ਇਹ ਉਹੀ ਰਵਾਇਤੀ ਰਾਜਨੀਤੀ ਹੈ ਜਿਸ ਵਿਚ ਸਮੱਸਿਆ ਦਾ ਹੱਲ ਨਾ ਕਰਕੇ ਨਵੀਂ ਘੋਸ਼ਣਾ ਕੀਤੀ ਜਾਂਦੀ ਹੈ। ਪਿਛਲੇ 10 ਸਾਲਾਂ ਵਿਚ ਬੇਅਦਬੀ ਦੇ 500 ਤੋਂ ਵੱਧ ਮਾਮਲੇ ਦਰਜ ਹੋਏ, ਪਰ ਸਜ਼ਾ ਦਰ ਬਹੁਤ ਘੱਟ ਰਹੀ। ਨਵਾਂ ਕਾਨੂੰਨ ਭਵਿੱਖ ਲਈ ਹੈ, ਪਰ ਅਤੀਤ ਦੇ ਜ਼ਖ਼ਮ ਤਾਜ਼ਾ ਹਨ।

2. ਕਾਨੂੰਨ ਬਣਾਉਣ ਦੀ ਪ੍ਰਕਿਰਿਆ ਅਤੇ ਸਿੱਖ ਸੰਸਥਾਵਾਂ ਦੀ ਅਣਦੇਖੀ

ਦੇਰ ਬਾਅਦ ਹਰਕਤ ਵਿਚ ਆਏ ਜਥੇਦਾਰ ਤੇ ਸ਼੍ਰੋਮਣੀ ਕਮੇਟੀ ਇਸ ਕਾਨੂੰਨ ਨੂੰ ਬਿਨਾਂ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਗੰਭੀਰ ਚਰਚਾ ਕੀਤੇ ਪਾਸ ਕੀਤਾ ਗਿਆ ਕਹਿ ਕੇ ਵਿਰੋਧ ਵਿਚ ਆ ਗਏ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਇਸ ਨੂੰ ਖੁੱਲ੍ਹ ਕੇ ਚੁਣੌਤੀ ਦਿਤੀ ਹੈ ਅਤੇ ਇਸ ਨੂੰ "ਖਾਲਸਾ ਪੰਥ ਦੀ ਸਹਿਮਤੀ ਤੋਂ ਬਿਨਾਂ" ਬਣਾਇਆ ਗਿਆ ਦੱਸਦਿਆਂ ਇਸ ਨੂੰ ਰੱਦ ਕਰਨ ਦਾ ਐਲਾਨ ਕੀਤਾ ਗਿਆ ਹੈ। ਕਾਹਲੀ ਕਾਹਲੀ ਵਿਚ ਐਡਵੋਕੇਟ ਧਾਮੀ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਦਾ ਪਹਿਲਾਂ ਸੁਆਗਤ ਕਰ ਦਿਤਾ ਸੀ ਅਤੇ ਹੁਣ ਸਿੱਖ ਸੰਗਤਾਂ ਦਾ ਵਿਦ੍ਰੋਹੀ ਰਵੱਈਆ ਭਾਂਪ ਕੇ ਹੁਣ ਸ਼੍ਰੋਮਣੀ ਕਮੇਟੀ ਵੀ ਇਸ ਬਾਰੇ ਚਿੰਤਤ ਵਿਖਾਈ ਦਿੰਦੀ ਹੈ ਅਤੇ ਇਸ ਦੀਆਂ ਕੁਝ ਧਾਰਾਵਾਂ ਨੂੰ ਸਿਖਾਂ ਵਿਰੁੱਧ ਹੀ ਬਹੁਤ ਸਖ਼ਤ ਅਤੇ ਗਲਤ ਤਰੀਕੇ ਨਾਲ ਲਾਗੂ ਹੋਣ ਵਾਲਾ ਮੰਨਦੀ ਹੈ।

ਸਿੱਖ ਬੁਧੀਜੀਵੀਆਂ ਵਕੀਲਾਂ ਅਤੇ ਵਿਦਵਾਨਾਂ ਦਾ ਕਹਿਣਾ ਹੈ ਕਿ ਇਹ ਕਾਨੂੰਨ ਗ੍ਰੰਥੀ ਸਿੰਘਾਂ, ਪ੍ਰਬੰਧਕਾਂ ਅਤੇ ਆਮ ਸੰਗਤ ਲਈ ਮੁਸ਼ਕਲਾਂ ਖੜ੍ਹੀਆਂ ਕਰ ਸਕਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਨਾਲ ਸਬੰਧਤ ਰੋਜ਼ਮਰ੍ਹਾ ਦੀਆਂ ਗਤੀਵਿਧੀਆਂ (ਪ੍ਰਕਾਸ਼, ਸੁਖਾਸਨ, ਅਖੰਡ ਪਾਠ ਆਦਿ) ਵਿਚ ਕੋਈ ਗਲਤੀ ਜਾਂ ਵਿਵਾਦ ਵਿਚ ਇਸ ਨੂੰ ਬੇਅਦਬੀ ਘੋਸ਼ਿਤ ਕਰਕੇ ਵਰਤਿਆ ਜਾ ਸਕਦਾ ਹੈ। ਇਹ ਧਾਰਮਿਕ ਆਜ਼ਾਦੀ ਅਤੇ ਗੁਰੂ ਘਰ ਦੇ ਪ੍ਰਬੰਧ ਨੂੰ ਰਾਜ ਸੱਤਾ ਅਧੀਨ ਲਿਆਉਣ ਵਾਲਾ ਕਦਮ ਹੈ।

3. ਸੰਕੀਰਣ ਰਾਜਨੀਤੀ ਅਤੇ ਵੋਟ ਬੈਂਕ

ਇਸ ਕਾਨੂੰਨ ਨੂੰ ਲੈ ਕੇ ਭਗਵੰਤ ਮਾਨ ਵੱਲੋਂ ਸ਼ੁਕਰਾਨਾ ਯਾਤਰਾ ਦਾ "ਢੌਂਗ" ਅਤੇ "ਸਿਆਸੀ ਡਰਾਮਾ" ਕੀਤਾ ਜਾ ਰਿਹਾ ਹੈ। ਯਾਤਰਾ ਭਾਰੀ ਸੁਰੱਖਿਆ ਹੇਠ ਸਰਕਾਰੀ ਧਿਰ ਦਾ ਸ਼ੋਅ ਬਣ ਕੇ ਰਹਿ ਗਈ ਹੈ ਆਮ ਸਿੱਖ ਸੰਗਤਾਂ ਵੱਲੋਂ ਉਸ ਨੂੰ ਕੋਈ ਵੱਡਾ ਹੁੰਗਾਰਾ ਨਹੀਂ ਮਿਲ ਰਿਹਾ। ਇਸ ਦੀ ਬਜਾਏ "ਤੇਰੇ ਯਾਰ ਨੂੰ ਦੱਬਣ ਨੂੰ ਫਿਰਦੇ ਐ ਪਰ ਦਬਦਾ ਕਿੱਥੇ ਐਂ" ਵਰਗੇ ਗਾਣਿਆਂ ਅਤੇ ਹੋਰ ਰਾਜਨੀਤਕ ਹਰਕਤਾਂ ਨੇ ਇਸ ਸ਼ੁਕਰਾਨਾ ਯਾਤਰਾ ਦੀ "ਪੋਲ ਖੋਲ੍ਹ" ਦਿੱਤੀ ਕਿ ਇਸ ਦਾ ਗੁਰੂ ਗ੍ਰੰਥ ਸਾਹਿਬ ਨਾਲ ਕੀ ਲੈਣਾ ਦੇਣਾ ਹੈ। ਇਸ ਤੋਂ ਇਲਾਵਾ ਜਿਸ ਪਾਸਿਓਂ ਦੀ ਯਾਤਰਾ ਲੰਘਦੀ ਆਪਣੇ ਸਿਆਸੀ ਵਿਰੋਧੀਆਂ ਨੂੰ ਇਕ ਦਿਨ ਪਹਿਲਾਂ ਹੀ ਗ੍ਰਿਫਤਾਰ ਜਾਂ ਨਜ਼ਰਬੰਦ ਕਰ ਲਿਆ ਜਾਂਦਾ।

ਇਹ ਯਾਤਰਾ ਸਿੱਖ ਭਾਵਨਾਵਾਂ ਨਾਲ ਖੇਡਣ ਵਾਲੀ ਰਾਜਨੀਤੀ ਲੱਗਦੀ ਹੈ, ਖਾਸ ਕਰਕੇ ਜਦੋਂ ਪਿਛਲੇ ਮਾਮਲਿਆਂ ਵਿਚ ਇਨਸਾਫ ਨਾ ਮਿਲਿਆ ਹੋਵੇ। ਲੱਗਦਾ ਹੈ ਪਿਛਲੇ ਦਸ ਗਿਆਰਾਂ ਸਾਲਾਂ ਦੌਰਾਨ ਹੋਈਆਂ ਬੇਅਦਬੀ ਦੀਆਂ ਸੈਂਕੜੇ ਘਟਨਾਵਾਂ ਤੋਂ ਭਗਵੰਤ ਮਾਨ ਸਰਕਾਰ ਨੇ ਮੂੰਹ ਮੋੜ ਲਿਆ ਹੈ।

13 ਅਪ੍ਰੈਲ 2026 ਨੂੰ ਜਦੋਂ ਇਹ ਕਾਨੂੰਨ ਬਣਾਇਆ ਜਾ ਰਿਹਾ ਸੀ ਉਸੇ ਦਿਨ ਬਸਪਾ ਵੱਲੋਂ ਡਾ. ਅਵਤਾਰ ਸਿੰਘ ਕਰੀਮਪੁਰੀ ਸਾਬਕਾ ਮੈਂਬਰ ਪਾਰਲੀਮੈਂਟ ਤੇ ਪ੍ਰਧਾਨ ਬਸਪਾ ਪੰਜਾਬ ਦੀ ਅਗਵਾਈ ਵਿਚ ਬਸਪਾ ਦੇ ਸੰਸਥਾਪਕ ਸ੍ਰੀ ਕਾਂਸ਼ੀ ਰਾਮ ਜੀ ਦੇ ਜਨਮ ਸਥਾਨ ਖੁਆਸਪੁਰ ਤੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੱਕ ਰੋਸ ਯਾਤਰਾ ਕਰਕੇ ਸਰਕਾਰ ਦੇ ਮਨਸੂਬਿਆਂ ਤੇ ਸਵਾਲ ਉਠਾਏ ਗਏ ਕਿ ਸਰਕਾਰ ਪਹਿਲੇ ਦੋਸ਼ੀਆਂ ਨੂੰ ਸਜ਼ਾ ਨਾ ਦੇ ਕੇ ਗੁਰੂ ਗ੍ਰੰਥ ਨਾਲ ਦਗਾ ਕਰ ਰਹੀ ਹੈ। ਆਪ ਸਰਕਾਰ ਇਸ ਨੂੰ ਸਿੱਖ ਵੋਟ ਬਟੋਰਨ ਲਈ ਵਰਤ ਰਹੀ ਹੈ।

4. ਸੰਵਿਧਾਨਕ ਅਤੇ ਧਰਮ ਨਿਰਪੱਖਤਾ ਵਾਲੀਆਂ ਚਿੰਤਾਵਾਂ

ਭਾਰਤੀ ਸੰਵਿਧਾਨ ਦੀ ਧਰਮ ਨਿਰਪੱਖਤਾ ਇੱਕ ਮੂਲ ਭਾਵਨਾ ਹੈ। ਇੱਕ ਖਾਸ ਧਰਮ ਗ੍ਰੰਥ ਲਈ ਇੰਨੀ ਸਖ਼ਤ ਬਲਾਸਫੈਮੀ-ਵਰਗੀ ਕਾਨੂੰਨ ਬਣਾਉਣਾ ਧਾਰਾ 25 (ਧਰਮ ਦੀ ਆਜ਼ਾਦੀ) ਅਤੇ ਧਾਰਾ 14 (ਸਮਾਨਤਾ) ਨਾਲ ਟਕਰਾਉਂਦਾ ਹੈ। ਕੁਝ ਹਿੰਦੂ ਧਾਰਮਿਕ ਆਗੂਆਂ ਨੇ ਉਹਨਾਂ ਦੇ ਗ੍ਰੰਥਾਂ ਨਾਲ ਵਿਤਕਰੇ ਦਾ ਇਲਜ਼ਾਮ ਲਾਇਆ ਹੈ। ਜੇ ਇੱਕ ਧਰਮ ਲਈ ਇਸ ਤਰ੍ਹਾਂ ਦਾ ਕਾਨੂੰਨ ਬਣ ਸਕਦਾ ਹੈ ਤਾਂ ਦੂਜੇ ਧਰਮ ਵਾਲੇ ਵੀ ਇਸੇ ਤਰ੍ਹਾਂ ਦੀਆਂ ਮੰਗਾਂ ਕਰ ਸਕਦੇ ਹਨ, ਜਿਸ ਨਾਲ ਧਾਰਮਿਕ ਤਣਾਅ ਵਧ ਸਕਦਾ ਹੈ।

ਪਾਕਿਸਤਾਨ ਵਰਗੀਆਂ ਬਲਾਸਫੈਮੀ ਕਾਨੂੰਨਾਂ ਦੇ ਅਨੁਭਵ ਤੋਂ ਸਾਬਤ ਹੈ ਕਿ ਇਸ ਤਰ੍ਹਾਂ ਦੇ ਕਾਨੂੰਨ ਅਕਸਰ ਗਲਤ ਵਰਤੋਂ ਹੁੰਦੇ ਹਨ — ਨਿੱਜੀ ਵੈਰ, ਰਾਜਨੀਤਕ ਵਿਰੋਧੀਆਂ ਨੂੰ ਦਬਾਉਣ ਲਈ ਜਾਂ ਘੱਟ ਗਿਣਤੀਆਂ ਤੇ ਦਬਾਅ ਲਈ। ਇਸ ਵਿਚ ਕਾਨੂੰਨ ਵਿਚ "ਬੇਅਦਬੀ" ਦੀ ਪਰਿਭਾਸ਼ਾ ਵੀ ਅਸਪਸ਼ਟ ਹੈ, ਜੋ ਇਸ ਨੂੰ ਹੋਰ ਵੀ ਖਤਰਨਾਕ ਬਣਾਉਂਦੀ ਹੈ।

5. ਸੱਚਾਈ ਅਤੇ ਸੁਝਾਅ

ਸਿੱਖ ਭਾਈਚਾਰਾ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ ਲਈ ਸੰਵੇਦਨਸ਼ੀਲ ਹੈ ਅਤੇ ਬੇਅਦਬੀ ਦੀਆਂ ਘਟਨਾਵਾਂ ਨੂੰ ਬਰਦਾਸ਼ਤ ਨਹੀਂ ਕਰ ਸਕਦਾ। ਪਰ ਇਸ ਲਈ ਸਭ ਤੋਂ ਵਧੀਆ ਰਾਹ ਇਨਸਾਫ ਦੀ ਤੇਜ਼ ਤੇ ਨਿਰਪੱਖ ਪ੍ਰਕਿਰਿਆ ਹੈ, ਨਾ ਕਿ ਰਾਜਨੀਤਕ ਢੌਂਗ ਵਾਲੀਆਂ ਯਾਤਰਾਵਾਂ ਜਾਂ ਅਸਪਸ਼ਟ ਸਖ਼ਤ ਕਾਨੂੰਨ।

ਸਰਕਾਰ ਨੂੰ ਚਾਹੀਦਾ ਹੈ ਕਿ:

ਪੁਰਾਣੇ ਮਾਮਲਿਆਂ ਵਿਚ ਤੇਜ਼ ਤਹਿਕੀਕਾਤ ਕਰਕੇ ਸਜ਼ਾ ਯਕੀਨੀ ਬਣਾਵੇ।

ਧਰਮ ਨਿਰਪੱਖਤਾ ਅਤੇ ਆਜ਼ਾਦੀ ਦੀ ਰੱਖਿਆ ਕਰਦਿਆਂ ਹੀ ਬੇਅਦਬੀ ਰੋਕਣ ਲਈ ਠੋਸ ਕਦਮ ਚੁੱਕੇ — ਜਿਵੇਂ ਸੁਰੱਖਿਆ ਵਧਾਉਣਾ, ਜਾਗਰੂਕਤਾ ਅਤੇ ਤੇਜ਼ ਨਿਆਂ ਪ੍ਰਣਾਲੀ।

ਇਹ ਮੁੱਦਾ ਸਿਰਫ਼ ਰਾਜਨੀਤੀ ਨਹੀਂ, ਧਰਮ ਅਤੇ ਭਾਵਨਾਵਾਂ ਨਾਲ ਜੁੜਿਆ ਹੈ। ਜੇ ਸਰਕਾਰ ਸੱਚਮੁੱਚ ਗੁਰੂ ਸਾਹਿਬ ਦੇ ਸਤਿਕਾਰ ਪ੍ਰਤੀ ਸੰਵੇਦਨਸ਼ੀਲ ਹੈ ਤਾਂ ਉਸ ਨੂੰ ਰਾਜਨੀਤਕ ਲਾਭ ਤੋਂ ਉਪਰ ਉੱਠ ਕੇ ਪੰਥਕ ਸੰਸਥਾਵਾਂ ਨਾਲ ਗੱਲਬਾਤ ਕਰਕੇ ਲੋੜੀਂਦੇ ਸੋਧ ਕਰ ਲੈਣੀ ਚਾਹੀਦੀ ਹੈ। ਨਹੀਂ ਤਾਂ ਇਹ ਸਿਰਫ਼ ਵੋਟ ਬਟੋਰੂ ਚਾਲ ਬਣ ਕੇ ਰਹਿ ਜਾਵੇਗੀ ਅਤੇ ਸਿੱਖ ਭਾਵਨਾਵਾਂ ਨਾਲ ਖੇਡਣ ਦਾ ਇਲਜ਼ਾਮ ਹੋਰ ਮਜ਼ਬੂਤ ਹੋਵੇਗਾ।

ਸੱਚੀ ਸ਼ਰਧਾ ਗੱਲਾਂ ਤੋਂ ਨਹੀਂ, ਕਾਰਜਾਂ ਤੋਂ ਪ੍ਰਗਟ ਹੁੰਦੀ ਹੈ। ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਉਸ ਵੇਲੇ ਹੀ ਸੱਚਮੁੱਚ ਹੋਵੇਗਾ ਜਦੋਂ ਇਨਸਾਫ ਤੇਜ਼, ਨਿਰਪੱਖ ਅਤੇ ਧਰਮ ਨਿਰਪੱਖ ਤਰੀਕੇ ਨਾਲ ਮਿਲੇ।



**ਲਾਲ ਸਿੰਘ ਸੁਲਹਾਣੀ**
**9872155120**

# ਜਨਮ ਤੋਂ ਬਾਅਦ ਜਦੋਂ ਬੱਚਾ ਆਪਣੇ ਮੂੰਹੋ ਪਹਿਲਾਂ ਸ਼ਬਦ ਮਾਂ ਬੋਲਦਾ ਹੈ

**ਗੁਰਭਿੰਦਰ ਗੁਰੀ**

ਅੱਜ ਅਸੀਂ 10 ਮਈ ਨੂੰ ਮਾਂ ਦਿਵਸ ਵਜੋਂ ਮਨਾ ਰਹੇ ਹਾਂ।ਪਹਿਲਾ ਮਾਂ ਦਿਵਸ 10 ਮਈ 1908 ਨੂੰ ਗਰਾਟਨ 'ਚ 'ਐਂਡ੍ਰਿਊਸ ਮੈਥੋਡਿਸਟ' ਨਾਮੀ ਚਰਚ ਨੇ ਸਭ ਤੋਂ ਪਹਿਲਾਂ 'ਮਦਰਸ ਡੇ' ਮਨਾਇਆ। ਇਹ ਉਹ ਥਾਂ ਸੀ ਜਿਥੇ ਐਨ ਮੈਰੀ ਰੀਵਜ਼ ਜਾਰਵਿਸ 20 ਸਾਲ ਤਕ ਐਤਵਾਰ ਸਕੂਲ ਦੀਆਂ ਕਲਾਸਾਂ ਚਲਾਉਂਦੀ ਰਹੀ। ਇਸੇ ਦਿਨ ਫਿਲਾਡੇਲਫੀਆ 'ਚ, ਜਿਥੇ ਜਾਰਵਿਸ ਦਾ ਦੇਹਾਂਤ ਹੋਇਆ ਸੀ, ਇਹ ਦਿਨ ਮਨਾਇਆ ਗਿਆ। ਇਸ ਗੱਲ ਨੂੰ ਇੰਨੀ ਜ਼ਿਆਦਾ ਪ੍ਰਸਿੱਧੀ ਮਿਲੀ ਕਿ ਤੇਦੇਖਦਿਆਂ 9 ਮਈ 1914 ਨੂੰ ਅਮਰੀਕੀ ਰਾਸ਼ਟਰਪਤੀ ਵੁਡਰੋ ਵਿਲਸਨ ਨੇ ਹਰ ਸਾਲ ਮਈ ਮਹੀਨੇ ਦੇ ਦੂਜੇ ਐਤਵਾਰ ਨੂੰ ਅਮਰੀਕਾ 'ਚ 'ਮਦਰਸ ਡੇ' ਨੂੰ ਰਾਸ਼ਟਰੀ ਦਿਨ ਐਲਾਨਿਆ। ਉਨ੍ਹਾਂ ਨੇ ਕਿਹਾ ਕਿ ਇਹ ਦਿਨ ਯੁੱਧ 'ਚ ਸ਼ਹੀਦ ਹੋਏ ਪੁੱਤਰਾਂ ਦੀਆਂ ਮਾਵਾਂ ਨੂੰ ਸਨਮਾਨ ਦੇਣ, ਦੇਸ਼ ਦੀਆਂ ਸਭ ਮਾਵਾਂ ਪ੍ਰਤੀ



ਇੱਜ਼ਤ ਅਤੇ ਪਿਆਰ ਦੀ ਭਾਵਨਾ ਜਤਾਉਣ ਲਈ ਮਨਾਇਆ ਜਾਵੇਗਾ। ਸੰਨ 1911 ਤਕ ਇਹ ਦਿਨ ਅਮਰੀਕਾ ਚ ਹੀ ਨਹੀਂ, ਸਗੋਂ ਮੈਕਸੀਕੋ, ਕੈਨੇਡਾ, ਸਾਊਥ ਅਮਰੀਕਾ, ਚੀਨ, ਜਾਪਾਨ ਅਤੇ ਅਫਰੀਕਾ ਆਦਿ 'ਚ ਵੀ ਮਨਾਇਆ ਜਾਣ ਲੱਗਾ। ਸੰਨ 1934 'ਚ ਪੋਸਟ ਮਾਸਟਰ ਜਨਰਲ ਜੇਮਸ ਏ. ਫਾਰਲੇ ਨੇ 'ਮਦਰਸ ਡੇ' 'ਤੇ ਇੱਕ ਸਟੈਂਪ ਦਾ ਆਗਾਜ਼ ਵੀ ਕੀਤਾ। ਹੌਲੀ-ਹੌਲੀ ਇਹ ਪ੍ਰਥਾ ਭਾਰਤ 'ਚ ਜ਼ੋਰ ਫੜਨ ਲੱਗੀ। ਵਿਸ਼ਵੀਕਰਨ ਕਾਰਨ ਲਗਭਗ 15 ਸਾਲਾਂ ਤੋਂ ਇਹ ਪੱਛਮੀ ਦੇਸ਼ਾਂ ਦਾ ਤਿਓਹਾਰ ਭਾਰਤ'ਚ ਵੀ ਧੂਮਧਾਮ ਨਾਲ ਮਨਾਇਆ ਜਾਂਦਾ ਹੈ ।

# ਮਾਂ ਦੀ ਸੇਵਾ ਸਭ ਤੋਂ ਉੱਤਮ ਸੇਵਾ

**10 ਮਈ ਨੂੰ**
**ਮਾਂ ਦਿਵਸ 'ਤੇ ਵਿਸ਼ੇਸ਼**

ਮਾਂ ਦਿਵਸ ਹਰ ਸਾਲ ਮਈ ਮਹੀਨੇ ਦੇ ਦੂਜੇ ਐਤਵਾਰ ਮਨਾਇਆ ਜਾਂਦਾ ਹੈ। ਇਸ ਵਾਰ 10 ਮਈ ਨੂੰ ਮਾਂ ਦਿਵਸ ਬਹੁਤ ਹੀ ਖਾਸ ਅਤੇ ਵਿਲੱਖਣ ਤਰੀਕਿਆਂ ਨਾਲ ਮਨਾਇਆ ਜਾਵੇਗਾ । ਆਪਣੀ ਜ਼ਿੰਦਗੀ ਵਿੱਚ ਅਸੀਂ ਮਾਂ ਨੂੰ ਮਾਂ ਅਤੇ ਮੰਮੀ ਕਹਿੰਦੇ ਹਾਂ। ਉਹ ਆਪਣੇ ਪਰਿਵਾਰ ਦਾ ਥੰਮ੍ਹ ਅਤੇ ਤਾਕਤ ਹੈ । ਉਹ ਆਪਣੇ ਸਾਰੇ ਬੱਚਿਆਂ ਦੀ ਦੇਖਭਾਲ ਅਤੇ ਸਾਂਭ ਸੰਭਾਲ ਕਰਦੀ ਹੈ । ਹਰੇਕ ਵਿਅਕਤੀ ਦੀ ਮਾਂ ਬਾਰੇ ਸੋਚ ਵੱਖੋ-ਵੱਖਰੀ ਹੈ । ਕਈ ਬੱਚੇ ਆਪਣੀ ਮਾਂ ਨੂੰ ਇਕੱਲਿਆਂ ਨਹੀਂ ਛੱਡ ਸਕਦੇ। ਉਹ ਮਾਂ ਬਿਨਾਂ ਨਹੀਂ ਰਹਿ ਸਕਦੇ । ਪਰ ਕਈ ਬੱਚੇ ਅਜਿਹੇ ਵੀ ਹਨ ਜਿਨ੍ਹਾਂ ਦੀ ਮਾਂ ਬਿਰਧ ਆਸ਼ਰਮ ਵਿੱਚ ਆਪਣੀ ਜ਼ਿੰਦਗੀ ਬਤੀਤ ਕਰ ਰਹੀ ਹੈ । ਉਹ ਆਪਣੀ ਮਾਂ ਦਾ ਕਦੇ ਹਾਲ-ਚਾਲ ਵੀ ਨਹੀਂ ਪੁੱਛਦੇ। ਕਈ ਮਾਵਾਂ ਦੋ ਡੰਗ ਦੀ ਰੋਟੀ ਲਈ ਸੜਕਾਂ ਤੇ ਰੁਲ ਰਹੀਆਂ ਹਨ । ਅੱਜ ਬੱਚਿਆਂ ਦੇ ਹੱਥੋਂ ਹੀ ਮਾਵਾਂ ਦੇ ਕਤਲ ਹੋ ਰਹੇ ਹਨ । ਮਾਂ ਦਿਵਸ ਤੇ ਬੱਚਿਆਂ ਨੂੰ ਆਪਣੀ ਮਾਂ ਨੂੰ ਤੋਹਫੇ, ਫੁੱਲ ਦੇਣ ਨਾਲ ਮਾਂ ਦੇ ਦਿਲ ਅੰਦਰੋਂ ਬੱਚਿਆਂ ਨੂੰ ਜੋ ਅਸੀਸਾਂ ਦਿੱਤੀਆਂ ਜਾਂਦੀਆਂ ਹਨ, ਉਹ ਕੋਈ ਹੋਰ ਨਹੀਂ ਦੇ ਸਕਦਾ । ਮਾਂ ਨੂੰ ਘਰ ਦੇ ਵਿਹੜੇ ਵਿੱਚ ਨਹੀਂ ਆਪਣੇ ਹਿਰਦੇ ਵਿੱਚ ਥਾਂ ਦਿਉ । ਜੇਕਰ ਅਸੀਂ ਅਜਿਹਾ ਕਰਾਂਗੇ ਤਾਂ ਸਾਡੇ ਘਰਾਂ ਵਿੱਚ ਰੋਕਣ ਵਧੇਗੀ ਅਤੇ ਬਿਰਧ ਆਸ਼ਰਮ ਘਟਣਗੇ ਅਤੇ ਬੱਚਿਆਂ ਨੂੰ ਸੰਸਕਾਰ ਮਿਲਣਗੇ । ਇਹ ਦਿਨ ਮਾਵਾਂ, ਭੈਣਾਂ ਦਾਦੀਆਂ, ਚਾਚੀਆਂ ਪ੍ਰਤੀ ਸਨਮਾਨ ਦਿਖਾਉਣ ਦਾ ਦਿਨ ਹੈ ।

ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਮਾਂ ਸੰਸਕ੍ਰਿ ਭਾਸ਼ਾ ਦਾ ਸ਼ਬਦ ਹੈ ਜਿਸ ਦੀ ਸੰਗਿਆ ਮਮਤਾ ਹੈ।

ਮਾਂ ਦੇ ਦੁਆਰਾ ਹੀ ਸੰਤਾਨ ਦੀ ਉਤਪਤੀ ਹੁੰਦੀ ਹੈ। ਮਾਂ ਆਪ ਗਿੱਲੀ ਥਾਂ ਤੇ ਪੈ ਸਕਦੀ ਹੈ ਪਰ ਬੱਚਿਆਂ ਨੂੰ ਸੁੱਕੀ ਥਾਂ ਤੇ ਹੀ ਰੱਖਦੀ ਹੈ। ਮਾਂ ਆਪ ਭੁੱਖ ਬਰਦਾਸ਼ਤ ਕਰ ਸਕਦੀ ਹੈ ਪਰ ਬੱਚਿਆਂ ਨੂੰ ਭੁੱਖੇ ਦੇਖ ਨਹੀਂ ਸਕਦੀ। ਮਾਂ ਆਪ ਖਾਣ-ਪੀਣ ਤੋਂ ਪਹਿਲਾਂ ਬੱਚਿਆਂ ਨੂੰ ਖੁਆਉਂਦੀ ਹੈ।

ਇੱਕ ਵਾਰ ਕੋਈ ਰਾਜਾ ਜ਼ਿੱਦ ਕਰ ਰਿਹਾ ਸੀ ਕਿ ਮਾਂ ਮੈਂ ਤੇਰਾ ਕਰਜ਼ ਉਤਾਰਾਂਗਾ, ਜੋ ਤੁਸੀਂ ਕਹੋਗੇ, ਮੈਂ ਉਹੀ ਕਰਾਂਗਾ। ਮਾਂ ਨੇ ਕਿਹਾ, ''ਬੇਟਾ ! ਤੂੰ ਨਹੀਂ ਉਤਾਰ ਸਕਦਾ। ਮਾਂ ਦੇ ਕਈ ਵਾਰ ਸਮਝਾਉਣ ਤੇ ਵੀ ਉਹ ਨਾ ਮੰਨਿਆ ਤੇ ਆਪਣੀ ਜ਼ਿੱਦ ਤੇ ਪੱਕਾ ਰਿਹਾ। ਅੰਤ ਵਿੱਚ ਮਾਂ ਨੇ ਕਿਹਾ, ''ਬੇਟਾ ! ਤੂੰ ਆਪਣੇ ਪੇਟ ਤੇ ਕੁਝ ਭਾਰ ਬੰਨ੍ਹ ਕੇ ਨੌਂ ਘੰਟੇ ਖੜ੍ਹਾ ਹੀ ਰਹਿ।'' ਬੇਟੇ ਨੇ ਕਿਹਾ, ''ਮਾਂ ਤੂੰ ਮੈਨੂੰ ਨੌਂ ਘੰਟੇ ਖੜ੍ਹਾ ਰਹਿਣ ਲਈ ਕਿਹਾ ਹੈ, ਮੈਂ ਤਾਂ ਨੌਂ ਦਿਨ ਖੜ੍ਹਾ ਰਹਿ ਸਕਦਾ।'' ਪਰ ਦੋ-ਤਿੰਨ ਘੰਟਿਆਂ ਬਾਅਦ ਹੀ ਉਹ ਥੱਕ ਗਿਆ। ਮਾਂ ਨੇ ਕਿਹਾ, ''ਬਸ ਦੋ-ਤਿੰਨ ਘੰਟਿਆਂ ਵਿੱਚ ਹੀ ਥੱਕ ਗਿਆ ਏਂ। ਮੈਂ ਤੈਨੂੰ ਨੌਂ




ਮਹੀਨੇ ਪੇਟ 'ਚ ਰੱਖਿਆ, ਦੱਸ ਤੂੰ ਮੇਰਾ ਕਰਜ਼ ਕਿਵੇਂ ਉਤਾਰ ਸਕਦਾ ਏਂ।''

ਰਾਜਾ ਫਿਰ ਵੀ ਨਾ ਮੰਨਿਆ ਤੇ ਉਸ ਨੇ ਮਾਂ ਨੂੰ ਕਿਹਾ, ''ਮਾਂ ! ਮੈਨੂੰ ਇੱਕ ਮੌਕਾ ਹੋਰ ਦੇ।'' ਮਾਂ ਦੇ ਫਿਰ ਸਮਝਾਉਣ ਤੇ ਉਹ ਨਾ ਮੰਨਿਆ, ਅੰਤ ਮਾਂ ਨੇ ਕਿਹਾ, ਬੇਟਾ ! ਮੈਂ ਸਮਾਂ ਆਉਣ 'ਤੇ ਤੈਨੂੰ ਦੱਸਾਂਗੀ।'' ਜਦੋਂ ਪੋਹ-ਮਾਘ (ਦਸੰਬਰ-ਜਨਵਰੀ) ਦਾ ਮਹੀਨਾ ਆਇਆ ਤਾਂ ਮਾਂ ਨੇ ਕਿਹਾ, ''ਬੇਟਾ ! ਜੇ ਮੇਰਾ ਕਰਜ਼ ਉਤਾਰਨਾ ਹੈ ਤਾਂ ਤੂੰ ਅੱਜ ਮੇਰਾ ਮੰਜਾ ਡਾਹ (ਵਿਛਾ) ਕੇ ਪੈਣਾ।'' ਜਦ ਬੇਟਾ ਗੂੜ੍ਹੀ ਨੀਂਦ ਸੌਂ ਗਿਆ ਤਾਂ ਮਾਂ ਨੇ ਠੰਡੇ ਪਾਣੀ ਦਾ ਗਲਾਸ ਉਸ ਦੇ ਬਿਸਤਰੇ 'ਤੇ ਡੋਲ੍ਹ ਦਿੱਤਾ। ਬੇਟਾ ਅੱਬੜਵਾਹੇ ਇਕਦਮ ਉੱਠ ਕੇ ਖੜ੍ਹਾ ਹੋ ਗਿਆ, ਮਾਂ ਕਹਿਣ ਲੱਗੀ, ''ਬੇਟਾ ! ਸੌਂ ਜਾਹ ਉੱਠ ਕਿਉਂ ਗਿਆ ?'' ਮਾਂ, ਮੈਂ ਗਿੱਲੇ ਬਿਸਤਰੇ 'ਤੇ ਕਿਵੇਂ ਸੌਂ ਸਕਦਾ ਹਾਂ ? ਮੈਨੂੰ ਤਾਂ ਨੀਂਦ ਨਹੀਂ ਆਉਂਦੀ। ਮਾਂ ਨੇ ਕਿਹਾ, ''ਬੇਟਾ ! ਤੂੰ ਉਹ ਦਿਨ ਭੁੱਲ ਗਿਆ ਜਦੋਂ ਤੂੰ ਬਿਸਤਰਾ ਗਿੱਲਾ ਕਰਦਾ ਸੀ ਤੇ ਮੈਂ ਤੈਨੂੰ ਸੁੱਕੀ ਥਾਂ ਤੇ ਪਾਉਂਦੀ ਸੀ ਅਤੇ ਆਪ ਗਿੱਲੀ ਥਾਂ 'ਤੇ ਪੈਂਦੀ ਸੀ।'' ਰਾਜਾ ਮਾਂ ਦੇ ਚਰਨਾਂ 'ਤੇ ਡਿੱਗ ਪਿਆ ਅਤੇ ਕਹਿਣ ਲੱਗਿਆ ਸੱਚਮੁੱਚ ਕੋਈ ਵੀ ਵਿਅਕਤੀ ਮਾਂ ਦਾ ਕਰਜ਼ਾ ਸਾਰੀ ਉਮਰ ਨਹੀਂ ਉਤਾਰ ਸਕਦਾ।

ਹਰ ਮਾਂ ਦੀ ਇਹ ਇੱਛਾ ਹੁੰਦੀ ਹੈ ਕਿ ਉਸ ਦੇ ਬੱਚੇ ਪੜ੍ਹ ਲਿਖ ਕੇ ਵੱਡੇ ਅਫਸਰ ਭਾਵ ਉੱਚੇ ਅਹੁਦੇ ਤੇ ਪਹੁੰਚਣ। ਮਾਂ ਕਿੰਨੀਆਂ ਮੁਸ਼ਕਲਾਂ ਵਿੱਚ ਆਪਣੇ ਬੱਚਿਆਂ ਨੂੰ ਪਾਲਦੀ-ਪੋਸਦੀ ਹੈ, ਇਹ ਸਿਰਫ਼ ਮਾਂ ਹੀ ਜਾਣਦੀ ਹੈ। ਮਾਂ ਦਾ ਕਰਜ਼ ਬੱਚੇ ਸਾਰੀ ਉਮਰ ਨਹੀਂ ਉਤਾਰ ਸਕਦੇ। ਇਹ ਵੀ ਕਿਹਾ ਜਾਂਦਾ ਹੈ ਕਿ ਮਾਂ ਦਾ ਕਰਜ਼ ਸੱਤ ਜਨਮਾਂ ਤੱਕ ਉਤਾਰਿਆ ਨਹੀਂ ਜਾ ਸਕਦਾ। ਫਿਰ ਵੀ ਪਤਾ ਨਹੀਂ ਕਿਉਂ ਮਾਂ ਜਿਸ ਨੇ ਬੱਚਿਆਂ ਦਾ ਹਰ ਦਰਦ ਆਪਣੇ ਸਰੀਰ ਤੇ ਝੱਲਿਆ, ਨੂੰ ਅੱਜ ਦੋ ਰੋਟੀਆਂ ਬਦਲੇ ਬਿਰਧ ਆਸ਼ਰਮ ਵਿੱਚ ਛੱਡ ਦਿੱਤਾ ਜਾਂਦਾ ਹੈ। ਮਾਂ ਜਿਸ ਨੇ ਪੋਤੇ-ਪੋਤੀਆਂ ਨਾਲ ਘਰ 'ਚ ਹੱਸ-ਖੇਡ ਕੇ, ਬੱਚਿਆਂ ਨਾਲ ਲਾਡ-ਪਿਆਰ ਕਰਕੇ ਖ਼ੁਸ਼ੀ-ਖ਼ੁਸ਼ੀ ਜੀਵਨ ਬਤੀਤ ਕਰਨਾ ਹੁੰਦਾ ਹੈ, ਉਹ ਬਿਰਧ ਆਸ਼ਰਮ 'ਚ ਇਕੱਲੀ ਰਹਿੰਦੀ ਹੈ ਤੇ ਆਪਣਾ ਦੁੱਖ ਵੀ ਕਿਸੇ ਨਾਲ ਸਾਂਝਾ ਨਹੀਂ ਕਰ ਸਕਦੀ। ਬੇਸ਼ੱਕ ਬਿਰਧ ਆਸ਼ਰਮ ਵਿੱਚ ਉਸ ਨੂੰ ਪੇਟ ਭਰਨ ਲਈ ਰੋਟੀ, ਪਹਿਨਣ ਲਈ ਕੱਪੜਾ, ਰਹਿਣ ਲਈ ਕਮਰਾ ਤੇ ਹੋਰ ਸੁੱਖ ਸਹੂਲਤਾਂ ਮਿਲ ਜਾਂਦੀਆਂ ਹਨ, ਪਰ ਜੋ ਸੁੱਖ ਮਾਂ ਨੂੰ ਬੱਚਿਆਂ ਵੱਲੋਂ ਬੋਲੇ ਬੋਲ 'ਦਾਦੀ', 'ਵੱਡੇ ਮੰਮੀ' ਸੁਣ ਕੇ ਮਿਲਦਾ ਹੈ, ਉਹ ਬਿਰਧ ਆਸ਼ਰਮਾਂ 'ਚ ਨਹੀਂ ਮਿਲਦਾ।

ਪਹਿਲਾਂ ਦਾਦੀ ਮਾਂ ਆਪਣੇ ਪੋਤੇ-ਪੋਤੀਆਂ ਨੂੰ ਲਾਡ-ਪਿਆਰ ਕਰਦੀ, ਕਹਾਣੀਆਂ ਸੁਣਾਉਂਦੀ ਹੁੰਦੀ ਸੀ, ਪਰ ਅੱਜ ਬਜ਼ੁਰਗ ਮਾਂ ਨੂੰ ਬਹੁਤੇ ਘਰਾਂ 'ਚ ਦੁਰਕਾਰ ਦਿੱਤਾ ਜਾਂਦਾ ਹੈ।

ਮਾਂ ਦੀ ਸੇਵਾ ਸਭ ਤੋਂ ਉੱਤਮ ਸੇਵਾ ਹੈ। ਜੇਕਰ ਬੱਚਿਆਂ ਨੇ ਬਜ਼ੁਰਗ ਮਾਂ-ਬਾਪ ਦੀ ਸੇਵਾ ਕਰ ਲਈ ਤਾਂ ਉਹਨਾਂ ਨੂੰ ਕਿਸੇ ਵੀ ਧਰਮ ਅਸਥਾਨ 'ਤੇ ਯੱਗ ਜਾਂ ਪੁੰਨ ਕਰਨ ਦੀ ਲੋੜ ਨਹੀਂ। ਜੇਕਰ ਮਾਂ-ਬਾਪ ਦੀ ਸੇਵਾ ਨਹੀਂ ਕੀਤੀ ਤਾਂ ਜਿੰਨੇ ਮਰਜ਼ੀ ਦਾਨ ਪੁੰਨ ਕਰ ਲਉ, ਭੰਡਾਰੇ ਲਾ ਲਉ, ਉਹ ਸੇਵਾ ਪ੍ਰਵਾਨ ਨਹੀਂ ਹੁੰਦੀ। ਹਾਂ, ਅੱਜ-ਕੱਲ੍ਹ ਦੇ ਬੱਚੇ ਪੁਰਾਣੇ ਜ਼ਮਾਨੇ ਦੇ ਖ਼ਿਆਲਾਂ ਵਾਲੇ ਨਹੀਂ। ਇਸ ਲਈ ਬਜ਼ੁਰਗ ਮਾਂ-ਬਾਪ ਨੂੰ ਵੀ ਬੱਚਿਆਂ (ਨੂੰਹਾਂ-ਪੁੱਤਰਾਂ) ਨਾਲ ਪ੍ਰੇਮ-ਪਿਆਰ ਨਾਲ ਬੋਲਣਾ ਚਾਹੀਦਾ ਹੈ। ਕਿਉਂਕਿ ਨਿੱਕੀ-ਨਿੱਕੀ ਗੱਲ ਤੋਂ ਹੀ ਘਰ ਵਿੱਚ ਦਰਾੜ ਪੈ ਜਾਂਦੀ ਹੈ। ਜੇਕਰ ਮਾਂ-ਬਾਪ ਆਪਣੇ ਬੱਚਿਆਂ ਨਾਲ ਪ੍ਰੇਮ-ਪਿਆਰ ਨਾਲ ਵਰਤਾਓ ਕਰਨ ਤਾਂ ਕਦੇ ਕਿਸੇ ਮਾਂ-ਬਾਪ ਨੂੰ ਆਪਣਾ ਘਰ ਤਿਆਗ ਕੇ ਬਿਰਧ ਆਸ਼ਰਮ ਦਾ ਸਹਾਰਾ ਨਹੀਂ ਲੈਣਾ ਪਵੇਗਾ।

ਪੰਜਾਬ ਦੇ ਪ੍ਰਸਿੱਧ ਗੀਤਕਾਰ ਪਾਲੀ ਦੇਤਵਾਲੀਆਂ ਨੇ ਮਾਂ ਦੇ ਬਾਰੇ ਇੱਕ ਗੀਤ ਵਿੱਚ ਇੰਜ ਜ਼ਿਕਰ ਕੀਤਾ ਹੈ।

ਮਾਂ ਹੁੰਦੀ ਏ ਮਾਂ, ਓ ਦੁਨੀਆਂ ਵਾਲਿਓ।
ਮਾਂ ਹੈ ਠੰਡੜੀ ਛਾਂ, ਓ ਦੁਨੀਆਂ ਵਾਲਿਓ।
ਮਾਂ ਬਿਨਾਂ ਨਾ ਕੋਈ ਲਾਡ ਲਡਾਉਂਦਾ।
ਰੋਂਦਿਆਂ ਨੂੰ ਨਾ ਚੁੱਪ ਕਰਾਉਂਦਾ।
ਕੋਈ ਨਾ ਫੜਦਾ ਬਾਂਹ ਓ ਦੁਨੀਆਂ ਵਾਲਿਓ।
ਮਾਂ ਦੀ ਪੂਜਾ ਰੱਬ ਦੀ ਪੂਜਾ।
ਮਾਂ ਤਾਂ ਰੱਬ ਦਾ ਰੂਪ ਹੈ ਦੂਜਾ।

ਮਾਂ ਦਾ ਜਿੰਨਾਂ ਵੀ ਸਤਿਕਾਰ ਤੇ ਸੇਵਾ ਕਰੀਏ ਉਹ ਥੋੜ੍ਹਾ ਹੈ। ਉਸ ਦਾ ਦੇਣਾ (ਕਰਜ਼) ਸਾਰੀ ਉਮਰ ਨਹੀਂ ਉਤਾਰ ਸਕਦੇ।

ਅੱਜ ਮਾਂ ਦਿਵਸ ਤੇ ਇਹ ਪ੍ਰਣ ਕਰੀਏ ਕਿ ਅਸੀਂ ਮਾਂ ਦੀ ਸੇਵਾ ਤੇ ਸਤਿਕਾਰ ਕਰਾਂਗੇ। ਮਾਂ ਆਪਣੇ ਬੱਚਿਆਂ ਪੋਤੇ-ਪੋਤੀਆਂ, ਦੋਹਤੇ-ਦੋਹਤੀਆਂ ਨਾਲ ਘਰ ਵਿੱਚ ਸੁੱਖਾਂ ਭਰਿਆ ਜੀਵਨ ਬਤੀਤ ਕਰੇ। ਇਹੀ ਅਸੀਂ ਸਾਰੇ ਚਾਹੁੰਦੇ ਹਾਂ।

**ਕਰਨੈਲ ਸਿੰਘ ਐੱਮ.ਏ.**
**ਲੁਧਿਆਣਾ**
**# 1138/63-ਏ, ਗੁਰੂ ਤੇਗ ਬਹਾਦਰ ਨਗਰ, ਗਲੀ ਨੰ:1, ਚੰਡੀਗੜ੍ਹ ਰੋਡ, ਜਮਾਲਪੁਰ, ਲੁਧਿਆਣਾ ।**
E-mail:-karnailsinghma@gmail.com

# ਗੱਡਾ

**ਲੱਕੜ** ਦੇ ਦੋ ਪਹੀਆਂ ਵਾਲਾ ਗੱਡਾ,ਕਦੇ ਕਿਸਾਨ ਦਾ ਰੱਥ ਹੋਇਆ ਕਰਦਾ ਸੀ।ਇਹ ਗੱਡਾ,ਸਿਰਫ਼ ਸਮਾਨ ਢੋਣ ਦਾ ਸਾਧਨ ਮਾਤਰ ਨਹੀਂ ਹੋਇਆ ਕਰਦਾ ਸੀ,ਬਲਕਿ ਇੱਕ ਖ਼ੁਸ਼ਹਾਲ ਕਿਸਾਨ ਦੀ ਪਹਿਚਾਣ ਹੋਇਆ ਕਰਦਾ ਸੀ।ਕਿਸਾਨ ਦੇ ਵਾੜੇ ( ਪਸ਼ੂਆਂ ਵਾਲਾ ਵਾੜਾ) ਦੀ ਸ਼ਾਨ ਹੋਇਆ ਕਰਦਾ ਸੀ ਗੱਡਾ। ਕਿਉਂਕਿ ਕਿਸੇ ਸਮੇਂ,ਕੁਝ ਗਿਣੇ ਚੁਣੇ ਕਿਸਾਨਾਂ ਕੋਲ ਹੀ ਗੱਡਾ ਹੋਇਆ ਕਰਦਾ ਸੀ। ਵਾੜੇ 'ਚ ਖੜੇ ਬਲਦ ਅਤੇ ਗੱਡਾ ਦੇਖ ਕੇ ਹੀ ਅੰਦਾਜ਼ਾ ਲਾ ਲਿਆ ਜਾਂਦਾ ਸੀ ਕਿ ਇਸ ਕਿਸਾਨ ਦੀ ਕਿੰਨੀ ਕੁ ਖੇਤੀ ਹੋਵੇਗੀ।

ਗੱਡੇ ਦਾ ਇਤਿਹਾਸ ਬਹੁਤ ਪੁਰਾਣਾ ਹੈ। ਇਤਿਹਾਸਕਾਰਾਂ ਮੁਤਾਬਕ ਗੱਡਾ ਤਿੰਨ ਹਜ਼ਾਰ ਤੋਂ ਚਾਰ ਹਜ਼ਾਰ ਈਸਾ ਪੂਰਵ ਸਮੇਂ ਵਿੱਚ ਵੀ ਵਰਤਿਆ ਜਾਂਦਾ ਰਿਹਾ ਹੈ। ਸਿੰਧੂ ਘਾਟੀ ਸੱਭਿਆਚਾਰ ਚ ਵੀ ਗੱਡੇ ਦੇ ਨਿਸ਼ਾਨ ਮਿਲਦੇ ਹਨ।

ਗੱਡਾ ਸਿਰਫ਼ ਕਿਸਾਨੀ ਕੰਮਾਂ ਚ ਹੀ ਨਹੀਂ ਵਰਤਿਆ ਜਾਂਦਾ ਸੀ,ਜਨੇਤਾਂ ( ਬਰਾਤਾਂ) ਵੀ ਗੱਡਿਆਂ 'ਤੇ ਹੀ ਜਾਇਆ/ਢੁੱਕਿਆਂ ਕਰਦੀਆਂ ਸਨ।ਜਨੇਤ ਚ ਲੈ ਜਾਣ ਲਈ,ਗੱਡੇ ਨੂੰ ਚੰਗੀ ਤਰ੍ਹਾਂ ਸ਼ਿੰਗਾਰਿਆ ਜਾਂਦਾ ਸੀ।ਅਤੇ ਬਲਦਾਂ ਦੇ ਸਿਰਾਂ 'ਤੇ ( ਬਲਦਾਂ ਦੇ ਸਿੰਗਾਂ ਦੁਆਲੇ ) ਤੁਰਲੇ ਵਾਲੀ ਗੁਲਾਬੀ ਪੱਗ ਬੰਨੀ ਜਾਂਦੀ ਸੀ। ਅਤੇ ਜਿੰਨੇ ਦਿਨ ਵਿਆਹ ਚ ਜਨੇਤ ਰੁਕਦੀ ਸੀ, ਉਤਨੇ ਹੀ ਦਿਨ,ਜਨੇਤੀਆ ਵਾਂਗ ਹੀ,ਬਲਦਾਂ ਦੀ ਵੀ ਪੂਰੀ ਸੇਵਾ ਕੀਤੀ ਜਾਂਦੀ ਸੀ। ਡੋਲੀ ਵਾਲੇ ਗੱਡੇ ( ਇਹ ਗੱਡਾ ਛੋਟਾ ਹੋਣ ਕਾਰਨ ਇਸ ਨੂੰ ਗੱਡੀ ਕਿਹਾ ਜਾਂਦਾ ਸੀ,ਜੋ ਸਿਰਫ਼ ਡੋਲੀ ( ਵਿਆਹੀ ਕੁੜੀ) ਲਿਆਉਣ ਲਈ ਜਾਂ ਬਲਦਾਂ ਦੀ ਦੌੜ ਲਈ ਹੀ ਵਰਤਿਆ ਜਾਂਦਾ ਸੀ,ਜੋ ਅੱਜ ਵੀ ਵਰਤਿਆ ਜਾ ਰਿਹਾ ਹੈ। ਕਿਉਂਕਿ ਕਿ ਇਹ ਗੱਡਾ ਜਾਂ ਗੱਡੀ ਖਾਸ ਮੌਕਿਆਂ 'ਤੇ ਹੀ ਵਰਤੀ ਜਾਂਦੀ ਸੀ,ਸ਼ਾਇਦ ਇਸੇ ਕਾਰਨ ਇਸ ਉੱਤੇ ਪਿੱਤਲ ਦੇ ਕੋਕਿਆਂ ਨਾਲ ਵਧੀਆ ਮੀਨਾਕਾਰੀ ਕੀਤੀ ਹੋਇਆ ਕਰਦੀ ਸੀ।

ਫ਼ੇਰ ਦੇਸ਼ ਚ ਹਰੀ ਕ੍ਰਾਂਤੀ ਆਈ,ਕਿਸਾਨਾਂ ਨੇ ਤਰੱਕੀ ਕੀਤੀ,ਪਰ ਇਹ ਤਰੱਕੀ,ਗੱਡੇ ਦੇ ਲੱਕੜ ਵਾਲੇ ਪਹੀਏ ਖਾ ਗਈ।ਕਿਸਾਨਾਂ ਨੇ,ਲੱਕੜ ਦੇ ਪਹੀਆਂ ਦੀ ਥਾਂ,ਟਾਇਰ ਲਾ ਕੇ,ਗੱਡੇ ਨੂੰ ਰੇਹੜੀ ਬਣਾ ਦਿੱਤਾ ਤਾਂਕਿ ਜਿਆਦਾ ਭਾਰ ਲੱਗਿਆ ਜਾ ਸਕੇ। ਇਸ ਤਰ੍ਹਾਂ ਪਿੰਡਾਂ ਦਾ ਅਸਲੀ ਗੱਡਾ ਅਲੋਪ ਹੋ ਗਿਆ। ਥੋੜੀ ਹੋਰ ਤਰੱਕੀ ਹੋਈ,ਨਵੀਆਂ ਤਕਨੀਕਾਂ ਆਈਆਂ,ਖੇਤੀ ਦੇ ਨਵੇਂ ਸੰਦ ਆਏ,ਟਰੈਕਟਰ ਟਰਾਲੀਆਂ ਨੇ ਬਲਦ ਰੇਹੜੀਆਂ ਨੂੰ ਨਕਾਰਾ ਕਰ ਦਿੱਤਾ।ਫ਼ੇਰ, ਦੋ ਬਲਦਾਂ ਵਾਲੀ ਰੇਹੜੀ ਦੀ ਥਾਂ,ਇੱਕ ਬਲਦ ਵਾਲਾ ਰੇਹੜਾ ਆ ਗਿਆ। ਡੇਢ ਦੋ ਦਹਾਕਿਆਂ ਤੱਕ,ਇੱਕ ਬਲਦ ਵਾਲਾ ਰੇਹੜਾ ਵੀ ਖੂਬ ਚੱਲਿਆ,ਪਰ ਇਸ ਰੇਹੜਾ ਨੁਮਾ ਗੱਡੇ ਨੂੰ ਖਾਣ ਲਈ ਰਿਕਸ਼ਾ ਆ ਖੜਾ ਹੋਇਆ। ਇਸ ਤਰ੍ਹਾਂ,ਆਪਣੇ ਪਿੱਛੇ ਖੱਚਰ ਰੇਹੜਾ ਛੱਡ ਕੇ,ਬਲਦਾਂ ਵਾਲਾ ਗੱਡਾ ਇਸ ਜਹਾਨੋਂ ਰੁਕਸਤ ਹੋ ਗਿਆ।



**ਗੁਰਦੀਪ ਸਿੰਘ ਮੁਕੱਦਮ**
**ਪਿੰਡ ਲਧਾਣਾ ਝਿੱਕਾ**
**9878160133**

# "ਕੀ ਲਿਖਾਂ ਮਾਂ ਤੇਰੇ ਲਈ

ਕੀ ਲਿਖਾਂ ਮਾਂ ਤੇਰੇ ਲਈ,
ਤੂੰ ਖੁਦ ਹੀ ਮੈਨੂੰ ਲਿਖਿਆ ਹੈ।

ਮਾਂ ਸ਼ਬਦ ਬੇਸ਼ੱਕ ਇੱਕ ਅੱਖਰ ਦਾ ਛੋਟਾ ਜਿਹਾ ਸ਼ਬਦ ਹੈ ਪਰ ਇਹ ਪੂਰੀ ਦੀ ਪੂਰੀ ਕਾਇਨਾਤ ਨੂੰ ਆਪਣੇ ਵਿੱਚ ਸਮੋਈ ਬੈਠਾ ਹੈ ਦੁਨੀਆਂ ਵਿੱਚ ਜਿਸਨੇ ਵੀ ਮਾਂ ਦੀ ਕੁਖੋਂ ਜਨਮ ਲਿਆ ਹੈ ਭਾਵੇਂ ਉਹ ਮਨੁੱਖ ਜਾਤੀ ਹੋਵੇ, ਚਾਹੇ ਪਸ਼ੂ ਪੰਛੀ ਹੋਣ ਮਾਂ ਦੀ ਮਮਤਾ ਦਾ ਅਹਿਸਾਸ ਜ਼ਰੂਰ ਹੁੰਦਾ ਹੈ ਮਨੁੱਖ ਚਾਹੇ ਜ਼ਿਆਦਾ ਸਿਆਣਾ ਹੋਵੇ ਭਾਵੇਂ ਮੰਦਬੁੱਧੀ ਹੋਵੇ ਪਰ ਉਸਨੂੰ ਮਾਂ ਦੀ ਗੋਦ ਦੇ ਨਿੱਘ ਦਾ ਅਹਿਸਾਸ ਜ਼ਰੂਰ ਹੁੰਦਾ ਹੈ। ਪ੍ਰੋ. ਮੋਹਨ ਸਿੰਘ ਨੇ ਮਾਂ ਬਾਰੇ ਬੜਾ ਸੋਹਣਾ ਲਿਖਿਆ ਹੈ।

ਮਾਂ ਵਰਗਾ ਘਣਛਾਵਾਂ ਬੂਟਾ,
ਮੈਨੂੰ ਨਜ਼ਰ ਨਾ ਆਵੇ।
ਲੈ ਕੇ ਜਿਸ ਤੋਂ ਛਾਂ ਉਧਾਰੀ,
ਰੱਬ ਨੇ ਸੁਰਗ ਬਣਾਏ।
ਬਾਕੀ ਕੁਲ ਦੁਨੀਆਂ ਦੇ ਬੂਟੇ,
ਜੜ੍ਹ ਸੁੱਕਿਆਂ ਮੁਰਝਾਦੇ,
ਐਪਰ ਫੁੱਲਾਂ ਦੇ ਮੁਰਝਾਇਆ,
ਇਹ ਬੂਟਾ ਸੁੱਕ ਜਾਏ।

ਮਾਂ ਦੇ ਕਿਰਦਾਰ ਦੀ ਸ਼ਲਾਘਾ ਕਰਨ ਲਈ ਸ਼ਾਇਦ ਕਿਸੇ ਵੀ ਇਨਸਾਨ ਕੋਲ ਸ਼ਬਦਾਂ ਦੀ ਤੋਟ ਹੀ ਰਹਿੰਦੀ ਹੋਵੇਗੀ। ਮਾਂ ਦੇ ਰਿਸ਼ਤੇ ਨੂੰ ਸਮਰਪਿਤ ਹਰ ਸਾਲ 10 ਮਈ ਨੂੰ ਪੂਰੀ ਦੁਨੀਆਂ ਵਿੱਚ ਮਾਂ ਦਿਵਸ਼ ਮਨਾਇਆ ਜਾਂਦਾ ਹੈ ਇਸ ਦਿਨ ਦੀ ਸ਼ੁਰੂਆਤ 1908 'ਚ ਅਮਰੀਕਾ ਤੋਂ ਹੋਈ ਸੀ। ਅਮਰੀਕਾ ਦੇ ਵਰਜੀਨੀਆ 'ਚ ਰਹਿਣ ਵਾਲੀ ਏਨਾ ਨੇ ਆਪਣੀ ਮਾਂ ਦੇ ਪ੍ਰੇਮ ਅਤੇ ਸਮਰਪਣ ਨੂੰ ਦੇਖਦੇ ਹੋਏ ਇਸ ਦਿਨ ਦੀ ਸ਼ੁਰੂਆਤ ਕੀਤੀ ਸੀ ਇਸ ਤੋਂ ਬਾਅਦ 1911 'ਚ ਇਹ ਪ੍ਰਸਤਾਵ ਸਰਵਸੰਮਤੀ ਨਾਲ ਪਾਸ ਕਰ ਦਿੱਤਾ ਗਿਆ, ਜਿਸ ਦੇ ਫਲਸਰੂਪ ਅਮਰੀਕਾ ਦੇ ਰਾਸ਼ਟਰਪਤੀ ਨੇ 'ਮਦਰਸ ਡੇਅ' ਮਨਾਉਣ ਦਾ ਐਲਾਨ ਕੀਤਾ ਉਸ ਤੋਂ ਬਾਅਦ ਪੂਰੀ ਦੁਨੀਆਂ ਵਿੱਚ ਮਾਂ ਦੇ ਬਲੀਦਾਨ ਤੇ ਨਿਰਸਵਾਰਥ ਪ੍ਰੇਮ-ਪ੍ਰਤੀ ਆਭਾਰ ਪ੍ਰਗਟਾਉਣ ਲਈ 'ਮਦਰਸ ਡੇਅ ਮਨਾਇਆ ਜਾਣ ਲੱਗ ਪਿਆ ਹੈ। ਬੱਚੇ ਇਸ ਖ਼ਾਸ ਦਿਨ ਆਪਣੀ ਮਾਂ ਨੂੰ ਸਪੈਸ਼ਲ ਮਹਿਸੂਸ ਕਰਵਾਉਣ ਲਈ ਕਈ ਤਰ੍ਹਾਂ ਦੀਆਂ ਤਿਆਰੀਆਂ ਕਰਦੇ ਹਨ। ਆਪਣੀ ਮਾਂ ਨੂੰ ਪਿਆਰ ਪ੍ਰਗਟਾਉਣ ਲਈ ਬੱਚੇ ਤੋਹਫ਼ੇ,ਅਤੇ ਕਾਰਡ, ਆਦਿ ਵੀ ਦਿੰਦੇ ਹਨ। ਕਹਿਦੇ ਨੇ ਕਿ ਮਾਂ ਹੀ ਰੱਬ ਦਾ ਰੂਪ ਹੈ ਅਤੇ ਇੱਕ ਮਾਂ ਆਪਣੇ ਬੱਚੇ ਦੀ ਖੁਦ ਤਕਦੀਰ ਲਿਖਣ ਦੀ ਸਮਰੱਥਾ ਰੱਖਦੀ ਹੈ ਜਿਸ ਦੀ ਦੁਨੀਆਂ ਵਿੱਚ ਬਹੁਤ ਸਾਰੀਆਂ ਉਦਾਹਰਣਾਂ ਮਿਲਦੀਆਂ ਹਨ ਮਹਾਨ ਮਾਵਾਂ ਆਪਣੇ ਬੱਚਿਆਂ ਨੂੰ ਵੀ ਮਹਾਨ ਬਣਾ ਦਿੰਦੀਆਂ ਹਨ

ਇੱਕ ਵਾਰ ਬਚਪਨ ਵਿੱਚ ਥਾਮਸ ਐਡੀਸਨ ਨੂੰ ਅਧਿਆਪਕ ਨੇ ਸਕੂਲੋਂ ਕੱਢ ਦਿੱਤਾ ਅਤੇ ਇੱਕ ਚਿੱਠੀ ਉਸ ਦੇ ਹੱਥ ਫੜਾ ਦਿਤੀ ਥਾਮਸ ਨੇ ਘਰੇ ਆ ਕੇ ਮਾਂ ਤੋਂ ਉਸ ਚਿੱਠੀ ਬਾਰੇ ਪੁਛਿਆ ਤਾਂ ਮਾਂ ਨੇ ਕਿਹਾ ਕਿ ਇਸ ਚਿੱਠੀ ਵਿੱਚ ਲਿਖਿਆ ਹੈ ਕਿ ਤੂੰ ਬਹੁਤ ਹੁਸ਼ਿਆਰ ਹੈ ਇਸ ਸਕੂਲ ਵਿੱਚ ਤੇਰੇ ਬਰਾਬਰ ਦੀ ਸਿੱਖਿਆ ਨਹੀਂ ਹੈ। ਇਸਤੋਂ ਬਾਅਦ ਮਾਂ ਨੇ ਉਸ ਨੂੰ ਚੰਗੀ ਤਲੀਮ ਦੇਣ ਲਈ ਬਹੁਤ ਮਿਹਨਤ ਕੀਤੀ ਅਤੇ ਥਾਮਸ ਐਡੀਸਨ ਨੇ ਬੱਲਬ ਸਮੇਤ ਅਨੇਕਾਂ ਖੋਜਾਂ ਕੀਤੀਆਂ ਅਤੇ ਬਹੁਤ ਸਾਰੇ ਇਨਾਮ ਜਿੱਤੇ। ਮਾਂ ਦੇ ਮਰਨ ਤੋਂ ਬਾਅਦ ਜਦੋਂ ਉਹ ਚਿੱਠੀ ਦੁਨੀਆਂ ਦੇ ਇਸ ਮਹਾਨ ਵਿਗਿਆਨੀ ਥਾਮਸ ਦੇ ਹੱਥ ਲੱਗੀ ਤਾਂ ਉਸਦੀਆਂ ਅੱਖਾਂ ਵਿੱਚ ਅੱਥਰੂ ਆ ਗਏ ਉਸ ਚਿੱਠੀ ਵਿੱਚ ਲਿਖਿਆ ਸੀ ਕਿ ਇਹ ਬੱਚਾ ਮੰਦਬੁੱਧੀ ਅਤੇ ਪੜ੍ਹਨ ਦੇ ਯੋਗ ਨਹੀਂ ਹੈ ਉਸ ਵਕਤ ਥਾਮਸ ਨੇ ਹਰ ਮਾਂ ਨੂੰ ਦੁਨੀਆਂ ਦੀ ਸਭ ਤੋਂ ਮਹਾਨ ਦੱਸਿਆ ਸੀ। ਜਿੰਨੇ ਵੀ ਦੁਨੀਆ ਚ ਸਫਲ ਅਤੇ ਮਹਾਨ ਵਿਅਕਤੀ ਹੋਏ ਹਨ ਉਨ੍ਹਾਂ ਦੀਆਂ ਮਾਵਾਂ ਦਾ ਬਹੁਤ ਵੱਡਾ ਯੋਗਦਾਨ ਰਿਹਾ ਹੈ। ਇਸ ਸੰਸਾਰ ਵਿੱਚ ਮਾਂ ਬੱਚੇ ਦਾ ਸਾਥ ਤਾਂ ਓਸ ਪਲ ਤੋਂ ਹੀ ਸ਼ੁਰੂ ਹੋ ਜਾਂਦਾ ਹੈ ਜਦੋਂ ਬੱਚਾ ਕੁੱਖ ਵਿਚ ਆ ਵੱਸਦਾ ਹੈ। ਮਾਂ ਦੀ ਰੂਹ ਤਾਂ ਉਸ ਵੇਲੇ ਹੀ ਉਸ ਦੇ ਨਾਲ ਜੁੜ ਜਾਂਦੀ ਹੈ। ਫੇਰ ਨੰਨ੍ਹੀ ਜਾਨ ਨੂੰ ਉਹ ਧੀਰਜ ਨਾਲ ਆਪਣੇ ਅੰਦਰ ਨੌਂ ਮਹੀਨੇ ਤਕ ਪਾਲਦੀ ਹੈ ਜਿਸ ਦੌਰਾਨ ਉਹ ਇੱਕ ਬਚਪਣੇ ਭਰੀ ਕੁੜੀ ਤੋਂ ਇੱਕ ਜ਼ਿਮੇਦ-ਾਰ ਮਾਂ ਵਿਚ ਤਬਦੀਲ ਹੋ ਜਾਂਦੀ ਹੈ। ਅਤੇ ਬੱਚੇ ਦੇ ਜਨਮ ਹੋਣ ਤੇ ਉਸ ਦੇ ਸਾਰੇ ਰਿਸ਼ਤੇ ਪਿੱਛੇ ਤੇ ਇਹ ਰਿਸ਼ਤਾ ਤਰਜੀਹ ਤਾਂ ਆ ਜਾਂਦਾ ਹੈ। ਜਨਮ ਉਪਰੰਤ ਬੱਚੇ ਦੀ ਦੇਖਭਾਲ ਵਿਚ ਉਹ ਪ੍ਰਵਾਹ ਨਾ ਕਰਦੇ ਹੋਏ ਦਿਨ ਰਾਤ ਇੱਕ ਕਰ ਦਿੰਦੀ ਹੈ। ਪਰਿਵਾਰ ਦੇ ਸਾਰੇ ਨਗ ਇੱਕ ਪਾਸੇ ਤੇ ਮਾਂ ਦੀ ਝੋਲੀ ਇੱਕ ਪਾਸੇ ਹੁੰਦੀ ਹੈ ਅਤੇ ਉਸ ਨਾਜ਼ੁਕ ਕੁੜੀ ਵਿੱਚ ਇੱਕ ਅਲੱਗ ਹੀ ਕਿਸਮ ਦੀ ਹਿੰਮਤ , ਸਹਿਣਸ਼ੀਲਤਾ ਅਤੇ ਆਤਮਨਿਰਭਰਤਾ ਆ ਜਾਂਦੀ ਹੈ। ਹੌਲੀ ਹੌਲੀ ਮਾਂ ਇੱਕ ਨਵੇਂ ਮਨੁੱਖ ਦੇ ਜੀਵਨ ਨੂੰ ਸੰਵਾਰਦੀ ਹੈ। ਇਹੋ ਜਿਹਾ ਵੱਡਾ ਅਤੇ ਜ਼ਿਮੇਵਾਰੀ ਵਾਲਾ ਕਾਰਜ ਸਿਰਫ ਔਰਤ ਦੇ ਹਿਸੇ ਆਇਆ ਹੈ ਤੇ ਉਹ ਇਸ ਤੇ ਖਰੀ ਵੀ ਉੱਤਰਦੀ ਹੈ। ਮਾਂ ਆਪ ਭੁੱਖੀ ਰਹਿ ਕੇ ਵੀ ਆਪਣੇ ਬੱਚਿਆਂ ਦਾ ਪੇਟ ਪਾਲਣ ਦੇ ਸਮਰੱਥ ਹੈ ਇਸੇ ਲਈ ਅੱਜ ਤੱਕ ਕੋਈ ਵੀ ਵਿਅਕਤੀ ਆਪਣੀ ਮਾਂ ਦਾ ਕਰਜ਼ ਨਹੀਂ ਉਤਾਰ ਸਕਿਆ ਨੌਂ ਮਹੀਨੇ ਆਪਣੇ ਗਰਭ ਵਿੱਚ ਰੱਖਣ ਤੋਂ ਬਾਅਦ ਬੱਚੇ ਨੂੰ ਜਨਮ ਦਿੰਦੀ ਹੈ ਅਤੇ ਬਾਅਦ ਵਿੱਚ ਵੀ ਆਪ ਗਿਲੀ ਥਾਂ ਤੇ ਪੈ ਕੇ ਬੱਚੇ ਨੂੰ ਸੁੱਕੀ ਥਾਂ ਤੇ ਪਾਉਂਦੀ ਹੈ।

ਬੱਚਿਆਂ ਦਾ ਦੁੱਖ ਮਾਂ ਨਾ ਸਹਿੰਦੀ, ਗਿੱਲੀ ਥਾਂ ਤੇ ਆਪ ਏ ਪੈਂਦੀ, ਪਾਉਦੀਂ ਸੁੱਕੀ ਥਾਂ ਓ ਦੁਨੀਆਂ ਵਾਲਿਓ, ਮਾਂ ਹੁੰਦੀ ਏ ਮਾਂ ਓ ਦੁਨੀਆਂ ਵਾਲਿਓ।

ਕਹਿਦੇ ਨੇ ਕਿ ਕਿਸੇ ਸ਼ਹਿਰ ਵਿੱਚ ਨੌਕਰੀ ਕਰਦੇ ਵਿਅਕਤੀ ਨੇ ਪਿੰਡ ਰਹਿਦੀ ਮਾਂ ਨਾਲ ਜ਼ਿੱਦ ਕੀਤੀ ਕਿ ਮੈਂ ਤੁਹਾਡਾ ਕਰਜ਼ ਉਤਾਰਨਾ ਚਾਹੁੰਦਾ ਹਾਂ ਮਾਂ ਦੇ ਮਨਾ ਕਰਨ ਤੇ ਵੀ ਉਹ ਆਪਣੀ ਜਿੱਦ ਤੇ ਅੜਿਆ ਰਹਿਆ ਆਖਿਰ ਮਾਂ ਨੇ ਕਿਹਾ ਕਿ ਛੁੱਟੀ ਲੈਕੇ ਪਿੰਡ ਆਕੇ ਦਸ ਰਾਤਾਂ ਮੇਰੇ ਨਾਲ ਰਹਿਣਾ ਪਵੇਗਾ ਮਾਂ ਨੇ ਉਸਦੀ ਪ੍ਰੀਖਿਆ ਲੈਣ ਲਈ ਤਿੰਨ ਚਾਰ ਰਾਤਾਂ ਆਪਣੇ ਪੁੱਤਰ ਨਾਲ ਗਿੱਲੇ ਬਿਸਤਰ ਤੇ ਸੌਣਾ ਸ਼ੁਰੂ ਕਰ ਦਿੱਤਾ ਤਿੰਨ ਦਿਨਾਂ ਵਿੱਚ ਹੀ ਉਹ ਵਿਆਕਤੀ ਹਾਰ ਮੰਨ ਕੇ ਮਾਂ ਦੇ ਪੈਰੀਂ ਪੈ ਗਿਆ ਅਤੇ ਕਿਹਾ ਕਿ ਦੁਨੀਆਂ ਚ ਮਾਂ ਦਾ ਕਰਜ਼ ਪੈਸੇ ਅਤੇ ਸ਼ੋਹਰਤ ਨਾਲ ਨਹੀਂ ਬਲਕਿ ਮਾਂ ਦੀ ਸੇਵਾ ਅਤੇ ਸਤਿਕਾਰ ਕਰਕੇ ਹੀ ਉਤਾਰਿਆ ਜਾ ਸਕਦਾ ਹੈ। ਅੱਜ ਪੂਰੀ ਦੁਨੀਆਂ ਵਿੱਚ ਮਾਂ ਦਿਵਸ ਮਨਾਇਆ ਜਾ ਰਿਹਾ ਹੈ ਪਰ ਸਾਨੂੰ ਮਾਂ ਦੇ ਮਹੱਤਵ ਨੂੰ ਸਮਝਣ ਦੀ ਲੋੜ ਹੈ। ਅੱਜ ਵੀ ਕਈ ਮਾਵਾਂ ਨੂੰ ਬੁਢੇਪੇ ਵੇਲੇ ਬਿਰਧ ਆਸ਼ਰਮਾ ਵਿੱਚ ਰੁਲਦੇ ਵੇਖਦੇ ਹਾਂ।

ਦੁੱਧਾਂ ਨਾਲ ਪੁੱਤ ਪਾਲਕੇ,
ਪਿਛੋਂ ਪਾਣੀ ਨੂੰ ਤਰਸਦੀਆਂ ਮਾਵਾਂ।

ਕੁੱਖ ਵਿੱਚ ਪਲ ਰਹੀ ਬੱਚੀ ਨੇ ਵੀ ਕਦੇ ਮਾਂ ਬਣਨਾ ਹੁੰਦਾ ਹੈ ਪਰ ਅਫਸੋਸ ਕਿ ਬਹੁਤ ਸਾਰੇ ਪਰਿਵਾਰਾ ਵਲੋਂ ਮੁੰਡੇ ਦੀ ਚਾਹਤ ਵਿਚ ਬੱਚੀਆਂ ਨੂੰ ਕੁੱਖ ਵਿੱਚ ਹੀ ਮਾਰ ਦਿੱਤਾ ਜਾਂਦਾ ਹੈ । ਆਪਣੇ ਹੀ ਪੁੱਤਰਾਂ ਵਲੋਂ ਮਾਂ ਦਾ ਕਤਲ ਕਰਨ ਦੀਆਂ ਖ਼ਬਰਾਂ ਆਮ ਸੁਣਨ ਨੂੰ ਮਿਲਦੀਆਂ ਹਨ। ਬਹੁਤ ਸਾਰੇ ਪੁਤਰਾਂ ਵਲੋਂ ਮਾਵਾਂ ਨਾਲ ਦੁਰਵਿਹਾਰ ਅਤੇ ਕੁਟਮਾਰ ਦੀਆਂ ਖਬਰਾਂ ਵੀ ਅਸੀਂ ਅਕਸਰ ਸੁਣਦੇ ਰਹਿੰਦੇ ਹਾਂ। ਗੁਰੂ ਨਾਨਕ ਦੇਵ ਜੀ ਨੇ ਮਾਂ ਦੀ ਮਹਿਮਾ ਵਿੱਚ ਲਿਖਿਆ ਹੈ। ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥

ਸਿਰਫ ਮਾਂ ਹੀ ਸੋਚਦੀ ਹੈ ਕਿ ਮੇਰੀ ਉਮਰ ਵੀ ਬੱਚਿਆਂ ਨੂੰ ਲੱਗ ਜਾਵੇ। ਬੱਚਾ ਚਾਹੇ ਚੰਗਾ ਹੋਵੇ ਜਾਂ ਮਾੜਾ ਜਾਂ ਨਸ਼ੇੜੀ ਹੀ ਕਿਉਂ ਨਾ ਹੋਵੇ ਪਰ ਮਾਂ ਵਾਸਤੇ ਉਹ ਹੀਰੇ ਤੋਂ ਘੱਟ ਨਹੀਂ ਹੁੰਦਾ ਫਿਰ ਵੀ ਇੱਕ ਮਾਂ ਹਮੇਸ਼ਾ ਉਸ ਦੀ ਲੰਮੀ ਉਮਰ ਲਈ ਦੁਆਵਾਂ ਕਰਦੀ ਹੈ। ਕੋਈ ਵੀ ਮਾਂ ਸਹਿਣ ਨਹੀਂ ਕਰਦੀ ਉਸਦਾ ਬੱਚਾ ਉਸ ਤੋਂ ਪਹਿਲਾਂ ਇਸ ਦੁਨੀਆਂ ਤੋਂ ਚਲਾ ਜਾਵੇ। ਹੁਣੇ ਜਿਹੇ ਮਾਂ ਦੀ ਮਮਤਾ ਦੀ ਇੱਕ ਬਹੁਤ ਹੀ ਭਾਵੁਕ ਉਦ-ਾਹਰਣ ਦੇਖਣ ਨੂੰ ਮਿਲੀ ਹੈ ਜਿਥੇ ਜਬਲਪੁਰ ਵਿੱਚ ਹੋਏ ਕਰੂਜ਼ ਹਾਦਸੇ ਵਿੱਚ ਮਾਰੇ ਗਏ ਮਾਂ ਅਤੇ ਪੁੱਤ ਦੀ ਲਾਸ਼ ਨੂੰ ਜਦੋਂ ਬਾਹਰ ਕੱਢਿਆ ਗਿਆ ਤਾਂ ਸਾਰਿਆਂ ਦੀਆਂ ਅੱਖਾਂ ਨਮ ਹੋ ਗਈਆਂ ਇੱਕ ਮਾਂ ਦੀ ਆਪਣੇ ਪੁੱਤਰ ਨੂੰ ਪਾਈ ਗੱਲਵਕੜੀ ਇਨੀ ਮਜ਼ਬੂਤ ਸੀ ਕਿ ਮੌਤ ਵੀ ਉਸ ਗਲਵਕੜੀ ਨੂੰ ਤੋੜ ਨਹੀਂ ਸਕੀ। ਮਾਂ ਦੀ ਅਹਿਮੀਅਤ ਦਾ ਉਸ ਦੇ ਵਿਛੋੜੇ ਤੋਂ ਬਾਅਦ ਪਤਾ ਲੱਗਦਾ ਹੈ। ਨੁਜ਼ਹਤ ਅੱਬਾਸ ਨੇ ਮਾਂ ਦੇ ਵਿਛੋੜੇ ਬਾਰੇ ਬਾਖੂਬੀ ਲਿਖਿਆ ਹੈ।

ਮਾਂ ਵਿਛੋੜਾ ਕਿਵੇਂ ਦਸਾਂ ?
ਜਿਵੇਂ ਵੇਲਾ ਰੁੱਕ ਜਾਂਦਾ ਏ
ਜਿਵੇਂ ਸੂਰਜ ਡੁੱਬ ਜਾਂਦਾ ਏ
ਜਿਵੇਂ ਧਰਤੀ ਕੰਬ ਜਾਂਦੀ ਏ
ਜਿਵੇਂ ਹਨੇਰੀ ਚੜ੍ਹ ਆਉਂਦੀ ਏ
ਆਸ ਦਾ ਦੀਵਾ ਬੁੱਝ ਜਾਂਦਾ ਏ
ਦਿਲ ਦੀ ਬਸਤੀ ਰੁਲ ਜਾਂਦੀ ਏ
ਜਿਵੇਂ ਰੱਬ ਰੁੱਸ ਜਾਂਦਾ ਏ
ਸ਼ਾਲਾ ਕਿਸੇ ਦੀ ਮਾਂ ਨਾ ਮੋਏ
ਬੰਦਾ ਜਿਊਂਦਾ ਈ ਮੁੱਕ ਜਾਂਦਾ ਏ।



**ਕੁਲਦੀਪ ਸਿੰਘ ਸਾਹਿਲ**
**9417990040**
**ਸਿਰਨਾਵਾਂ:- # 16, ਏ ਫੋਕਲ ਪੁਆਇੰਟ ਰਾਜਪੁਰਾ**

# "ਸੋਚ ਦੀ ਦਿਸ਼ਾ, ਜ਼ਿੰਦਗੀ ਦਾ ਰਸਤਾ"

ਸੋਚ ਹਰ ਇਨਸਾਨ ਦੀ ਆਪਣੀ ਹੁੰਦੀ ਹੈ, ਤੇ ਇਹੀ ਸੋਚ ਉਸਦੀ ਜ਼ਿੰਦਗੀ ਦਾ ਰੁਖ ਤੈਅ ਕਰਦੀ ਹੈ। ਦੋ ਲੋਕ ਇੱਕੋ ਹਾਲਾਤ ਵਿੱਚ ਹੋਣ ਦੇ ਬਾਵਜੂਦ ਵੀ ਵੱਖਰੇ ਤਰੀਕੇ ਨਾਲ ਸੋਚਦੇ ਹਨ। ਕਿਸੇ ਲਈ ਮੁਸ਼ਕਲ ਇੱਕ ਰੁਕਾਵਟ ਬਣ ਜਾਂਦੀ ਹੈ, ਤੇ ਕਿਸੇ ਲਈ ਉਹੀ ਮੁਸ਼ਕਲ ਇੱਕ ਨਵਾਂ ਮੌਕਾ ਬਣਦੀ ਹੈ।

ਸਾਡੀ ਸੋਚ ਹੀ ਸਾਨੂੰ ਮਜ਼ਬੂਤ ਜਾਂ ਕਮਜ਼ੋਰ ਬਣਾਉਂਦੀ ਹੈ। ਜੇ ਅਸੀਂ ਹਮੇਸ਼ਾ ਨਕਾਰਾਤਮਕ ਸੋਚਦੇ ਰਹੀਏ, ਤਾਂ ਹਰ ਚੀਜ਼ ਵਿੱਚ ਸਾਨੂੰ ਕਮੀ ਹੀ ਨਜ਼ਰ ਆਉਂਦੀ ਹੈ। ਪਰ ਜੇ ਅਸੀਂ ਸਕਾਰਾਤਮਕ ਸੋਚ ਨੂੰ ਆਪਣੀ ਆਦਤ ਬਣਾ ਲਈਏ, ਤਾਂ ਅਸੀਂ ਔਖੀਆਂ ਸਥਿਤੀਆਂ ਵਿੱਚ ਵੀ ਰਾਹ ਲੱਭ ਲੈਂਦੇ ਹਾਂ। ਸੋਚ ਦਾ ਅਸਰ ਸਿਰਫ਼ ਸਾਡੇ ਉੱਤੇ ਹੀ ਨਹੀਂ ਹੁੰਦਾ, ਸਗੋਂ ਸਾਡੇ ਆਲੇ-ਦੁਆਲੇ ਦੇ ਲੋਕਾਂ ਉੱਤੇ ਵੀ ਪੈਂਦਾ ਹੈ। ਚੰਗੀ ਸੋਚ ਵਾਲਾ ਇਨਸਾਨ ਹਮੇਸ਼ਾ ਹੋਰਨਾਂ ਨੂੰ ਹੌਸਲਾ ਦਿੰਦਾ ਹੈ, ਜਦਕਿ ਮਾੜੀ ਸੋਚ ਵਾਲਾ ਮਾਹੌਲ ਨੂੰ ਭਾਰਾ ਕਰ ਦਿੰਦਾ ਹੈ।ਇਸ ਲਈ ਜ਼ਰੂਰੀ ਹੈ ਕਿ ਅਸੀਂ ਆਪਣੀ ਸੋਚ ਨੂੰ ਸਾਫ਼, ਉੱਚੀ ਤੇ ਸਕਾਰ-ਾਤਮਕ ਬਣਾਈਏ। ਕਿਉਂਕਿ ਜਿਵੇਂ ਅਸੀਂ ਸੋਚਦੇ ਹਾਂ, ਓਸੇ ਤਰ੍ਹਾਂ ਅਸੀਂ ਬਣਦੇ ਹਾਂ।ਕੀ ਤੁਸੀਂ ਆਪਣੀ ਸੋਚ ਨੂੰ ਕਦੇ ਧਿਆਨ ਨਾਲ ਵੇਖਿਆ ਹੈ? ਤੁਸੀਂ ਜ਼ਿਆਦਾ ਸਕਾਰਾਤਮਕ ਸੋਚਦੇ ਹੋ ਜਾਂ ਨਕਾਰਾਤਮਕ?

## "ਉਹ ਜਦੋ ਖੁਦ ਨੂੰ ਪਛਾਣ ਲੈਂਦੀ ਹੈ"

ਇਸ ਧਰਤੀ ਤੇ ਜੰਮੀ ਹਰ ਇਕ ਕੁੜੀ ਆਪਣੇ ਅੰਦਰ ਇੱਕ ਅਣਮੋਲ ਕਹਾਣੀ ਲੈ ਕੇ ਆਉਂਦੀ ਹੈ। ਉਹ ਸਿਰਫ਼ ਕਿਸੇ ਦੀ ਧੀ, ਭੈਣ ਜਾਂ ਦੋਸਤ ਨਹੀਂ ਹੁੰਦੀ ਉਹ ਆਪਣੀ ਹੀ ਪਛਾਣ ਬਣਾਉਣ ਵਾਲੀ ਇੱਕ ਤਾਕਤ ਹੁੰਦੀ ਹੈ। ਸਮਾਜ ਨੇ ਕਈ ਵਾਰ ਉਸਦੇ ਰਸਤੇ ਰੋਕੇ, ਉਸਦੇ ਸੁਪਨਿਆਂ ਨੂੰ ਛੋਟਾ ਕਰਨ ਦੀ ਕੋਸ਼ਿਸ਼ ਕੀਤੀ, ਪਰ ਉਹ ਹਰ ਵਾਰੀ ਆਪਣੀ ਹਿੰਮਤ ਨਾਲ ਖੜੀ ਹੋਈ ਹੈ ਕੁੜੀ ਹੋਣਾ ਕਦੇ ਵੀ ਕਮਜ਼ੋਰੀ ਨਹੀਂ ਹੁੰਦੀ। ਇਹ ਇਕ ਅਜਿਹੀ ਤਾਕਤ ਹੈ ਜੋ ਦਰਦ ਨੂੰ ਵੀ ਮੁਸਕਾਨ ਵਿੱਚ ਬਦਲ ਸਕਦੀ ਹੈ। ਉਹ ਘਰ ਦੀ ਰੌਣਕ ਵੀ ਹੈ ਤੇ ਸਮਾਜ ਦੀ ਰੀੜ੍ਹ ਦੀ ਹੱਡੀ ਵੀ। ਜਦੋਂ ਉਹ ਪੜ੍ਹਦੀ ਹੈ, ਤਾਂ ਸਿਰਫ਼ ਆਪਣੇ ਲਈ ਨਹੀਂ, ਸਗੋਂ ਪੂਰੇ ਪਰਿਵਾਰ ਅਤੇ ਸਮਾਜ ਲਈ ਰੋਸ਼ਨੀ ਬਣਦੀ ਹੈ।

ਅੱਜ ਦੇ ਸਮੇਂ ਵਿੱਚ ਲੋੜ ਹੈ ਕਿ ਹਰ ਕੁੜੀ ਆਪਣੇ ਅੰਦਰ ਦੀ ਆਵਾਜ਼ ਸੁਣੇ। ਉਹ ਆਪਣੀ ਕਾਬਲਿਯਤ ਨੂੰ ਪਛਾਣੇ ਤੇ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਲਈ ਅੱਗੇ ਵਧੇ। ਕਿਸੇ ਦੀਆਂ ਗੱਲਾਂ ਜਾਂ ਰੁਕਾਵਟਾਂ ਨੂੰ ਆਪਣੇ ਹੌਸਲੇ ਤੋਂ ਵੱਡਾ ਨਾ ਬਣਾਏ। ਜੇ ਉਹ ਖੁਦ 'ਤੇ ਵਿਸ਼ਵਾਸ ਕਰ ਲਵੇ, ਤਾਂ ਕੋਈ ਵੀ ਚੀਜ਼ ਉਸਨੂੰ ਅੱਗੇ ਵਧਣ ਤੋਂ ਨਹੀਂ ਰੋਕ ਸਕਦੀ ਸਮਾਜ ਨੂੰ ਵੀ ਇਹ ਸਮਝਣਾ ਪਵੇਗਾ ਕਿ ਕੁੜੀਆਂ ਨੂੰ ਮੌਕਾ ਦੇਣਾ, ਉਨ੍ਹਾਂ ਦੀ ਆਜ਼ਾਦੀ ਦੀ ਇੱਜ਼ਤ ਕਰਨਾ ਬਹੁਤ ਜ਼ਰੂਰੀ ਹੈ। ਜਦੋਂ ਇੱਕ ਕੁੜੀ ਉੱਡਦੀ ਹੈ, ਤਾਂ ਸਿਰਫ਼ ਉਹ ਨਹੀਂ, ਪੂਰਾ ਸਮਾਜ ਉੱਚਾ ਚੜ੍ਹਦਾ ਹੈ।ਉਸ ਨੂੰ ਇਹ ਵਿਸ਼ਵਾਸ ਦਿਵਾਇਆ ਜਾਵੇ ਤੂੰ ਕਿਸੇ ਤੋਂ ਘੱਟ ਨਹੀਂ। ਆਪਣੇ ਸੁਪਨਿਆਂ ਨੂੰ ਜਿਉਂਦਾ ਰੱਖ, ਆਪਣੇ ਹੌਸਲੇ ਨੂੰ ਕਦੇ ਮਰਨ ਨਾ ਦੇ। ਦੁਨੀਆ ਤੈਨੂੰ ਰੋਕਣ ਦੀ ਕੋਸ਼ਿਸ਼ ਕਰੇਗੀ, ਪਰ ਤੂੰ ਆਪਣੇ ਰਾਹ ਖੁਦ ਬਣਾਉਣ ਵਾਲੀ ਬਣ। ਕਿਉਂਕਿ ਜਦੋਂ ਇੱਕ ਕੁੜੀ ਆਪਣੇ ਆਪ ਨੂੰ ਪਛਾਣ ਲੈਂਦੀ ਹੈ, ਉਹ ਦੁਨੀਆ ਬਦਲ ਸਕਦੀ ਹੈ।



**ਮੰਜੂ ਰਾਇਕਾ**
**ਭਿੰਡਰਾਂ ਸੰਗਰੂਰ।**

# ਪੰਜਾਬੀ ਰੰਗ ਮੰਚ ਦਾ ਚਮਕਦਾ ਸਿਤਾਰਾ ਹਰਕੇਸ਼ ਚੌਧਰੀ

**ਮਿੱਤਰ ਸੈਨ ਮੀਤ**

ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਪੋਜੇਵਾਲ ਵਿੱਚ 1970 ਵਿੱਚ ਜਨਮੇ ਅਤੇ ਲੁਧਿਆਣਾ ਦੀ ਛੋਟੀ ਜਿਹੀ ਮੰਡੀ ਮੁੱਲਾਂਪੁਰ ਵਿੱਚ ਪਲੇ ਅਤੇ ਪੜ੍ਹੇ ਰੰਗਕਰਮੀ ਹਰਕੇਸ਼ ਚੌਧਰੀ ਨੇ ਕਰੀਬ ਚਾਰ ਦਹਾਕੇ ਪਹਿਲਾਂ ਰੰਗ ਮੰਚ ਦੀ ਦੁਨੀਆਂ ਵਿੱਚ ਪ੍ਰਵੇਸ਼ ਕੀਤਾ। ਸਾਲ 1988 ਵਿੱਚ ਲੋਕ ਕਲਾ ਮੰਚ ਮੁੱਲਾਂਪੁਰ ਦੀ ਸਥਾਪਨਾ ਕਰਕੇ ਨਾਟਕ ਕਲਾ ਨੂੰ ਬੁਲੰਦੀਆਂ ਵੱਲ ਲਿਜਾਣ ਲਈ ਯਤਨਸ਼ੀਲ ਹੋਏ। 1989 ਵਿੱਚ ਗੁਰਸ਼ਰਨ ਸਿੰਘ ਨਾਟਕਕਾਰ ਦੇ ਸੰਪਰਕ ਵਿੱਚ ਆਉਣ ਨਾਲ ਉਹਨਾਂ ਦੀ ਕਲਾ ਵਿੱਚ ਨਿਖਾਰ ਆਇਆ ਅਤੇ ਉਹਨਾਂ ਦੇ ਰੰਗਕਰਮੀ ਬਣਨ ਦਾ ਉਦੇਸ਼ ਸਪੱਸ਼ਟ ਹੋਣ ਲੱਗਾ।

ਗੁਰਸ਼ਰਨ ਸਿੰਘ ਦੀ ਉਂਗਲ ਫੜ ਕੇ ਪਹਿਲੀ ਵਾਰ ਉਹ 1997 ਵਿੱਚ ਨਾਟਕ ਖੇਡਣ ਕਨੇਡਾ ਗਏ। ਫਿਰ ਉਹ ਪੰਜਾਬੀ ਰੰਗਮੰਚ ਦੀਆਂ ਜੜ੍ਹਾਂ ਵਿਦੇਸ਼ਾਂ ਵੀ ਵਿੱਚ ਲਾਉਣ ਅਤੇ ਪੱਕੀਆਂ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣ ਲੱਗੇ। ਹੁਣ ਤੱਕ ਉਹ ਕਰੀਬ 20 ਫੇਰੀਆਂ ਕਨੇਡਾ ਦੀਆਂ ਲਾ ਚੁੱਕੇ ਹਨ। 15 ਸਾਲ ਤੋਂ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ (ਕਨੇਡਾ) ਦੇ ਸੱਦੇ ਤੇ ਹਰ ਸਾਲ ਉਹ ਕਨੇਡਾ ਜਾਂਦੇ ਹਨ। ਕਨੇਡੀਅਨ ਪੰਜਾਬੀਆਂ ਨੂੰ ਚੋਟੀ ਦੇ ਰੰਗਕਰਮੀ ਬਣਨ ਦੀ ਸਿੱਖਿਆ ਦਿੰਦੇ ਅਤੇ ਸ਼ਹਿਰ-ਸ਼ਹਿਰ ਜਾ ਕੇ ਨਾਟਕ ਖੇਲ੍ਹਦੇ ਹਨ।

ਹੁਣ ਤੱਕ ਹਰਕੇਸ਼ ਚੌਧਰੀ ਨੇ ਸੈਂਕੜੇ ਨਾਟਕ ਖੇਡੇ ਹੀ ਨਹੀਂ ਹਨ, ਸਗੋਂ ਅਨੇਕਾਂ ਲਿਖੇ ਵੀ ਹਨ। ਉਨਾਂ ਦੀਆਂ ਨਾਟਕਾਂ ਦੀਆਂ ਦੋ ਪੁਸਤਕਾਂ 'ਗਾਥਾ ਕਾਲੇ ਪਾਣੀਆਂ ਦੀ' ਅਤੇ 'ਉੱਠਣ ਦਾ ਵੇਲਾ' ਨੇ ਪੰਜਾਬੀ ਸਾਹਿਤ ਦੇ ਇਤਿਹਾਸ ਵਿੱਚ



ਸਾਲ 2007 ਵਿੱਚ ਗੁਰਸ਼ਰਨ ਕਲਾ ਭਵਨ ਦੀ ਉਸਾਰੀ ਸ਼ੁਰੂ ਕੀਤੀ। ਇਸ ਵਿਸ਼ਾਲ ਭਵਨ ਵਿੱਚ ਪਹਿਲਾਂ ਥੀਏਟਰ ਬਣਿਆ, ਫੇਰ ਕਵਿਤਾ ਭਵਨ ਅਤੇ ਫੇਰ ਲਾਇਬਰੇਰੀ। ਜੁਲਾਈ ਵਿੱਚ ਓਪਨ ਏਅਰ ਥੀਏਟਰ ਦੀ ਉਸਾਰੀ ਵੀ ਸ਼ੁਰੂ ਹੋਣ ਵਾਲੀ ਹੈ। ਗੁਰਸ਼ਰਨ ਕਲਾ ਭਵਨ ਵਿੱਚ ਹਰ ਮਹੀਨੇ ਇੱਕ ਨਾਟਕ ਹੁੰਦਾ ਹੈ ਅਤੇ ਨਵੰਬਰ ਮਹੀਨੇ ਤਿੰਨ ਰੋਜ਼ਾ ਨਾਟਕ ਮੇਲਾ। ਇਹਨਾਂ ਗਤੀਵਿਧੀਆਂ ਨੇ ਸੈਂਕੜੇ ਕਲਾਕਾਰਾਂ ਨੂੰ ਪੰਜਾਬੀ ਰੰਗਮੰਚ ਵਿੱਚ ਆਪਣੀ ਪਹਿਚਾਣ ਬਣਾਉਣ ਵਿੱਚ ਵਡਮੁੱਲਾ ਯੋਗਦਾਨ ਪਾਇਆ ਹੈ।

ਕਰੀਬ 29 ਸਾਲ ਸਕੂਲੀ ਬੱਚਿਆਂ ਨੂੰ ਸਿੱਖਿਆ ਦੇਣ ਬਾਅਦ ਹੁਣ ਉਹਨਾਂ ਨੇ ਕੁੱਲ ਵਕਤੀ ਹੋਣ ਦਾ ਫ਼ੈਸਲਾ ਕੀਤਾ ਹੈ। ਪੰਜਾਬੀ ਰੰਗਮੰਚ ਅਤੇ ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਪਸਾਰ ਨਾਲ ਜੁੜੀਆਂ



ਪੰਜਾਬੀ ਭਾਸ਼ਾ ਪਸਾਰ ਭਾਈਚਾਰਾ

ਵੱਲੋਂ

ਰੰਗ ਮੰਚ ਰਾਹੀਂ ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਪਸਾਰ ਵਿੱਚ ਅਥਾਹ ਯੋਗਦਾਨ ਪਾਉਣ ਲਈ

ਹਰਕੇਸ਼ ਚੌਧਰੀ

ਨੂੰ

ਸ੍ਰ. ਮਿਲਖਾ ਸਿੰਘ ਗਰਚਾ ਯਾਦਗਾਰੀ ਪੁਰਸਕਾਰ

ਸਨਮਾਨ ਪੱਤਰ

ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਪੋਜੇਵਾਲ ਵਿੱਚ 1970 ਵਿੱਚ ਜਨਮੇ ਅਤੇ ਲੁਧਿਆਣਾ ਦੀ ਛੋਟੀ ਜਿਹੀ ਮੰਡੀ ਮੁੱਲਾਂਪੁਰ ਵਿੱਚ ਪਲੇ ਅਤੇ ਪੜ੍ਹੇ ਰੰਗਕਰਮੀ ਹਰਕੇਸ਼ ਚੌਧਰੀ ਨੇ ਕਰੀਬ ਚਾਰ ਦਹਾਕੇ ਪਹਿਲਾਂ ਰੰਗ ਮੰਚ ਦੀ ਦੁਨੀਆਂ ਵਿੱਚ ਪ੍ਰਵੇਸ਼ ਕੀਤਾ। ਸਾਲ 1988 ਵਿੱਚ ਲੋਕ ਕਲਾ ਮੰਚ ਮੁੱਲਾਂਪੁਰ ਦੀ ਸਥਾਪਨਾ ਕਰਕੇ ਨਾਟਕ ਕਲਾ ਨੂੰ ਬੁਲੰਦੀਆਂ ਵੱਲ ਲਿਜਾਣ ਲਈ ਯਤਨਸ਼ੀਲ ਹੋਏ। 1989 ਵਿੱਚ ਗੁਰਸ਼ਰਨ ਸਿੰਘ ਨਾਟਕਕਾਰ ਦੇ ਸੰਪਰਕ ਵਿੱਚ ਆਉਣ ਨਾਲ ਉਹਨਾਂ ਦੀ ਕਲਾ ਵਿੱਚ ਨਿਖਾਰ ਆਇਆ ਅਤੇ ਉਹਨਾਂ ਦੇ ਰੰਗਕਰਮੀ ਬਣਨ ਦਾ ਉਦੇਸ਼ ਸਪੱਸ਼ਟ ਹੋਣ ਲੱਗਾ।

ਗੁਰਸ਼ਰਨ ਸਿੰਘ ਦੀ ਉਂਗਲ ਫੜ ਕੇ ਪਹਿਲੀ ਵਾਰ ਉਹ 1997 ਵਿੱਚ ਨਾਟਕ ਖੇਡਣ ਕਨੇਡਾ ਗਏ। ਫਿਰ ਉਹ ਪੰਜਾਬੀ ਰੰਗਮੰਚ ਦੀਆਂ ਜੜ੍ਹਾਂ ਵਿਦੇਸ਼ਾਂ ਵਿੱਚ ਵੀ ਲਾਉਣ ਅਤੇ ਪੱਕੀਆਂ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣ ਲੱਗੇ। ਹੁਣ ਤੱਕ ਉਹ ਕਰੀਬ 20 ਫੇਰੀਆਂ ਕਨੇਡਾ ਦੀਆਂ ਲਾ ਚੁੱਕੇ ਹਨ। 15 ਸਾਲ ਤੋਂ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ (ਕਨੇਡਾ) ਦੇ ਸੱਦੇ ਤੇ ਹਰ ਸਾਲ ਉਹ ਕਨੇਡਾ ਜਾਂਦੇ ਹਨ। ਕੈਨੇਡੀਅਨ ਪੰਜਾਬੀਆਂ ਨੂੰ ਚੋਟੀ ਦੇ ਰੰਗਕਰਮੀ ਬਣਨ ਦੀ ਸਿੱਖਿਆ ਦਿੰਦੇ ਅਤੇ ਸ਼ਹਿਰ-ਸ਼ਹਿਰ ਜਾ ਕੇ ਨਾਟਕ ਖੇਲਦੇ ਹਨ।

ਹੁਣ ਤੱਕ ਹਰਕੇਸ਼ ਚੌਧਰੀ ਨੇ ਸੈਂਕੜੇ ਨਾਟਕ ਖੇਡੇ ਹੀ ਨਹੀਂ ਹਨ, ਸਗੋਂ ਅਨੇਕਾਂ ਲਿਖੇ ਵੀ ਹਨ। ਉਨਾਂ ਦੀਆਂ ਨਾਟਕਾਂ ਦੀਆਂ ਦੋ ਪੁਸਤਕਾਂ 'ਗਾਥਾ ਕਾਲੇ ਪਾਣੀਆਂ ਦੀ' ਅਤੇ 'ਉੱਠਣ ਦਾ ਵੇਲਾ' ਨੇ ਪੰਜਾਬੀ ਸਾਹਿਤ ਦੇ ਇਤਿਹਾਸ ਵਿੱਚ ਜ਼ਿਕਰਯੋਗ ਥਾਂ ਬਣਾ ਲਈ ਹੈ।

ਚੌਧਰੀ ਜੀ ਆਪਣੀ ਕਲਾ ਦਾ ਪ੍ਰਦਰਸ਼ਨ ਕੇਵਲ ਨਾਟ ਭਵਨਾਂ ਤੱਕ ਹੀ ਸੀਮਤ ਨਹੀਂ ਰੱਖਦੇ। ਉਹ ਸਾਧਨਹੀਣ ਲੋਕਾਂ ਨੂੰ ਆਪਣੇ ਹੱਕਾਂ ਬਾਰੇ ਜਾਗਰੂਕ ਕਰਵਾਉਣ ਲਈ ਪਿੰਡਾਂ ਦੀਆਂ ਸੱਥਾਂ ਤੱਕ ਵੀ ਜਾਂਦੇ ਹਨ। ਕਿਸਾਨੀ ਅੰਦੋਲਨ ਦੌਰਾਨ ਹਰਕੇਸ਼ ਚੌਧਰੀ ਨੇ ਦਰਜਨ ਤੋਂ ਵੱਧ ਵਾਰ ਆਪਣੇ ਨਾਟਕ ਸਿੰਘੂ, ਟਿੱਕਰੀ, ਕੁੰਡਲੀ ਅਤੇ ਗਾਜ਼ੀਪੁਰ ਬਾਰਡਰਾਂ ਤੇ ਖੇਡ ਕੇ ਪ੍ਰਦਰਸ਼ਨਕਾਰੀ ਕਿਸਾਨਾਂ ਨੂੰ ਜ਼ਮੀਨੀ ਸੰਘਰਸ਼ ਦੀਆਂ ਇਤਿਹਾਸਿਕ ਪੈੜਾਂ ਅਤੇ ਲੋੜਾਂ ਬਾਰੇ ਜਾਗਰੂਕ ਕੀਤਾ।

ਗੁਰਸ਼ਰਨ ਸਿੰਘ ਦੇ ਲੋਕ-ਪੱਖੀ ਪੰਜਾਬੀ ਨਾਟਕ ਦੇ ਵਿਕਾਸ ਵਿੱਚ ਪਾਏ ਯਾਦਗਾਰੀ ਯੋਗਦਾਨ ਨੂੰ ਸਦੀਵੀ ਬਣਾਉਣ ਅਤੇ ਨਵੇਂ ਕਲਾਕਾਰਾਂ ਦੀ ਪਨੀਰੀ ਲਈ ਜ਼ਮੀਨ ਤਿਆਰ ਕਰਨ ਲਈ ਹਰਕੇਸ਼ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਸਾਲ 2007 ਵਿੱਚ ਗੁਰਸ਼ਰਨ ਕਲਾ ਭਵਨ ਦੀ ਉਸਾਰੀ ਸ਼ੁਰੂ ਕੀਤੀ। ਇਸ ਵਿਸ਼ਾਲ ਭਵਨ ਵਿੱਚ ਪਹਿਲਾਂ ਥੀਏਟਰ ਬਣਿਆ, ਫੇਰ ਕਵਿਤਾ ਭਵਨ ਅਤੇ ਫੇਰ ਲਾਇਬਰੇਰੀ। ਜੁਲਾਈ ਵਿੱਚ ਓਪਨ ਏਅਰ ਥੀਏਟਰ ਦੀ ਉਸਾਰੀ ਵੀ ਸ਼ੁਰੂ ਹੋਣ ਵਾਲੀ ਹੈ। ਗੁਰਸ਼ਰਨ ਕਲਾ ਭਵਨ ਵਿੱਚ ਹਰ ਮਹੀਨੇ ਇੱਕ ਨਾਟਕ ਹੁੰਦਾ ਹੈ ਅਤੇ ਨਵੰਬਰ ਮਹੀਨੇ ਤਿੰਨ ਰੋਜ਼ਾ ਨਾਟਕ ਮੇਲਾ। ਇਹਨਾਂ ਗਤੀਵਿਧੀਆਂ ਨੇ ਸੈਂਕੜੇ ਕਲਾਕਾਰਾਂ ਨੂੰ ਪੰਜਾਬੀ ਰੰਗਮੰਚ ਵਿੱਚ ਆਪਣੀ ਪਹਿਚਾਣ ਬਣਾਉਣ ਵਿੱਚ ਵਡਮੁੱਲਾ ਯੋਗਦਾਨ ਪਾਇਆ ਹੈ।

ਕਰੀਬ 29 ਸਾਲ ਸਕੂਲੀ ਬੱਚਿਆਂ ਨੂੰ ਸਿੱਖਿਆ ਦੇਣ ਬਾਅਦ ਹੁਣ ਉਹਨਾਂ ਨੇ ਕੁੱਲ ਵਕਤੀ ਹੋਣ ਦਾ ਫ਼ੈਸਲਾ ਕੀਤਾ ਹੈ। ਪੰਜਾਬੀ ਰੰਗਮੰਚ ਅਤੇ ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਪਸਾਰ ਨਾਲ ਜੁੜੀਆਂ ਸੰਸਥਾਵਾਂ ਉਨ੍ਹਾਂ ਦੀ ਨਵੀਂ ਯਾਤਰਾ ਦੀ ਸਫਲਤਾ ਦੀ ਕਾਮਨਾ ਕਰਦੀਆਂ ਹਨ।

ਅੱਜ ਮਾਂ ਬੋਲੀ ਪੰਜਾਬੀ ਆਪਣੇ ਲਾਡਲੇ ਰੰਗ ਕਰਮੀ ਪੁੱਤ ਹਰਕੇਸ਼ ਚੌਧਰੀ ਦਾ ਸਿਰ ਪਲੋਸਣ ਵਿੱਚ ਫ਼ਖ਼ਰ ਮਹਿਸੂਸ ਕਰਦੀ ਹੈ।

ਮਿਤੀ : 9-5-2026

[illegible] ਸੰਚਾਲਕ (ਪੰਜਾਬ)

[illegible] ਸੰਚਾਲਕ

ਮਿੱਤਰ ਸੈਨ ਮੀਤ ਸੰਚਾਲਕ (ਪੰਜਾਬ)



ਜ਼ਿਕਰਯੋਗ ਥਾਂ ਬਣਾ ਲਈ ਹੈ।

ਚੌਧਰੀ ਜੀ ਆਪਣੀ ਕਲਾ ਦਾ ਪ੍ਰਦਰਸ਼ਨ ਕੇਵਲ ਨਾਟ ਭਵਨਾਂ ਤੱਕ ਹੀ ਸੀਮਤ ਨਹੀਂ ਰੱਖਦੇ। ਉਹ ਸਾਧਨਹੀਣ ਲੋਕਾਂ ਨੂੰ ਆਪਣੇ ਹੱਕਾਂ ਬਾਰੇ ਜਾਗਰੂਕ ਕਰਵਾਉਣ ਲਈ ਪਿੰਡਾਂ ਦੀਆਂ ਸੱਥਾਂ ਤੱਕ ਵੀ ਜਾਂਦੇ ਹਨ। ਕਿਸਾਨੀ ਅੰਦੋਲਨ ਦੌਰਾਨ ਹਰਕੇਸ਼ ਚੌਧਰੀ ਨੇ ਦਰਜਨ ਤੋਂ ਵੱਧ ਵਾਰ ਆਪਣੇ ਨਾਟਕ ਸਿੰਘੂ, ਟਿੱਕਰੀ, ਕੁੰਡਲੀ ਅਤੇ ਗਾਜ਼ੀਪੁਰ ਬਾਰਡਰਾਂ ਤੇ ਖੇਡ ਕੇ ਪ੍ਰਦਰਸ਼ਨਕਾਰੀ ਕਿਸਾਨਾਂ ਨੂੰ ਜ਼ਮੀਨੀ ਸੰਘਰਸ਼ ਦੀਆਂ ਇਤਿਹਾਸਿਕ ਪੈੜਾਂ ਅਤੇ ਲੋੜਾਂ ਬਾਰੇ ਜਾਗਰੂਕ ਕੀਤਾ।

ਗੁਰਸ਼ਰਨ ਸਿੰਘ ਦੇ ਲੋਕ-ਪੱਖੀ ਪੰਜਾਬੀ ਨਾਟਕ ਦੇ ਵਿਕਾਸ ਵਿੱਚ ਪਾਏ ਯਾਦਗਾਰੀ ਯੋਗਦਾਨ ਨੂੰ ਸਦੀਵੀ ਬਣਾਉਣ ਅਤੇ ਨਵੇਂ ਕਲਾਕਾਰਾਂ ਦੀ ਪਨੀਰੀ ਲਈ ਜ਼ਮੀਨ ਤਿਆਰ ਕਰਨ ਲਈ ਰਕੇਸ਼ ਨੇ ਆਪਣੇ ਸਾਥੀਆਂ ਨਾਲ ਮਿਲ ਕੇ

ਸੰਸਥਾਵਾਂ ਉਨ੍ਹਾਂ ਦੀ ਨਵੀਂ ਯਾਤਰਾ ਦੀ ਸਫਲਤਾ ਦੀ ਕਾਮਨਾ ਕਰਦੀਆਂ ਹਨ।

ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਵਲੋਂ ਮਿਤੀ 9 ਮਈ 2026 ਨੂੰ ਹਰਕੇਸ਼ ਚੌਧਰੀ ਦੇ ਪ੍ਰਭਾਵਸ਼ਾਲੀ ਵਿਦਾਗੀ ਸਮਾਗਮ ਵਿਚ ਉਨ੍ਹਾਂ ਨੂੰ ਰੰਗ ਮੰਚ ਰਾਹੀਂ ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਪਸਾਰ ਵਿੱਚ ਅਥਾਹ ਯੋਗਦਾਨ ਪਾਉਣ ਲਈ ਸ੍ਰ ਮਿਲਖਾ ਸਿੰਘ ਗਰਚਾ ਯਾਦਗਾਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ।


AMBEDKAR INTERNATIONAL MISSION LONDON
Sīla • Samādhi • Paññā
AMBEDKAR INTERNATIONAL MISSION, LONDON
Pays Homage to
THE GREAT DR BABASAHEB AMBEDKAR
On the occasion of his 135th Birth Anniversary
Sunday, 10th May, 2026 From 2 pm (sharp) until 6 pm
At Elmhurst School, Upton Park Road, London, E7 8JY
Sir Stephen Timms MP, Minister of State (Department for Work and Pensions) will be in attendance from 3 pm
The Indian Hign Commission, the Mayor of Newham, and local dignitaries are invited
HONORARY GUEST
Gaurav J. Pathania is Assistant Professor of Sociology & Peacebuilding at Eastern Mennonite University, Virginia. He is an Ambedkar'ite scholar, activist, poet and a community organiser in the USA.
SPECIAL TRIBUTE
Special tributes will be paid to Mr. Prem Chand Mann, Mr. Hari Ram Leal and Mr. Gurdial Chand Banger, who all passed away recently. A great loss to the Mission.
All are cordially invited along with family, friends and relatives
Cultural Entertainment
Bhai Tejinder Singh Lallianwale and Giani Onkar Singh
Speeches and Poetry
Lunch (Langar) will be strictly served between 12 noon - 1:30 pm only
Mr. Prem Chand Mann's family will provide Langar in honour, respect and in memory of Mr. Prem Chand Mann.
Transport and Parking
Nearest Underground: Upton Park, District, Hammersmith and City lines.
The venue is 10 minutes' walk from Upton Park Underground Station
Free parking at Elmhurst Primary School
Contact:
Tel. 07751-668926

# ਜੀਵਨ ਦੀ ਸਭ ਤੋਂ ਵੱਡੀ ਦੌਲਤ ਮਾਂ ਦੀ ਮਮਤਾ

ਮਾਂ, ਜਿਸ ਨੂੰ ਰੱਬ ਦਾ ਦੂਜਾ ਨਾਂ ਵੀ ਕਿਹਾ ਜਾਂਦਾ ਹੈ। ਰੱਬ ਨੂੰ ਤਾਂ ਅਸੀਂ ਕਦੇ ਨਹੀਂ ਵੇਖਿਆ, ਪਰ ਮਾਂ ਜਨਮ ਤੋਂ ਹੀ ਸਾਡੇ ਨਾਲ ਹੁੰਦੀ ਹੈ ਉਹ ਸਾਡੀ ਜਨਮਦਾਤੀ ਹੈ। ਇਸ ਲਈ ਮਾਂ ਤਾਂ ਰੱਬ ਤੋਂ ਵੀ ਉੱਚੀ ਤੇ ਵੱਡੀ ਹੋਈ। ਹਰ ਪ੍ਰਾਣੀ ਦੀ ਇਕ ਹੀ ਜਨਮਦਾਤੀ ਹੁੰਦੀ ਹੈ ਤੇ ਉਹ ਸਿਰਫ਼ ਮਾਂ ਹੁੰਦੀ ਹੈ। ਜਿੱਥੇ ਮਾਂ ਹੁੰਦੀ ਹੈ ਉੱਥੇ ਮਮਤਾ ਵੀ ਹੁੰਦੀ ਹੈ। ਦੁਨਿਆ ਵਿਚ ਸ਼ਹਿਦ ਨਾਲੋਂ ਵੀ ਮਿੱਠੀ ਤੇ ਉੱਤਮ ਵਸਤੂ ਮਾਂ ਦੀ ਮਮਤਾ ਹੈ। ਜਿਸ ਦੀ ਕਦਰ ਕਰਨਾ ਹਰ ਇੱਕ ਮਨੁੱਖ ਦਾ ਫ਼ਰਜ਼ ਬਣਦਾ ਹੈ।

ਮਾਂ ਕੇਵਲ ਮਾਂ ਹੀ ਨਹੀਂ ਸਗੋਂ ਬੱਚੇ ਦੀ ਪਹਿਲੀ ਗੁਰੂ ਵੀ ਹੁੰਦੀ ਹੈ, ਜਿਸ ਤੋਂ ਗ੍ਰਹਿਣ ਕੀਤੀ ਮੁੱਢਲੀ ਸਿੱਖਿਆ ਜ਼ਿੰਦਗੀ ਦੇ ਵੱਖ-ਵੱਖ ਪੜਾਵਾਂ ਵਿੱਚੋਂ ਲੰਘਦਿਆਂ ਬੱਚਿਆਂ ਦਾ ਮਾਰਗ ਦਰਸ਼ਨ ਕਰਦੀ ਰਹਿੰਦੀ ਹੈ। ਮਾਂ ਵੱਲੋਂ ਦਿੱਤੀ ਗਈ ਸਹੀ ਸਿੱਖਿਆ ਬੱਚਿਆਂ ਨੂੰ ਚੰਗਾ ਨਾਗਰਿਕ ਬਣਨ 'ਚ ਵੀ ਮਦਦ ਕਰਦੀ ਹੈ। ਮਾਂ ਆਪਣੇ ਨਿੱਜੀ ਸੁੱਖਾਂ ਨੂੰ ਤਿਆਗ ਕੇ ਪੂਰਾ ਜੀਵਨ ਆਪਣੇ ਬੱਚਿਆਂ ਦੇ ਬਚਪਨ ਤੇ ਉਨ੍ਹਾਂ ਦੇ ਭਵਿੱਖ ਨੂੰ ਸੰਵਾਰਨ ਲਈ ਲਗਾ ਦਿੰਦੀ ਹੈ ਅਤੇ ਉਸ ਦੇ ਆਪਣੇ ਸੁਪਨੇ ਆਪਣੇ ਬੱਚਿਆਂ ਨਾਲ ਜੁੜੇ ਰਹਿੰਦੇ ਹਨ। ਬੱਚਾ ਮਾਂ ਕੋਲੋਂ ਬਹੁਤ ਕੁਝ ਸਿੱਖਦਾ ਹੈ।

ਬੱਚਾ ਪਹਿਲਾ ਸ਼ਬਦ ਵੀ ਮਾਂ ਹੀ ਬੋਲਦਾ ਹੈ। ਬੱਚੇ ਦੀ ਸ਼ਖਸ਼ੀਅਤ ਤੇ ਬਹੁਤਾ ਪ੍ਰਭਾਵ ਉਸ ਦੀ ਮਾਂ ਦਾ ਹੀ ਹੁੰਦਾ ਹੈ ਤੇ ਉਸ ਦਾ ਵਿਕਾਸ ਵੀ ਉਸ ਦੀ ਮਾਂ ਦੀ ਸ਼ਖਸ਼ੀਅਤ ’ਤੇ ਨਿਰਭਰ ਕਰਦਾ ਹੈ। ਆਮ ਤੌਰ 'ਤੇ ਕੁਝ ਲੋਕ ਇਹ ਕਹਿ ਦਿੰਦੇ ਹਨ ਕਿ ਚੋਰ ਨੂੰ ਨਾ ਮਾਰੋ, ਚੋਰ ਦੀ ਮਾਂ ਨੂੰ ਮਾਰੋ, ਪਰ ਕੋਈ ਵੀ ਮਾਂ ਨਹੀਂ ਚਾਹੁੰਦੀ ਕਿ ਉਸ ਦਾ ਪੁੱਤਰ ਚੋਰ ਬਣੇ ਅਤੇ ਨਾਹੀਂ ਕੋਈ ਮਾਂ ਆਪਣੇ ਚੋਰ ਪੁੱਤਰ ਨੂੰ ਕਦੇ ਵੀ ਚੋਰ ਮੰਨਣ ਲਈ ਤਿਆਰ ਹੋਵੇਗੀ ਕਿਉਂਕਿ ਉੱਥੇ ਉਸ ਦੀ ਮਮਤਾ ਭਾਰੀ ਪੈ ਜਾਂਦੀ ਹੈ। ਮਾਂ ਦਾ ਮਮਤਾ ਨਾਲ ਸਿੱਧਾ ਸਬੰਧ ਹੈ। ਕਿਸੇ ਨੇ ਠੀਕ ਹੀ ਕਿਹਾ ਹੈ ਕਿ ਮਾਂ ਦਾ ਰਿਸ਼ਤਾ



ਸਭ ਰਿਸ਼ਤਿਆਂ ਨਾਲੋਂ ਉੱਤਮ, ਪਵਿੱਤਰ ਅਤੇ ਰੱਬ ਦੀ ਨੇੜਤਾ ਦਾ ਸਬੂਤ ਹੁੰਦਾ ਹੈ। ਭਾਵ, ਰੱਬ ਦਾ ਦੂਜਾ ਨਾਂ ਹੀ ਮਾਂ ਹੈ। ਆਪਣੀ ਔਲਾਦ ਨੂੰ ਦੁਨੀਆ ਵਿਖਾਉਣ ਵਾਲੀ ਮਾਂ ਵਰਗੀ ਸ਼ਾਇਦ ਹੀ ਕੋਈ ਦੂਜੀ ਮਿਸਾਲ ਦੁਨੀਆਂ ਵਿੱਚ ਹੋਵੇ। ਸਾਰੇ ਰਿਸ਼ਤਿਆਂ ਵਿਚੋਂ ਇਕੋ ਇਕ ਅਨੋਖਾ ਤੇ ਵਿਲੱਖਣ ਰਿਸ਼ਤਾ ਮਾਂ ਦਾ ਹੀ ਹੁੰਦਾ ਹੈ, ਜੋ ਸਾਰੇ ਕਸ਼ਟ ਅਤੇ ਤਕਲੀਫਾਂ ਹੰਢਾ ਕੇ ਦੁਨੀਆ ਭਰ ਦੇ ਸੁੱਖ ਆਪਣੀ ਔਲਾਦ ਵਾਸਤੇ ਪੈਦਾ ਕਰਦਾ ਹੀ ਰਹਿੰਦਾ ਹੈ। ਮਾਂ ਆਪਣੀ ਔਲਾਦ ਦੀ ਹਰ ਰਮਜ਼ ਨੂੰ ਪਛਾਣਦੀ ਹੈ। ਤਾਂ ਹੀ ਕਹਿੰਦੇ ਹਨ, ਗੂੰਗੇ ਦੀਆਂ ਰਮਜ਼ਾਂ ਗੂੰਗੇ ਦੀ ਮਾਂ ਹੀ ਜਾਣੇ। ਮਾਂ ਦੀ ਸਾਰੀ ਦੁਨੀਆਂ ਉਸ ਦੀ ਔਲਾਦ ਹੀ ਹੁੰਦੀ ਹੈ। ਮਾਂ ਦੇ ਦਿਲੋਂ ਆਪਣੀ ਔਲਾਦ ਲਈ ਹਮੇਸ਼ਾ ਅਸੀਸਾਂ ਹੀ ਨਿਕਲਦੀਆਂ ਹਨ। ਮਾਂ ਦੀ ਮਮਤਾ ਤਾਂ ਉਸ ਰੁੱਖ ਦੀ ਤਰ੍ਹਾਂ ਹੁੰਦੀ ਹੈ ਜੋ ਸਭ ਨੂੰ ਛਾਂ ਦਿੰਦਾ ਹੈ ਪਰ ਆਪ ਧੁੱਪਾਂ ਸਹਿੰਦਾ ਹੈ। ਮਾਂ ਦੀ ਮਮਤਾ ਹੀ ਔਲਾਦ ਨੂੰ ਜ਼ਿੰਦਗੀ ਦੀਆਂ ਧੁੱਪਾਂ ਅਤੇ ਝੱਖੜਾਂ ਤੋਂ ਬਚਾਉਂਦੀ ਹੈ। ਇਹ ਸੱਚ ਹੈ ਕਿ ਮਾਂ ਦੀ ਬੁੱਕਲ ਤੋਂ ਬਿਨਾਂ ਬੱਚਿਆਂ ਦਾ ਇੱਕ ਦਿਨ ਤਾਂ ਕੀ ਇੱਕ ਸਾਹ ਵੀ ਪੂਰਾ ਨਹੀਂ ਹੋ ਸਕਦਾ। ਮਾਂ ਰੱਬ ਦੀ ਦਿੱਤੀ ਉਹ ਅਣਮੁੱਲੀ ਦਾਤ ਹੈ ਜਿਸ ਦੀ ਤੁਲਨਾ ਹਮੇਸ਼ਾ ਕੁਦਰਤ ਨਾਲ ਹੁੰਦੀ ਹੈ। ਅਸਲ 'ਚ ਵੇਖਿਆ ਜਾਵੇ ਤਾਂ ਦੋਹਾਂ ਦੇ ਸੁਭਾਅ ਵੀ ਇੱਕੋ ਜਿਹੇ ਹੁੰਦੇ ਹਨ, ਦੋਵੇਂ ਦੇਣਾ ਜਾਣਦੇ ਹਨ ਲੈਣਾ ਨਹੀਂ। ਦੋਹਾਂ ਤੋਂ ਬਿਨਾਂ ਸਾਡਾ ਕੋਈ ਵਜੂਦ ਨਹੀਂ। ਭਾਵੇਂ ਅੱਜ ਮਹੁੱਬਤ ਕਰਨ ਲਈ ਸਾਰਾ ਜ਼ਮਾਨਾ ਹੈ ਪਰ ਪਿਆਰ ਸ਼ਬਦ ਦੀ ਅਸਲੀ ਸ਼ੁਰੂਆਤ ਮਾਂ ਤੋਂ ਹੀ ਹੁੰਦੀ ਹੈ।

ਸਾਡੇ ਲਈ ਹਰ ਦਿਨ ਮਾਂ ਦੀ ਹੀ ਦੇਣ ਹੈ,ਪਰ ਫਿਰ ਵੀ ਇੱਕ ਖਾਸ ਤਰ੍ਹਾਂ ਨਾਲ ਮਾਂ ਨੂੰ ਯਾਦ ਕਰਨ ਲਈ, ਮਾਂ ਵਲੋਂ ਦਿੱਤੀ ਗਈ ਸਾਨੂੰ ਅਣਮੋਲ ਜਿੰਦਗੀ 'ਚੋ ਸਾਲ ਦਾ ਇੱਕ ਦਿਨ ਪੂਰੀ ਤਰ੍ਹਾਂ ਸਮਰਪਤ ਕਰਨ ਲਈ ‘ਮਾਂ ਦਿਵਸ' ਬਣਾਇਆ ਗਿਆ, ਜੋਕਿ ਮਈ ਮਹੀਨੇ ਦੇ ਦੂਸਰੇ ਐਤਵਾਰ ਨੂੰ ਦੁਨੀਆਂ ਭਰ ਵਿੱਚ ਮਨਾਇਆ ਜਾਂਦਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਅਗਰ ਬੱਚਿਆਂ ਦਾ ਪੂਰਾ ਜੀਵਣ ਵੀ ਮਾਂ ਨੂੰ ਸਮਰਪਿਤ ਹੋ ਕੇ ਲੰਘ ਜਾਵੇ ਤਾਂ ਵੀ ਉਸਦਾ ਕਰਜ਼ ਨਹੀਂ ਚੁਕਾਇਆ ਜਾ ਸਕਦਾ।



ਪਲਕਪ੍ਰੀਤ ਕੌਰ ਬੇਦੀ
ਜਲੰਧਰ






# ਮਾਂ ਹੁੰਦੀ ਏ ਮਾਂ ਓ ਦੁਨੀਆਂ ਵਾਲਿਓ...!

**(ਮਾਂ ਦਿਵਸ ਤੇ ਵਿਸ਼ੇਸ਼)**

ਮਾਂ ਮਮਤਾ ਦੀ ਮੂਰਤ ਹੁੰਦੀ ਹੈ,ਉਹ ਕੁਰਬਾਨੀ ਦਾ ਪੁਤਲਾ ਹੁੰਦੀ ਹੈ। ਮਾਂ ਨਾਲ਼ ਬੱਚੇ ਦੀ ਆਂਦਰਾਂ ਦੀ ਸਾਂਝ ਹੁੰਦੀ ਹੈ।ਜਿਹੜਾ ਦਰਦ ਐਕਸਰੇ ਦੀਆਂ ਮਸ਼ੀਨਾਂ ਵਿੱਚ ਨਹੀਂ ਆਉਂਦਾ, ਮਾਂ ਆਪਣੇ ਬੱਚੇ ਦੇ ਉਸ ਦਰਦ ਨੂੰ ਪਛਾਣ ਲੈਂਦੀ ਹੈ। ਆਪਣੀ ਜ਼ਿੰਦਗੀ ਦਾ ਹਰ ਪਲ ਆਪਣੇ ਬੱਚਿਆਂ ਲਈ ਕੁਰਬਾਨ ਕਰ ਦਿੰਦੀ ਹੈ। ਜਦੋਂ ਤੋਂ ਔਰਤ ਮਾਂ ਬਣ ਜਾਂਦੀ ਹੈ ਉਹ ਆਪਣੀ ਖ਼ਾਤਰ ਜਿਊਣਾ ਭੁੱਲ ਜਾਂਦੀ ਹੈ। ਉਸ ਦੀਆਂ ਅਸੀਸਾਂ ਸਦਕਾ ਬੱਚੇ ਕਾਮਯਾਬੀ ਦੀਆਂ ਪੌੜੀਆਂ ਚੜ੍ਹਦੇ ਜਾਂਦੇ ਹਨ।ਉਸ ਦੀਆਂ ਦੁਆਵਾਂ ਦੁਨੀਆਂ ਦੀਆਂ ਮਹਿੰਗੀਆਂ ਦਵਾਈਆਂ ਤੋਂ ਵੀ ਵੱਧ ਅਸਰਦਾਰ ਹੁੰਦੀਆਂ ਹਨ। ਪਿਆਰ, ਮਿਠਾਸ, ਸਹਿਣਸ਼ੀਲਤਾ, ਅਤੇ ਤਿਆਗ ਵਰਗੇ ਗੁਣਾਂ ਦੀ ਪੋਟਲੀ ਸਿਰਫ਼ ਮਾਂ ਹੀ ਹੋ ਸਕਦੀ ਹੈ।

ਪ੍ਰੋ: ਮੋਹਨ ਸਿੰਘ ਦੀ ਇਸ ਛੋਟੀ ਜਿਹੀ ਕਵਿਤਾ ਵਿੱਚ ਮਾਂ ਦੇ ਪਿਆਰ ਦਾ ਸਾਗਰ ਸਮਾਇਆ ਹੋਇਆ ਹੈ:-

ਮਾਂ ਵਰਗਾ ਘਣਛਾਵਾਂ ਬੂਟਾ
ਮੈਨੂੰ ਕਿਧਰੇ ਨਜ਼ਰ ਨਾ ਆਵੇ
ਲੈ ਕੇ ਜਿਸ ਤੋਂ ਛਾਂ ਉਧਾਰੀ
ਰੱਬ ਨੇ ਸਵਰਗ ਬਣਾਏ
ਬਾਕੀ ਕੁੱਲ ਦੁਨੀਆਂ ਦੇ ਬੂਟੇ
ਜੜ੍ਹ ਸੁੱਕਿਆਂ ਮੁਰਝਾਂਦੇ
ਐਪਰ ਫੁੱਲਾਂ ਦੇ ਮੁਰਝਾਇਆਂ
ਇਹ ਬੂਟਾ ਸੁੱਕ ਜਾਏ।

ਮਾਂ ਦਿਵਸ ਦੇ ਇਤਿਹਾਸਕ ਪਿਛੋਕੜ ਤੇ ਨਜ਼ਰ ਮਾਰੀਏ ਤਾਂ 10 ਮਈ 1908 ਨੂੰ ਗਰਾਟਨ 'ਚ 'ਐਂਡ੍ਰਿਊਸ ਮੈਥੋਡਿਸਟ' ਨਾਮੀ ਚਰਚ ਨੇ ਸਭ ਤੋਂ ਪਹਿਲਾਂ ਮਦਰਜ਼ ਡੇਅ ਮਨਾਇਆ ਸੀ। ਇਹ ਉਹ ਥਾਂ ਸੀ ਜਿਥੇ ਐਨ ਮੈਰੀ ਰੀਵਜ਼ ਜਾਰਵਿਸ 20 ਸਾਲ ਤਕ ਐਤਵਾਰ ਸਕੂਲ ਦੀਆਂ ਕਲਾਸਾਂ ਚਲਾਉਂਦੀ ਰਹੀ। ਇਸੇ ਦਿਨ ਫਿਲਾਡੇਲਫੀਆ 'ਚ, ਜਿਥੇ ਜਾਰਵਿਸ ਦਾ ਦੇਹਾਂਤ ਹੋਇਆ ਸੀ, ਇਹ ਦਿਨ ਮਨਾਇਆ ਗਿਆ। ਇਸ ਗੱਲ ਨੂੰ ਇੰਨੀ ਜ਼ਿਆਦਾ ਪ੍ਰਸਿੱਧੀ ਮਿਲੀ ਕਿ 12 ਦਸੰਬਰ 1912 'ਚ "ਦ ਮਦਰਜ਼ ਡੇਅ ਇੰਟਰਨੈਸ਼ਨਲ ਐਸੋਸੀਏਸ਼ਨ ਬਣਾਈ ਗਈ। 9 ਮਈ 1914 ਨੂੰ ਅਮਰੀਕੀ ਰਾਸ਼ਟਰਪਤੀ ਵੁਡਰੋ ਵਿਲਸਨ ਨੇ ਹਰ ਸਾਲ ਮਈ ਮਹੀਨੇ ਦੇ ਦੂਜੇ ਐਤਵਾਰ ਨੂੰ ਅਮਰੀਕਾ 'ਚ ਮਦਰਜ਼ ਡੇਅ ਨੂੰ ਰਾਸ਼ਟਰੀ ਦਿਨ ਐਲਾਨਿਆ। ਉਨ੍ਹਾਂ ਨੇ ਕਿਹਾ ਕਿ ਇਹ ਦਿਨ ਯੁੱਧ 'ਚ ਸ਼ਹੀਦ ਹੋਏ ਪੁੱਤਰਾਂ ਦੀਆਂ ਮਾਵਾਂ ਨੂੰ ਸਨਮਾਨ ਦੇਣ, ਦੇਸ਼ ਦੀਆਂ ਸਭ ਮਾਵਾਂ ਪ੍ਰਤੀ ਇੱਜ਼ਤ ਅਤੇ ਪਿਆਰ ਦੀ ਭਾਵਨਾ ਜਤਾਉਣ ਲਈ ਮਨਾਇਆ ਜਾਵੇਗਾ। ਸੰਨ 1911 ਤੱਕ ਇਹ ਦਿਨ ਅਮਰੀਕਾ ਦੇ ਨਾਲ ਨਾਲ ਮੈਕਸੀਕੋ, ਕਨੇਡਾ,ਚੀਨ,ਜਪਾਨ ਤੇ ਅਫਰੀਕਾ ਵਰਗੇ ਦੇਸ਼ਾਂ ਵਿੱਚ ਵੀ ਮਨਾਇਆ ਜਾਣ ਲੱਗਾ।ਸੰਨ 1934 'ਚ ਪੋਸਟ ਮਾਸਟਰ ਜਨਰਲ ਜੇਮਸ ਏ. ਫਾਰਲੇ ਨੇ ਇਸ ਦਿਨ 'ਤੇ ਇੱਕ ਸਟੈਂਪ ਦਾ ਆਗਾਜ਼ ਵੀ ਕੀਤਾ। ਹੌਲੀ-ਹੌਲੀ ਇਹ ਪ੍ਰਥਾ ਭਾਰਤ ਵਿੱਚ ਵੀ ਜ਼ੋਰ ਫੜਨ ਲੱਗੀ। ਵਿਸ਼ਵੀਕਰਨ ਕਾਰਨ ਲਗਭਗ ਭਾਰਤ ਵਿੱਚ ਇਹ ਤਕਰੀਬਨ ਇੱਕ ਡੇਢ ਕੁ ਦਹਾਕੇ ਤੋਂ ਹੀ ਜਾਣਿਆ ਅਤੇ ਮਨਾਇਆ ਜਾਣ ਲੱਗਿਆ। ਅਮਰੀਕਾ ਦੀ ਐਨਾ ਵੱਲੋਂ ਆਪਣੇ ਮਾਂ ਦੁਆਰਾ ਚਲਾਈ ਮੁਹਿੰਮ ਨੂੰ 1907 ਵਿੱਚ ਅੱਗੇ ਤੋਰਦੇ ਹੋਏ ਸਾਰੀਆਂ ਮਾਵਾਂ ਨੂੰ ਸਮਰਪਿਤ ਇਸ ਦਿਵਸ ਨੂੰ ਮਨਾਉਣ ਲਈ ਨੇਪਰੇ ਚਾੜ੍ਹਿਆ।ਇਹ ਦਿਨ ਮਈ ਮਹੀਨੇ ਦੇ ਦੂਜੇ ਐਤਵਾਰ ਨੂੰ ਮਨਾਇਆ ਜਾਂਦਾ ਹੈ। ਚਾਹੇ ਮਾਂ ਨੂੰ ਸਮਰਪਿਤ ਇੱਕ ਦਿਨ ਕਾਫ਼ੀ ਨਹੀਂ ਹੁੰਦਾ ਪਰ ਫਿਰ ਵੀ ਉਚੇਚੇ ਤੌਰ ਤੇ ਸਤਿਕਾਰ ਦੇਣ ਲਈ ਇਹ ਇੱਕ ਦਿਨ ਕਾਫ਼ੀ ਅਹਿਮੀਅਤ ਰੱਖਦਾ ਹੈ। ਮਾਂ ਸ਼ਬਦ ਜਿੰਨਾਂ ਬੋਲਣ ਨੂੰ ਛੋਟਾ ਹੈ,ਓਨਾ ਹੀ ਮਹਾਨ ਹੈ।ਇਸ ਦੀ ਵਿਸ਼ਾਲਤਾ ਦਾ ਕੋਈ ਮਾਪਦੰਡ ਨਹੀਂ ਹੈ। ਬੱਚਾ ਜਦ ਬੋਲਣਾ ਸਿੱਖਦਾ ਹੈ ਤਾਂ ਉਸ ਦੇ ਮੁੱਖ ਚੋਂ ਪਹਿਲਾ ਸ਼ਬਦ ਮਾਂ ਹੀ ਨਿਕਲਦਾ ਹੈ। ਘਰ ਵਿੱਚ ਮਾਂ ਦਾ ਹੋਣਾ ਪਰਮਾਤਮਾ ਦੀ ਹੋਂਦ ਮਹਿਸੂਸ ਕਰਵਾਉਂਦਾ ਹੈ ਕਿਉਂਕਿ ਉਹ ਆਪਣੀ ਔਲਾਦ ਨੂੰ ਕਦਮ ਕਦਮ ਤੇ ਮਾਰਗ ਦਰਸ਼ਨ ਕਰਾਉਂਦੀ ਹੈ। ਮਾਂ ਹੀ ਔਲਾਦ ਨੂੰ ਚੰਗੇ ਅਤੇ ਬੁਰੇ ਦਾ ਅਰਥ ਸਮਝਾਉਂਦੀ ਹੈ।ਉਹ ਹਮੇਸ਼ਾਂ ਆਪਣੀ ਔਲਾਦ ਨੂੰ ਚੰਗੇ ਬਣਨ ਲਈ ਸਹੀ ਰਾਹ 'ਤੇ ਤੋਰਨ ਦੇ ਯਤਨ ਕਰਦੀ ਰਹਿੰਦੀ ਹੈ। ਭਾਂਵੇ ਬੱਚੇ ਸੱਤ ਸਮੁੰਦਰਾਂ ਤੋਂ ਪਾਰ ਬੈਠੇ ਹੋਣ ਪਰ ਫਿਰ ਵੀ ਮਾਂ ਉਹਨਾਂ ਦੀ ਤਰੱਕੀ ਅਤੇ ਖੁਸ਼ਹਾਲੀ ਲਈ ਦੁਆਵਾਂ ਕਰਦੀ ਹੈ।ਉਹ ਦੂਰ ਰਹਿਕੇ ਵੀ ਪਰਦੇਸੀਂ ਬੈਠੇ ਬੱਚਿਆਂ ਵਿੱਚ ਵਸ ਰਹੀ ਹੁੰਦੀ ਹੈ। ਔਲਾਦ ਜਿੰਨਾ ਹਲਕਾ ਆਪਣੀ ਮਾਂ ਨਾਲ ਗੱਲ ਕਰਕੇ ਮਹਿਸੂਸ ਕਰਦੀ ਹੈ ਓਨਾਂ ਸ਼ਾਇਦ ਉਹ ਦੁਨੀਆਂ ਦੇ ਵੱਡੇ ਤੋਂ ਵੱਡੇ ਮਨੋਵਿਗਿਆਨਕ ਕੋਲ ਵੀ ਨਹੀਂ ਕਰ ਸਕਦੀ।

ਮਾਂ ਨੂੰ ਰੱਬ ਦਾ ਦਰਜਾ ਦਿੱਤਾ ਗਿਆ ਹੈ। ਮਾਂ ਇਕੱਲੇ ਇਨਸਾਨ ਦੀ ਹੀ ਤਿਆਗ ਦੀ ਮੂਰਤ ਨਹੀਂ ਹੁੰਦੀ। ਪੰਛੀਆਂ ਦਾ ਚਾਹੇ ਰੈਣ ਬਸੇਰਾ ਦਰਖ਼ਤਾਂ ਤੇ ਹੁੰਦਾ ਹੈ ਪਰ ਆਪਣੇ ਬੱਚਿਆਂ ਨੂੰ ਜਨਮ ਦੇਣ ਲਈ ਅਤੇ ਸਾਂਭ ਸੰਭਾਲ ਲਈ ਮਾਦਾ ਪੰਛੀ ਤੀਲਾ ਤੀਲਾ ਇਕੱਠਾ ਕਰਕੇ ਆਲ੍ਹਣੇ ਬਣਾਉਂਦੀਆਂ ਨਜ਼ਰ ਆਉਣਗੀਆਂ। ਬਿੱਲੀ ਆਪਣੇ ਬੱਚਿਆਂ ਨੂੰ ਸਿਖਲਾਈ ਦੇਣ ਲਈ ਦੁਨੀਆ ਤੋਂ ਚੋਰੀ ਸੱਤ ਕੋਠੇ ਟਪਾਉਂਦੀ ਹੈ ,ਇਸੇ ਤਰ੍ਹਾਂ ਹਰ ਮਾਦਾ ਪੰਛੀ ਅਤੇ ਜਾਨਵਰ ਆਪਣੇ ਬੱਚਿਆਂ ਦੀ ਵਿੱਢ ਵਿੱਚ ਪਾਲਣਾ ਕਰਨ ਦੇ ਨਾਲ ਨਾਲ ਉਹਨਾਂ ਦੀ ਸੰਭਾਲ ਲਈ ਯਤਨਸ਼ੀਲ ਦਿਸਣਗੇ।ਇਹ ਕੁਰਬਾਨੀ ਸਿਰਫ਼ ਇੱਕ ਮਾਂ ਹੀ ਕਰ ਸਕਦੀ ਹੈ। ਧਰਤੀ ਉੱਤੇ ਮਾਂ ਨੂੰ ਰੱਬ ਦਾ ਦਰਜਾ ਐਵੇਂ ਤਾਂ ਨੀ ਦਿੱਤਾ ਗਿਆ।

ਰੱਬ ਨੇ ਆਪਣਾ ਇੱਕ ਰੂਪ
ਧਰਤੀ ਤੇ ਸੀ ਭਿਜਵਾਇਆ!
ਆਪਣੇ ਹੀ ਉਸ ਰੂਪ ਦਾ ਸੀ
ਸੋਹਣਾ ਨਾਂ "ਮਾਂ" ਰਖਵਾਇਆ
ਮਾਂ ਦੀ ਪੂਜਾ ਕਰਨ ਨੂੰ ਹੀ
ਰੱਬ ਦੀ ਪੂਜਾ ਤਦੇ ਕਹਾਇਆ...!

ਮਾਂ ਦੀ ਗੋਦੀ ਦਾ ਨਿੱਘ, ਮਾਂ ਦੀਆਂ ਲੋਰੀਆਂ ਦਾ ਮਿਠਾਸ, ਮਾਂ ਦੇ ਚਰਨਾਂ ਦੀ ਜੰਨਤ ਸਿਰਫ਼ ਕਰਮਾਂ ਵਾਲਿਆਂ ਦੇ ਹਿੱਸੇ ਹੀ ਆਉਂਦੀ ਹੈ। ਮਾਂ ਦੀਆਂ ਕੁਰਬਾਨੀਆਂ ਦਾ ਮੁੱਲ ਤਾਰਨ ਵਾਲੇ ਸਾਡੇ ਸਮਾਜ ਵਿੱਚ ਅੱਜ ਵਿਰਲੇ ਹੀ ਦਿਸਣਗੇ। ਇੱਕ ਦਿਨ ਤੋਹਫੇ ਦੇ ਕੇ, ਸੋਸ਼ਲ ਮੀਡੀਆ ਤੇ ਮਾਵਾਂ ਦੀਆਂ ਫੋਟੋਆਂ ਪਾਉਣ ਤੋਂ ਪਹਿਲਾਂ ਆਪਣੇ ਅੰਦਰ ਝਾਤੀ ਜ਼ਰੂਰ ਮਾਰਿਓ ਕਿ ਪੂਰਾ ਸਾਲ ਭਰ ਤੁਸੀਂ ਆਪਣੀ ਆਪਣੀ ਮਾਂ ਲਈ ਕਿਹੜੀ ਸੋਚ ਅਤੇ ਕਿਹੜੇ ਸ਼ਬਦ ਵਰਤੇ ਹਨ। ਮਾਂ ਤਾਂ ਇੱਕ ਧਾਰਮਿਕ ਸਥਾਨ ਵਾਂਗ ਹੁੰਦੀ ਹੈ ਜੋ ਸਿਰਫ ਪਿਆਰ ਅਤੇ ਅਸੀਸਾਂ ਵੰਡਣ ਦਾ ਜਜ਼ਬਾ ਰੱਖਦੀ ਹੈ,ਇਹ ਤੁਸੀਂ ਨਿਸ਼ਚਿਤ ਕਰਨਾ ਹੈ ਕਿ ਤੁਸੀਂ ਸਾਲ ਵਿੱਚ ਇੱਕ ਅੱਧਾ ਦਿਨ ਮਤਲਬ ਵੇਲੇ ਮੱਥਾ ਟੇਕਣ ਵਾਲੇ ਭਗਤ ਹੋ ਜਾਂ ਪੱਕੇ ਸ਼ਰਧਾਲੂ ਹਰ ਸਮੇਂ ਨਿਸਵਾਰਥ ਭਾਵਨਾ ਨਾਲ ਨਮਨ ਕਰਨ ਵਾਲੇ ਪੁਜਾਰੀ ਹੋ। ਮਾਂ ਦੇ ਪੈਰਾਂ ਤੋਂ ਵੱਡੀ ਜੰਨਅਤ ਕੋਈ ਹੋਰ ਨਹੀਂ ਹੋ ਸਕਦੀ ,ਜਿਸ ਨੇ ਮਾਂ ਨੂੰ ਸਤਿਕਾਰ ਲਿਆ ਤੇ ਮਾਂ ਤੋਂ ਬੇਸ਼ੁਮਾਰ ਕੀਮਤੀ ਅਸੀਸਾਂ ਦਾ ਖ਼ਜ਼ਾਨਾ ਭਰ ਲਿਆ ਉਸ ਤੋਂ ਅਮੀਰ ਵਿਅਕਤੀ ਇਸ ਦੁਨੀਆਂ ਤੇ ਕੋਈ ਹੋਰ ਨਹੀਂ ਹੋ ਸਕਦਾ।ਇਸ ਲਈ ਮਾਂ ਨੂੰ ਸਤਿਕਾਰ ਦੇ ਕੇ ਉਸ ਦੇ ਪਿਆਰ ਦਾ ਨਿੱਘ ਮਾਨਣਾ ਕਰਮਾਂ ਵਾਲਿਆਂ ਦੇ ਹਿੱਸੇ ਹੀ ਆਉਂਦਾ ਹੈ।



**ਬਰਜਿੰਦਰ ਕੌਰ ਬਿਸਰਾਓ...**
**9988901324**

# ਸੰਸਮਰਣ: ਪ੍ਰੋਫੈਸਰੀ ਦਾ ਮੇਰਾ ਪਹਿਲਾ ਦਿਨ

ਰੋਹਤਕ ਦੇ ਨਾਲ ਇੱਕ ਕਸਬੇ ਗੋਹਾਨਾ ਵਿੱਚ ਅਗਸਤ 1966 ਵਿੱਚ ਅਰਥ ਸ਼ਾਸਤਰ ਦੇ ਪ੍ਰੋਫੈਸਰ ਦੇ ਤੌਰ ਤੇ ਮੇਰਾ ਸਿਲੈਕਸ਼ਨ ਹੋ ਗਿਆ। ਕਿਉਂਕਿ ਮੈਂ ਪੰਜਾਬ ਦੇ ਸੰਗਰੂਰ ਦਾ ਰਹਿਣ ਵਾਲਾ ਹਾਂ ਮੈਨੂੰ ਚੰਗੀ ਤਰ੍ਹਾਂ ਹਿੰਦੀ ਬੋਲਣੀ ਨਹੀਂ ਸੀ ਆਉਂਦੀ। ਜਦੋਂ ਮੈਂ ਪਹਿਲੀ ਵਾਰ ਕਲਾਸ ਵਿੱਚ ਪ੍ਰੀ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੂੰ ਅਰਸ਼ਾਸਤਰ ਪੜਾਉਣ ਵਾਸਤੇ ਗਿਆ ਤਾਂ ਸਭ ਤੋਂ ਪਹਿਲਾਂ ਮੈਂ ਉਹਨਾਂ ਦੀ ਹਾਜਰੀ ਲੈਣੀ ਸ਼ੁਰੂ ਕੀਤੀ। ਹਾਜਰੀ ਵਿੱਚ ਰੋਲ ਨੰਬਰ ਇਕ, ਰੋਲ ਨੰਬਰ ਦੋ ਇਸ ਤਰਾਂ ਕਹਿੰਦੇ ਕਹਿੰਦੇ ਜਦੋਂ ਮੈਂ ਰੋਲ ਨੰਬਰ 49 ਤੱਕ ਪਹੁੰਚਿਆ ਮੈਂ ਪੰਜਾਬੀ ਵਿੱਚ ਜਦੋਂ ਹੀ ਰੋਲ ਨੰਬਰ ਨੂੰ ਉਨੰਜਾ ਕਿਹਾ ਤਾਂ ਵਿਦਿਆਰਥੀਆਂ ਨੇ ਜੋਰ ਜੋਰ ਨਾਲ ਹੱਸਣਾ ਸ਼ੁਰੂ ਕਰ ਦਿੱਤਾ ਕਿਉਂਕਿ ਉਸ ਇਲਾਕੇ ਵਿੱਚ ਪੰਜਾਬੀ ਨਹੀਂ ਹਿੰਦੀ ਵਿੱਚ ਹੀ ਗੱਲਬਾਤ ਹੁੰਦੀ ਸੀ ਉਥੇ ਉਨੰਜਾ ਨੂੰ....ਉਨੰਚਾਸ... ਕਹਿੰਦੇ ਹਨ। ਛੇਤੀ ਹੀ ਮੈਂ ਆਪਣੇ ਆਪ ਨੂੰ ਸੰਭਾਲਿਆ ਅਤੇ ਪੰਜਾਬੀ ਵਿੱਚ ਹਾਜਰੀ ਲੈਣ ਦੇ ਬਦਲੇ ਅੰਗਰੇਜ਼ੀ ਵਿੱਚ ਹੀ ਹਾਜਰੀ ਲੈਣੀ ਸ਼ੁਰੂ ਕਰ ਦਿੱਤੀ, ਫੋਰਟੇ ਨਿਨਏ, ਫਿਫਟੇ ਵਗੈਰਾ। ਇਸ ਤਰਾਂ ਹਾਜਰੀ ਦਾ ਕੰਮ ਜਦੋਂ ਮੁੱਕ ਗਿਆ। ਮੈਂ ਵਿਦਿਆਰਥੀਆਂ ਨੂੰ ਅੰਗਰੇਜ਼ੀ ਵਿੱਚ ਪੁੱਛਿਆ... ... In which language will you like me to teach you... English, Hindi aur Punjabi. ਵਿਦਿਆਰਥੀ ਨੇ ਸੋਚਿਆ ਇਹ ਮੁੰਡਾ ਖੁੰਡਾ ਅੰਗਰੇਜ਼ੀ ਵਿੱਚ ਕਿਵੇਂ ਪੜ੍ਹਾਵੇਗਾ। ਉਹਨਾਂ ਵਿੱਚੋਂ ਜਿਹੜਾ ਹੀ ਚਲਾਕ ਵਿਦਿਆਰਥੀ ਸੀ ਉਹ ਖੜਾ ਹੋ ਗਿਆ ਅਤੇ ਉਸਨੇ ਕਿਹਾ ਜੀ ਸਾਨੂੰ ਅੰਗਰੇਜ਼ੀ ਵਿੱਚ ਹੀ ਪੜਾਓ। ਉਸ ਤੋਂ ਬਾਅਦ ਮੈਂ ਅਰਥ ਸ਼ਾਸਤਰ ਤੇ 10 ਮਿੰਟ ਲੈਕਚਰ ਦਿੱਤਾ ਔਰ ਉਸ ਦੇ ਬਾਅਦ ਮੈਂ ਬੱਚਿਆਂ ਨੂੰ ਪੁੱਛਿਆ, what you have understood from the lecture delivered by me to you so far... ਉਹਨਾਂ ਵਿੱਚੋਂ ਇੱਕ ਮੁੰਡੇ ਨੇ ਕਿਹਾ, ਹੈਂ ਜੀ, ਉਸ ਦੇ ਬਾਅਦ ਅੰਗਰੇਜ਼ੀ ਦਾ ਉਹੀ ਸੈਂਟੈਂਸ ਮੈਂ ਦੋਹਰਾਇਆ ਅਤੇ ਫਿਰ ਵੀ ਕੋਈ ਜਵਾਬ ਨਹੀਂ ਦੇ ਸਕਿਆ। ਇਸ ਤਰੀਕੇ ਨਾਲ ਪਹਿਲੇ ਹੀ ਦਿਨ ਜਦੋਂ ਮੈਂ ਕਾਲਜ ਵਿੱਚ ਪ੍ਰੋਫੈਸਰ ਦੇ ਤੌਰ ਤੇ ਪੜਾਉਣ ਲੱਗਿਆ ਮੈਨੂੰ ਥੋੜੀ ਬਹੁਤ ਦਿੱਕਤ ਤਾਂ ਆਈ ਤਾਂ ਬਾਅਦ ਵਿੱਚ ਮੈਨੇ ਆਪਣੇ ਆਪ ਨੂੰ ਸੰਭਾਲਿਆ ਤੇ ਹੌਲੀ ਹੌਲੀ ਹਿੰਦੀ ਵਿੱਚ ਪੜਾਉਣਾ ਸ਼ੁਰੂ ਕਰ ਦਿੱਤਾ ਅਤੇ ਕੁਝ ਸਮੇਂ ਬਾਅਦ ਮੈਂ ਬੱਚਿਆਂ ਦੇ ਨਾਲ ਪੜਾਈ ਦੇ ਮਾਮਲੇ ਨੂੰ ਲੈ ਕੇ ਇਤਨਾ ਘੁਲ ਮਿਲ ਗਿਆ ਤੇ ਉਸੇ ਕਾਲਜ ਵਿੱਚ ਮੈਂ 35 ਸਾਲ ਅਰਥ ਸ਼ਾਸਤਰ ਪੜਾਇਆ ਅਤੇ ਬਹੁਤ ਸਾਰੇ ਵਿਦਿਆਰਥੀ ਮੇਰੇ ਸੰਪਰਕ ਵਿੱਚ ਰਹੇ ਅਤੇ ਅੱਜ ਵੀ ਉਹਨਾਂ ਵਿੱਚੋਂ ਬਹੁਤ ਸਾਰੇ ਜਦੋਂ ਮਿਲਦੇ ਹਨ ਤਾਂ ਮਾਨ ਸਨਮਾਨ ਅਤੇ ਸ਼ਰਧਾ ਨਾਲ ਪੈਰਾਂ ਨੂੰ ਹੱਥ ਲਗਾਉਂਦੇ ਹਨ।



**ਪ੍ਰੋਫੈਸਰ ਸ਼ਾਮ ਲਾਲ ਕੌਸ਼ਲ**
**ਮੋਬਾਈਲ 94 16 35 9045**
**ਰੋਹਤਕ ਹਰਿਆਣਾ**


Swar Karuna
Music Concert
Featuring Rasika & Krutika Borkar
10th May 2026
11:00 am
Buddha Vandana & BhojanDana to Bhikkhu Sangha
11:30 am
Lunch for Devotees
12:30 pm
Swar Karuna
Buddha Purnima celebration
Venue:
Buddha Vihara
Dr. Ambedkar Memorial Community Centre
Upper Zoar Street
Wolverhampton WV3 0JH
Donations welcome for Buddha Vihara
Nirvana Events
Creating Happy Memories

# ਹਜ਼ਾਰਾਂ ਬੇਸਹਾਰਾ ਬੱਚਿਆਂ ਲਈ ਮਮਤਾ ਦੀ ਛਾਂ ਬਣੀ 'ਸਿੰਧੁਤਾਈ ਮਾਈ'

ਮਾਂ ਸਿਰਫ਼ ਉਹ ਨਹੀਂ ਹੁੰਦੀ ਜੋ ਬੱਚੇ ਨੂੰ ਜਨਮ ਦੇਵੇ, ਮਾਂ ਉਹ ਵੀ ਹੁੰਦੀ ਹੈ ਜੋ ਕਿਸੇ ਬੇਸਹਾਰਾ ਬੱਚੇ ਦੀਆਂ ਅੱਖਾਂ ਵਿੱਚ ਲੁਕੀ ਹੋਈ ਮਮਤਾ ਦੀ ਭੁੱਖ, ਦਰਦ ਅਤੇ ਬੇਬਸੀ ਨੂੰ ਆਪਣੇ ਪੱਲੇ ਨਾਲ ਢੱਕ ਲਵੇ। ਅਜਿਹੀ ਹੀ ਮਮਤਾ ਦੀ ਜੀਵੰਤ ਮੂਰਤ ਸੀ ਸਿੰਧੁਤਾਈ ਸਪਕਾਲ, ਜਿਨ੍ਹਾਂ ਨੂੰ ਦੁਨੀਆ "ਅਨਾਥਾਂ ਦੀ ਮਾਂ" ਦੇ ਨਾਂ ਵਜੋਂ ਸਤਿਕਾਰ ਸਹਿਤ ਯਾਦ ਕਰਦੀ ਹੈ। ਮਦਰ ਡੇਅ ਦੇ ਮੌਕੇ 'ਤੇ ਜਦੋਂ ਦੁਨੀਆ ਆਪਣੀਆਂ ਮਾਵਾਂ ਨੂੰ ਸਲਾਮ ਕਰਦੀ ਹਨ, ਤਾਂ ਸਿੰਧੁਤਾਈ ਵਰਗੀਆਂ ਰੂਹਾਂ ਦਾ ਜ਼ਿਕਰ ਆਪਣੇ ਆਪ ਦਿਲ ਦੀਆਂ ਗਹਿਰਾਈਆਂ ਵਿੱਚ ਉਤਰ ਆਉਂਦਾ ਹੈ।



ਸਿੰਧੁਤਾਈ ਸਪਕਾਲ

14 ਨਵੰਬਰ 1948 ਨੂੰ ਮਹਾਰਾਸ਼ਟਰ ਦੇ ਵਰਧਾ ਜ਼ਿਲ੍ਹੇ 'ਚ ਇੱਕ ਗਰੀਬ ਗਾਵਾਂ ਚਾਰਨ ਵਾਲੇ ਪਰਿਵਾਰ ਵਿੱਚ ਜਨਮੀ ਇਸ ਬੱਚੀ ਦਾ ਨਾਂ ਸਿੰਧੁਤਾਈ ਰੱਖਿਆ ਗਿਆ, ਪਰ ਘਰ ਵਿੱਚ ਉਸ ਨੂੰ "ਚਿੰਦੀ" ਕਿਹਾ ਜਾਣ ਲੱਗਾ, ਜਿਸਦਾ ਅਰਥ ਸੀ — ਨਿਕੰਮੀ। ਗਰੀਬੀ ਇੰਨੀ ਡੂੰਘੀ ਸੀ ਕਿ ਪੜ੍ਹਾਈ ਉਸ ਦੀ ਕਿਸਮਤ ਵਿੱਚ ਚੌਥੀ ਜਮਾਤ ਤੋਂ ਵੱਧ ਲਿਖੀ ਨਾ ਗਈ। ਬਚਪਨ ਹਾਲੇ ਖੇਡਾਂ ਅਤੇ ਖ਼ੁਆਬਾਂ ਦੀ ਉਮਰ ਵਿੱਚ ਸੀ ਕਿ ਕੇਵਲ 10 ਸਾਲ ਦੀ ਉਮਰ ਵਿੱਚ ਉਸ ਦਾ ਵਿਆਹ ਆਪਣੇ ਨਾਲੋਂ 18 ਸਾਲ ਵੱਡੀ ਉਮਰ ਦੇ ਵਿਅਕਤੀ ਸ਼੍ਰੀ ਹਰਿ ਸਪਕਾਲ ਨਾਲ ਕਰ ਦਿੱਤਾ ਗਿਆ।

ਪਰ ਜ਼ਿੰਦਗੀ ਨੇ ਹਾਲੇ ਹੋਰ ਇਮਤਿਹਾਨ ਬਾਕੀ ਰੱਖੇ ਹੋਏ ਸਨ। ਜਦੋਂ ਸਿੰਧੁਤਾਈ 20 ਸਾਲ ਦੀ ਉਮਰ ਵਿੱਚ ਗਰਭਵਤੀ ਹੋਈ, ਤਾਂ ਇੱਕ ਝੂਠੇ ਦੋਸ਼ ਦੇ ਆਧਾਰ 'ਤੇ ਉਸ ਦੇ ਪਤੀ ਨੇ ਉਸ ਨੂੰ 9ਵੇਂ ਮਹੀਨੇ 'ਚ ਘਰੋਂ ਕੱਢ ਦਿੱਤਾ।



ਰਾਸ਼ਟਪਤੀ ਜੀ ਕੋਲੋ 'ਪਦਮ ਸ੍ਰੀ' ਲੈਂਦੀ ਹੋਏ ਸਿੰਧੁਤਾਈ ਮਾਈ

ਇਕੱਲੀ, ਬੇਸਹਾਰਾ ਅਤੇ ਦਰਦ ਨਾਲ ਟੁੱਟੀ ਹੋਈ ਸਿੰਧੁਤਾਈ ਇੱਕ ਗਊਸ਼ਾਲਾ ਵਿੱਚ ਪਹੁੰਚੀ, ਜਿੱਥੇ ਉਸ ਨੇ ਆਪਣੀ ਧੀ ਨੂੰ ਜਨਮ ਦਿੱਤਾ। ਉਹ ਪਲ ਕਿਸੇ ਵੀ ਔਰਤ ਲਈ ਜ਼ਿੰਦਗੀ ਦਾ ਸਭ ਤੋਂ ਵੱਡਾ ਸਹਾਰਾ ਹੋ ਸਕਦਾ ਸੀ, ਪਰ ਸਿੰਧੁਤਾਈ ਲਈ ਉਹ ਹਨੇਰਿਆਂ ਨਾਲ ਭਰਿਆ ਇਕ ਨਵਾਂ ਸੰਘਰਸ਼ ਸੀ। ਕਈ ਵਾਰ ਉਸ ਦੇ ਮਨ ਵਿੱਚ ਆਤਮਹੱਤਿਆ ਦਾ ਖ਼ਿਆਲ ਵੀ ਆਇਆ, ਪਰ ਆਪਣੀ ਧੀ ਦਾ ਚਿਹਰਾ ਵੇਖ ਕੇ ਉਸ ਨੇ ਜ਼ਿੰਦਗੀ ਦੀ ਇਸ ਹਾਰ ਨੂੰ ਮਨਜ਼ੂਰ ਨਾ ਕੀਤਾ।

ਕਦੇ ਰੇਲਵੇ ਸਟੇਸ਼ਨਾਂ ਅਤੇ ਕਦੇ ਸ਼ਮਸ਼ਾਨ ਘਾਟਾਂ ਵਿੱਚ ਰਾਤਾਂ ਕੱਟਣੀਆਂ ਪਈਆਂ। ਭੁੱਖ ਮਿਟਾਉਣ ਲਈ ਲੋਕਾਂ ਅੱਗੇ ਹੱਥ ਤਕ ਅੱਡਣਾ ਪੈਂਦਾ ਪਰ ਹਾਰ ਨਾ ਮੰਨੀ। ਇਸ ਦਰਦ ਭਰੇ ਸਫ਼ਰ ਦੌਰਾਨ ਉਸ ਨੇ ਇੱਕ ਹੋਰ ਵੱਡਾ ਦਰਦ ਮਹਿਸੂਸ ਕੀਤਾ — ਉਹਨਾਂ ਲਾਵਾਰਿਸ ਬੱਚਿਆਂ ਦਾ ਦਰਦ, ਜੋ ਸੜਕਾਂ ਅਤੇ ਸਟੇਸ਼ਨਾਂ 'ਤੇ ਭੁੱਖੇ, ਨੰਗੇ ਅਤੇ ਬੇਸਹਾਰੇ ਫਿਰਦੇ ਸਨ।



ਆਪਣੇ ਪਰਿਵਾਰਿਕ ਮੈਂਬਰਾਂ ਨਾਲ ਸਿੰਧੁਤਾਈ ਮਾਈ

ਉਹਨਾਂ ਬੱਚਿਆਂ ਦੀਆਂ ਅੱਖਾਂ ਵਿੱਚ ਆਪਣਾ ਹੀ ਦਰਦ ਵੇਖ ਕੇ ਸਿੰਧੁਤਾਈ ਨੇ ਇਹ ਫ਼ੈਸਲਾ ਕੀਤਾ ਕਿ ਜੇ ਜ਼ਿੰਦਗੀ ਨੇ ਉਸ ਤੋਂ ਸਭ ਕੁਝ ਖੋਹਿਆ ਹੈ, ਤਾਂ ਹੁਣ ਉਹ ਆਪਣੀ ਬਾਕੀ ਦੀ ਜ਼ਿੰਦਗੀ ਇਨ੍ਹਾਂ ਲਈ ਜੀਵੇਗੀ, ਜਿਨ੍ਹਾਂ ਦਾ ਇਸ ਦੁਨੀਆ ਵਿੱਚ ਕੋਈ ਨਹੀਂ ਹੈ। ਹੌਲੀ-ਹੌਲੀ ਉਸ ਨੇ ਅਨਾਥ ਬੱਚਿਆਂ ਨੂੰ ਆਪਣੀ ਮਮਤਾ ਦਾ ਸਹਾਰਾ ਦੇਣਾ ਸ਼ੁਰੂ ਕੀਤਾ। ਆਪਣੇ ਅਤੇ ਉਹਨਾਂ ਬੱਚਿਆ ਦੇ ਪੇਟ ਭਰਨ ਲਈ ਉਹ ਰੇਲਵੇ ਸਟੇਸ਼ਨਾਂ 'ਤੇ ਭੀਖ ਤਕ ਵੀ ਮੰਗਦੀ ਰਹੀ, ਪਰ ਉਸ ਦੀ ਮਮਤਾ ਕਦੇ ਘੱਟ ਨਾ ਹੋਈ।

ਸਮਾਜ ਸੇਵੀ ਲੋਕਾਂ ਦਾ ਸਹਿਯੋਗ ਮਿਲਦਾ ਗਿਆ ਅਤੇ ਉਹ ਮਾਂ ਦੀ ਮਮਤਾ ਵਾਲਾ ਇੱਕ ਹਰਿਆ ਭਰਿਆ ਦਰੱਖ਼ਤ ਬਣਦੀ ਗਈ ਅਤੇ ਜਿਸ ਦੀ ਛਾਂ ਹੇਠ ਉਸ ਨੇ ਮਹਾਰਾਸ਼ਟਰ ਵਿੱਚ ਕਈ ਅਨਾਥ ਆਸ਼ਰਮ ਸਥਾਪਿਤ ਕਰ ਇਕ ਟਰੱਸਟ ਦੀ ਸਥਾਪਨਾ ਕੀਤੀ, ਜਿੱਥੇ 1500 ਤੋਂ ਵੱਧ ਬੱਚਿਆਂ ਨੂੰ ਨਾ ਸਿਰਫ਼ ਰਹਿਣ ਲਈ ਛੱਤ ਮਿਲੀ, ਸਗੋਂ ਸਿੱਖਿਆ, ਪਿਆਰ ਅਤੇ ਇੱਕ ਨਵੀਂ ਜ਼ਿੰਦਗੀ ਦੀ ਸੌਗਾਤ ਵੀ ਮਿਲੀ।

ਸਭ ਤੋਂ ਵੱਡੀ ਗੱਲ ਇਹ ਸੀ ਕਿ ਉਸ ਨੇ ਆਪਣੀ ਧੀ ਨੂੰ ਵੀ ਇਸ ਟਰੱਸਟ ਦੇ ਹਵਾਲੇ ਕਰ ਦਿੱਤਾ, ਤਾਂ ਜੋ ਉਹ ਆਪਣੀ ਧੀ ਅਤੇ ਬਾਕੀ ਅਨਾਥ ਬੱਚਿਆਂ ਵਿੱਚ ਕੋਈ ਫ਼ਰਕ ਨਾ ਰੱਖ ਸਕੇ।

ਅੱਜ ਉਸ ਦੇ ਪਾਲੇ ਹੋਏ ਬੱਚਿਆਂ ਵਿੱਚੋਂ ਸੈਂਕੜੇ ਡਾਕਟਰ, ਅਧਿਆਪਕ, ਵਕੀਲ ਅਤੇ ਉੱਚੇ ਅਹੁਦਿਆਂ 'ਤੇ ਬੈਠੇ ਲੋਕ ਆਪਣੀ ਇਸ ਸਿੰਧੁਤਾਈ "ਮਾਈ" ਦਾ ਨਾਂ ਰੌਸ਼ਨ ਕਰ ਰਹੇ ਹਨ। ਕਿਉਂਕਿ ਸਿੰਧੁਤਾਈ ਨੇ ਇਹ ਸਾਬਤ ਕੀਤਾ ਕਿ ਮਾਂ ਬਣਨ ਲਈ ਖ਼ੂਨ ਦਾ ਰਿਸ਼ਤਾ ਜ਼ਰੂਰੀ ਨਹੀਂ ਹੁੰਦਾ, ਦਿਲ ਵਿੱਚ ਮਮਤਾ ਵੀ ਹੋਣੀ ਚਾਹੀਦੀ ਹੈ। ਇਸੇ ਲਈ ਲੋਕ ਪਿਆਰ ਨਾਲ ਉਸ ਨੂੰ "ਮਾਈ" ਕਹਿੰਦੇ ਹਨ।

ਉਸ ਨੇ ਇਨ੍ਹਾਂ ਸਾਰੇ ਅਨਾਥ ਬਚਿਆਂ ਨੂੰ ਮਾਂ ਵਾਂਗ ਪਾਲਿਆ ਅਤੇ ਉਨ੍ਹਾਂ ਰਾਹੀਂ ਕਰੀਬ 400 ਜਵਾਈਆਂ ਅਤੇ 60 ਨੂੰਹਾਂ ਦਾ ਇੱਕ ਵਿਸ਼ਾਲ ਪਰਿਵਾਰ ਖੜ੍ਹਾ ਕੀਤਾ।



ਸਿੰਧੁਤਾਈ ਆਪਣੀ ਖੁਸ਼ੀ ਨੂੰ ਸੁਪਰਸਟਾਰ ਅਮਿਤਾਬ ਬੱਚਨ ਨਾਲ ਸਾਂਝੀ ਕਰਦੇ ਹੋਏ

ਸਿੰਧੁਤਾਈ ਨੂੰ ਉਸਦੇ ਸਮਾਜ ਸੇਵਾ ਦੇ ਕਾਰਜਾਂ ਲਈ 700 ਤੋਂ ਵੱਧ ਰਾਸ਼ਟਰੀ ਅਤੇ ਸਥਾਨਕ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ,ਜਿੰਨ੍ਹਾ 'ਚ ਸਾਲ 2017 ਵਿੱਚ "ਨਾਰੀ ਸ਼ਕਤੀ ਪੁਰਸਕਾਰ" ਅਤੇ 2021 ਵਿੱਚ "ਪਦਮ ਸ੍ਰੀ" ਪੁਰਸਕਾਰ ਵੀ ਸ਼ਾਮਿਲ ਹੈ। ਇਸ ਤੋਂ ਇਲਾਵਾ ਉਨ੍ਹਾਂ ਨੂੰ ਡੀ.ਵਾਈ. ਇੰਸਟੀਚਿਊਟ ਆਫ਼ ਟੈਕਨਾਲੋਜੀ ਐਂਡ ਰਿਸਰਚ, ਪੂਣੇ ਤੋਂ ਡਾਕਟਰੇਟ ਦੀ ਡਿਗਰੀ ਦੇਕੇ ਵੀ ਸਨਮਾਨਿਤ ਕੀਤਾ ਗਿਆ।

ਉਸ ਦੇ ਅਦਭੁੱਤ ਜੀਵਨ ਸੰਘਰਸ਼ ਨੂੰ ਪਰਦੇ 'ਤੇ ਲਿਆਉਣ ਵਾਲੀ ਮਰਾਠੀ ਫਿਲਮ "ਮੀ ਸਿੰਧੁਤਾਈ ਸਪਕਲ" ਨੂੰ ਦਰਸ਼ਕਾਂ ਅਤੇ ਆਲੋਚਕਾਂ ਵੱਲੋਂ ਬੇਹੱਦ ਸਰਾਹਿਆ ਗਿਆ। ਇਸ ਫਿਲਮ ਨੂੰ 54ਵੇਂ ਬੀ.ਐੱਫ.ਆਈ. ਲੰਡਨ ਫ਼ਿਲਮ ਫੈਸਟੀਵਲ ਵਿੱਚ ਵਿਸ਼ਵ ਪ੍ਰੀਮੀਅਰ ਲਈ ਵੀ ਚੁਣਿਆ ਗਿਆ ਸੀ। ਜਿਸ ਨਾਲ ਸਿੰਧੁਤਾਈ ਦੀ ਪ੍ਰੇਰਕ ਕਹਾਣੀ ਨੂੰ ਅੰਤਰਰਾਸ਼ਟਰੀ ਪਛਾਣ ਮਿਲੀ। ਇਸ ਤੋਂ ਇਲਾਵਾ ਸਾਲ 2023 ਵਿੱਚ "ਸਿੰਧੁਤਾਈ ਮਾਝਾ ਮਾਈ" ਮਰਾਠੀ ਟੀ.ਵੀ. ਧਾਰਾਵਾਹਿਕ ਵੀ ਪ੍ਰਸਾਰਿਤ ਹੋਇਆ, ਜੋ ਉਨ੍ਹਾਂ ਦੀ ਸੱਚੀ ਅਤੇ ਪ੍ਰੇਰਣਾਦਾਇਕ ਜੀਵਨ ਕਹਾਣੀ ਤੋਂ ਪ੍ਰੇਰਿਤ ਸੀ।

4 ਜਨਵਰੀ 2022 ਨੂੰ ਪੂਣੇ ਵਿੱਚ ਦਿਲ ਦਾ ਦੌਰਾ ਪੈਣ ਕਾਰਨ ਇਹ ਮਹਾਨ ਰੂਹ ਇਸ ਦੁਨੀਆ ਨੂੰ ਅਲਵਿਦਾ ਕਹਿ ਗਈ, ਪਰ ਉਹ ਅੱਜ ਵੀ ਹਜ਼ਾਰਾਂ ਬੱਚਿਆਂ ਦੀਆਂ ਦੁਆਵਾਂ, ਮੁਸਕਾਨਾਂ ਅਤੇ ਸਫ਼ਲਤਾਵਾਂ ਵਿੱਚ ਜ਼ਿੰਦਾ ਹੈ। ਉਸ ਦਾ ਬਣਾਇਆ ਟਰੱਸਟ ਸਿੰਧੁਤਾਈ ਮਾਈ ਦੇ ਤੁਰ ਜਾਣ ਤੋਂ ਬਾਅਦ ਵੀ ਉਨ੍ਹਾਂ ਦੀ ਸੋਚ ਨੂੰ ਅੱਗੇ ਵੱਲ ਲੈਕੇ ਜਾ ਰਿਹਾ ਹੈ।

ਮਦਰ ਡੇਅ ਦੇ ਇਸ ਪਾਵਨ ਮੌਕੇ 'ਤੇ ਸਿੰਧੁਤਾਈ ਦੀ ਜ਼ਿੰਦਗੀ ਸਾਨੂੰ ਇਹ ਸਿਖਾਉਂਦੀ ਹੈ ਕਿ ਮਾਂ ਉਹ ਨਹੀਂ ਜੋ ਸਿਰਫ਼ ਜਨਮ ਦੇਵੇ, ਮਾਂ ਉਹ ਵੀ ਹੈ ਜੋ ਕਿਸੇ ਬੇਸਹਾਰਾ ਦੀ ਟੁੱਟੀ ਹੋਈ ਜ਼ਿੰਦਗੀ ਨੂੰ ਆਪਣੀ ਮਮਤਾ ਨਾਲ ਮੁੜ ਸਵਾਰ ਦੇਵੇ। ਕੁਝ ਮਾਵਾਂ ਘਰਾਂ ਨੂੰ ਸੰਭਾਲਦੀਆਂ ਹਨ, ਪਰ ਸਿੰਧੁਤਾਈ ਵਰਗੀਆਂ ਮਾਵਾਂ ਪੂਰੀ ਇਨਸਾਨੀਅਤ ਨੂੰ ਆਪਣੀ ਗੋਦ ਵਿੱਚ ਥਾਂ ਦੇ ਦਿੰਦੀਆਂ ਹਨ।



**ਬਲਦੇਵ ਸਿੰਘ ਬੇਦੀ**
**ਜਲੰਧਰ**
**9041925181**

# ਮਾਂ ਹੁੰਦੀ ਏ ਮਾਂ ਓ ਦੁਨੀਆਂ ਵਾਲਿਓ...

ਗੀਤਕਾਰ ਸਵ: ਹਰਦੇਵ ਸਿੰਘ ਦਿਲਗੀਰ ਭਾਵ ਦੇਵ ਥਰੀਕਿਆਂ ਵਾਲੇ ਦਾ ਕਲਮਬਧ ਕੀਤਾ ਅਤੇ ਕਲੀਆਂ ਦੇ ਬਾਦਸ਼ਾਹ ਜਨਾਬ ਸਵ: ਕੁਲਦੀਪ ਮਾਣਕ ਦੁਆਰਾ ਗਾਇਆ ਹੋਇਆ ਗੀਤ 'ਮਾਂ ਹੁੰਦੀ ਏ ਮਾਂ ਓ ਦੁਨੀਆਂ ਵਾਲਿਓ, ਮਾਂ ਹੈ ਰੱਬ ਦਾ ਨਾਂ ਓ ਦੁਨੀਆਂ ਵਾਲਿਓ', ਜਿਸ ਘੜੀ ਵੀ ਸੁਣ ਲਿਆ ਜਾਵੇ, ਨਵਾਂ ਹੀ ਲੱਗਦਾ ਹੈ ਅਤੇ ਰੂਹ ਵਿੱਚ ਉੱਤਰਦਾ ਜਾਂਦਾ ਹੈ। ਇਸ ਗੀਤ ਦੀ ਇਕੱਲੀ-ਇਕੱਲੀ ਗੱਲ ਸੱਚ ਹੈ। ਅੱਜ ਦਾ ਦਿਨ ਮਾਂ-ਦਿਵਸ ਵਜੋਂ ਮਨਾਇਆ ਜਾ ਰਿਹਾ ਹੈ। ਸਾਰਿਆਂ ਨੂੰ ਮਾਂ ਦਿਵਸ ਦੀਆਂ ਮੁਬਾਰਕਾਂ ਹਨ। ਪਰ ਮਾਂ-ਦਿਵਸ ਸਿਰਫ ਅੱਜ ਹੀ ਨਹੀਂ ਹੈ। ਹਰ ਇੱਕ ਦਿਨ ਮਾਂ-ਦਿਵਸ ਹੁੰਦਾ ਹੈ। ਅਸਹਿ ਪੀੜਾ ਵਿੱਚੋਂ ਗੁਜ਼ਰ ਕੇ ਮਾਂ ਆਪਣੇ ਬਚਿਆਂ ਨੂੰ ਜਨਮ ਦਿੰਦੀ ਹੈ। ਆਪਣੇ ਦੁੱਧ ਨਾਲ ਪਾਲਦਿਆੱ ਅਤੇ ਲੋਰੀ ਦਿੰਦਿਆਂ ਬੱਚਿਆਂ ਦਾ ਹਰ ਪੱਖੋਂ ਧਿਆਨ ਰੱਖਦੀ ਹੈ। ਮਾਂ ਦੀ ਕੁੱਟ ਅਤੇ ਝਿੜਕਾਂ ਵਿੱਚ ਅਮੁੱਲ ਮਮਤਾ ਹੀ ਹੁੰਦੀ ਹੈ।




ਮਾਂ ਦੀ ਗੋਦ ਵਿੱਚ ਬੱਚਾ ਸੁਰੱਖਿਅਤ ਹੁੰਦਾ ਹੈ। ਬਾਲ ਅਵਸਥਾ ਵਿੱਚ ਬੱਚਾ ਆਪਣੀ ਮਾਤਾ ਨਾਲ ਹਰ ਦੁੱਖ ਤੇ ਖੁਸ਼ੀ ਵਾਲੀ ਗੱਲ ਕਰ ਕੇ ਸੰਤੁਸ਼ਟਤਾ ਦਾ ਆਭਾਸ ਕਰਦਾ ਹੈ ਜਿਵੇਂ ਕੋਈ ਭਗਤਜਨ ਆਪਣੇ ਪੂਰਨ ਗੁਰੂ ਦੀ ਪ੍ਰਾਪਤੀ ਅਤੇ ਕਿਰਪਾ ਦਾ ਜ਼ਿਕਰ ਆਪਣੀ ਮਾਤਾ ਨਾਲ ਕਰਦਾ ਹੈ।

ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ॥
ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ॥
(ਸ੍ਰੀ ਗੁਰੂ ਅਮਰ ਦਾਸ ਜੀ)

ਕਿਸੇ ਸਮੇਂ ਸਹੂਲਤਾਂ ਦੀ ਥੋੜ ਵਿੱਚ ਵੀ ਮਾਵਾਂ ਆਪਣੇ ਬੱਚਿਆਂ ਨੂੰ ਹਰ ਸੰਭਵ ਢੰਗ ਨਾਲ ਪਾਲਣ ਪੋਸ਼ਣ ਕਰ ਲੈਂਦੀਆਂ ਸਨ। ਅਸੁਵਿਧਾਵਾਂ ਵਿੱਚ ਵੀ ਮਾਂ ਤੇ ਬੱਚਿਆਂ ਦੇ ਪਿਆਰ ਦੀ ਗੰਢ ਪੀਡੀ ਹੀ ਰਹਿੰਦੀ ਸੀ।

ਬੱਚਿਆਂ ਦਾ ਦੁੱਖ ਮਾਂ ਨਾ ਸਹਿੰਦੀ
ਗਿੱਲੀ ਥਾਂ 'ਤੇ ਆਪ ਹੈ ਪੈਂਦੀ
ਰੱਖਦੀ ਸੁੱਕੀ ਥਾਂ ਓ ਦੁਨੀਆਂ ਵਾਲਿਓ!
ਮਾਂ ਹੁੰਦੀ ਏ ਮਾਂ ਓ ਦੁਨੀਆਂ ਵਾਲਿਓ!
(ਹਰਦੇਵ ਸਿੰਘ ਦਿਲਗੀਰ)

ਅੱਜ ਦੀਆਂ ਆਧੁਨਿਕ ਸੁੱਖ ਸੁਵਿਧਾਵਾਂ ਨੇ ਬੱਚੇ ਦਾ ਪਾਲਣ-ਪੋਸ਼ਣ ਬਹੁਤ ਆਸਾਨ ਕਰ ਦਿੱਤਾ ਹੈ। ਪਰ ਜੋ ਵੀ ਸਮਾਂ, ਹਾਲਾਤ ਜਾਂ ਸਥਾਨ ਹੋਵੇ, ਮਾਂ ਦਾ ਸਤਿਕਾਰ ਕਾਇਮ ਰੱਖਣਾ ਚਾਹੀਦਾ ਹੈ। ਮਾਪਿਆਂ ਦੀ ਬਦੌਲਤ ਜੱਗ ਵਿੱਚ ਆਗਮਨ ਹੋਇਆ ਹੈ। ਮਾਂ ਇੱਕ ਅਜਿਹਾ ਪੌਦਾ ਹੈ ਜਿਸਦੀ ਜੜ੍ਹ ਮਿੱਟੀ ਵਿੱਚ ਦੱਬੀ ਹੋਈ ਨਹੀਂ ਸਗੋਂ ਉਸਦੇ ਖਿੜੇ ਹੋਏ ਫੁੱਲ ਹੁੰਦੇ ਹਨ।

ਮਾਂ ਵਰਗਾ ਘਣ ਛਾਵਾਂ ਬੂਟਾ,
ਮੈਨੂੰ ਨਜ਼ਰ ਨਾ ਆਏ।
ਲੈ ਕੇ ਜਿਸ ਤੋਂ ਛਾਂ ਉਧਾਰੀ,
ਰੱਬ ਨੇ ਸੁਰਗ ਬਣਾਏ।
ਬਾਕੀ ਕੁੱਲ ਦੁਨੀਆਂ ਦੇ ਬੂਟੇ,
ਜੜ੍ਹ ਸੁਕਿਆਂ ਮੁਰਝਾਂਦੇ,
ਐਪਰ ਫੁੱਲਾਂ ਦੇ ਮੁਰਝਾਇਆਂ,
ਇਹ ਬੂਟਾ ਸੁੱਕ ਜਾਏ।
(ਪ੍ਰੋ: ਮੋਹਨ ਸਿੰਘ )

ਮਾਂ ਤੇ ਬੱਚਿਆਂ ਦੀ ਸਾਂਝ ਦਾ ਜ਼ਿਕਰ ਡਾ: ਹਰਭਜਨ ਸਿੰਘ ਨੇ ਆਪਣੀ ਕਵਿਤਾ ਵਿੱਚ ਇਸ ਤਰ੍ਹਾਂ ਕੀਤਾ ਹੈ:-

ਮਾਂ
ਮਾਂ ਬੋਲੀ ਵੀ, ਮਾਂ ਦੇਸ ਵੀ ਹੈ
ਮਾਂ ਆਪਣੇ ਦੇਸ ਦਾ ਵੇਸ ਵੀ ਹੈ
ਮਾਂ ਧਰਮ
ਧਰਮ ਤੋਂ ਪਾਰ ਵੀ ਹੈ
ਇਕਰਾਰ ਲਈ
ਇਨਕਾਰ ਵੀ ਹੈ
ਛਾਂ ਗੂੜ੍ਹੀ ਜਗ ਦੀ ਖ਼ੈਰ ਵੀ ਹੈ
ਮਾਂ ਤੱਤੀ ਤਲਖ਼ ਦੁਪਿਹਰ ਵੀ ਹੈ
ਇਸ ਕਰਾਮਾਤ ਨੂੰ ਸਮਝ ਜ਼ਰਾ
ਮਾਂ ਹਾਜ਼ਰ ਨਾਜ਼ਰ ਆਪ ਖ਼ੁਦਾ
(ਡਾ. ਹਰਿਭਜਨ ਸਿੰਘ)

ਸ਼ਿਵ ਕੁਮਾਰ ਬਟਾਲਵੀ ਦੇ ਬੋਲਾਂ ਅਨੁਸਾਰ ਮਾਂ ਦਾ ਨਾਮ ਉਸ ਦੇ ਦੁੱਧ ਵਰਗਾ ਪਵਿੱਤਰ ਹੈ ਮੂੰਹ ਵਿੱਚੋਂ ਮਾਂ ਸ਼ਬਦ ਦੇ ਸੰਬੋਧਨ ਨਾਲ ਜ਼ੁਬਾਨ ਜਿਵੇਂ ਸ਼ਰਹਦ ਵਰਗੀ ਮਿੱਠੀ ਹੋ ਜਾਂਦੀ ਹੈ :-

ਹੇ ਮੇਰੀ ਮਾਂ !
ਤੇਰੇ ਆਪਣੇ ਦੁੱਧ ਵਰਗਾ ਹੀ
ਤੇਰਾ ਸੁੱਚਾ ਹੈ ਨਾਂ
ਜੀਭ ਹੋ ਜਾਏ ਮਾਖਿਓਂ
ਹਾਏ ਨੀ ਤੇਰਾ ਨਾਂ ਲਿਆਂ
ਜੇ ਇਜਾਜ਼ਤ ਦਏਂ ਤਾਂ ਮੈਂ ਇਕ ਵਾਰੀ ਲੈ ਲਵਾਂ
ਮਾਘੀ ਦੀ ਹਾਏ ਸੁੱਚੜੀ
ਸੰਗਰਾਂਦ ਵਰਗਾ ਤੇਰਾ ਨਾਂ
ਮਾਂ ਤਾਂ ਹੁੰਦੀ ਹੈ ਛਾਂ
ਛਾਂ ਕਦੇ ਘਸਦੀ ਤੇ ਨਾ
ਮਾਂ
ਹੇ ਮੇਰੀ ਮਾਂ !

ਕਈ ਘਰਾਂ ਵਿੱਚ ਬਜ਼ੁਰਗ ਮਾਪਿਆਂ ਦਾ ਸਤਿਕਾਰ ਘਟ ਰਿਹਾ ਹੈ ਅਤੇ ਸ਼ਹਿਰਾਂ-ਕਸਬਿਆਂ ਦੇ ਬਿਰਧ-ਆਸ਼ਰਮਾਂ ਵਿੱਚ ਬਜ਼ੁਰਗ ਮਾਵਾਂ ਦੀ ਗਿਣਤੀ ਵਧ ਰਹੀ ਹੈ। ਇਹ ਸਾਡੇ ਅਮੀਰ ਵਿਰਸੇ ਨੂੰ ਕਲੰਕਿਤ ਕਰਨ ਦਾ ਰੁਝਾਨ ਹੈ। ਕਿਹਾ ਜਾਂਦਾ ਹੈ ਕਿ ਪੁੱਤ ਕਪੁੱਤ ਹੋ ਜਾਂਦੇ ਹਨ ਪਰ ਮਾਪੇ ਕੁਮਾਪੇ ਨਹੀਂ ਹੁੰਦੇ ਹਨ। ਮਾਪਿਆਂ ਲਈ ਤਾਂ ਬੱਚੇ ਇੱਕੋ ਜਿਹੇ ਹਨ। ਕਈ ਵਾਰ ਆਪਣੀਆਂ ਗ਼ਲਤੀਆਂ ਜਾਂ ਬਹਿਕਾਵੇ ਦੇ ਅਸਰ ਦੌਰਾਨ ਲੋਕ ਕਹਿ ਦਿੰਦੇ ਹਨ ਕਿ ਉਹਨਾਂ ਦੇ ਮਾਪਿਆਂ ਨੇ ਸੰਪਤੀ ਦੇ ਮਾਮਲੇ ਵਿੱਚ ਪੱਖਪਾਤ ਕੀਤਾ ਹੈ। ਜੇ ਕਰ ਪਰਿਵਾਰਕ ਮਾਹੌਲ, ਆਰਥਿਕਤਾ, ਸੁਭਾਅ, ਸਮਾਜਿਕ ਅਤੇ ਨੈਤਿਕ ਜਿੰਮੇਵਾਰੀਆਂ ਦੀ ਪਿਛਲੇ ਲੰਬੇ ਸਮੇਂ ਤੋਂ ਨਿਰਪੱਖ ਸਮੀਖਿਆ ਕੀਤੀ ਜਾਵੇ ਤਾਂ ਪੱਖਪਾਤ ਹੋਣ ਦਾ ਦਾਅਵਾ ਕਰਨ ਵਾਲਾ ਇਨਸਾਨ ਇਸ ਸਭ ਦਾ ਕਸੂਰਵਾਰ ਜਾਂ ਵੱਡਾ ਕਾਰਨ ਨਿਕਲ ਸਕਦਾ ਹੈ। ਕਿਸੇ ਇੱਕ ਧਿਰ ਨੂੰ ਨਿਯਮਾਂ ਅਨੁਸਾਰ ਹੱਕ ਦੇਣਾ ਦੂਸਰੀ ਧਿਰ ਨਾਲ ਧੱਕੇਸ਼ਾਹੀ ਨਹੀਂ ਹੁੰਦੀ ਹੈ। ਦੋਵੇਂ ਧਿਰਾਂ ਦਾ ਫਰਜ਼ ਇੱਕ ਦੂਜੇ ਦੇ ਅਧਿਕਾਰਾਂ ਨੂੰ ਸਮਝਣਾਂ ਅਤੇ ਆਪਣੇ ਮਾਪਿਆਂ ਦੀ ਇੱਜਤ ਬਣਾਈ ਰੱਖਣਾ ਹੋਣਾ ਚਾਹੀਦਾ ਹੈ। ਕਿਸੇ ਪਰਿਵਾਰਕ ਗ਼ਲਤਫ਼ਹਿਮੀ ਦਾ ਸੰਚਾਰ ਆਪਣੇ ਬੱਚਿਆਂ ਵਿਚ ਇਸ ਤਰਾਂ ਨਹੀਂ ਕਰ ਦੇਣਾ ਚਾਹੀਦਾ ਹੈ ਕਿ ਉਹ ਆਪਣੇ ਦਾਦਾ-ਦਾਦੀ ਜਾਂ ਚਾਚੇ-ਤਾਇਆਂ ਨੂੰ ਨਫ਼ਰਤ ਦੀ ਭਾਵਨਾ ਨਾਲ ਵੇਖਣ। ਪਰਿਵਾਰਕ ਸੰਪਤੀ ਦਾ ਬਟਵਾਰਾ ਤਾਂ ਕਈ ਪੁਸ਼ਤਾਂ ਤੋਂ ਹੁੰਦਾ ਆ ਰਿਹਾ ਹੁੰਦਾ ਹੈ ਪਰ ਆਪਸੀ ਪ੍ਰੇਮ ਦਾ ਧਾਗਾ ਨਹੀਂ ਟੁੱਟਣਾ ਚਾਹੀਦਾ ਹੈ

ਰਹਿਮਨ ਧਾਗਾ ਪ੍ਰੇਮ ਕਾ, ਮਤ ਤੋੜੋ ਚਟਕਾਏ।
ਟੂਟੇ ਸੇ ਫਿਰ ਨਾ ਮਿਲੇ, ਮਿਲੇ ਗਾਂਠ ਪੜਿ ਜਾਏ।
(ਭਗਤ ਰਹੀਮ)

ਬੱਚਿਆਂ ਨੂੰ ਚਾਹੀਦਾ ਹੈ ਕਿ ਆਪਣੀ ਮਾਂ ਅਤੇ ਦਾਦੀ-ਮਾਂ ਕੋਲ ਬੈਠਣ ਅਤੇ ਗੱਲਾਂ ਕਰਨ ਦਾ ਸਮਾਂ ਜ਼ਰੂਰ ਕੱਢਣ। ਉਹਨਾਂ ਦੀ ਸਿੱਖਿਆ ਅਤੇ ਤਜਰਬੇ ਦੀਆਂ ਗੱਲਾਂ ਬੱਚਿਆਂ ਨੂੰ ਜੀਵਨ ਸੰਘਰਸ਼ ਵਿੱਚ ਅੱਗੇ ਵਧਣ ਲਈ ਪ੍ਰੇਰਿਤ ਕਰ ਸਕਦੇ ਹਨ। ਅਸੀਂ ਕਈ ਵਾਰ ਸੁਣਿਆ ਹੁੰਦਾ ਹੈ ਕਿ ਮਾਂ ਦੇ ਚਰਨਾਂ ਵਿੱਚ ਜੰਨਤ ਹੈ। ਸਾਡੇ ਵੱਡੇ-ਵਡੇਰਿਆਂ ਨੇ ਜੋ ਤੱਥ ਜ਼ਾਹਰ ਕੀਤੇ ਹਨ, ਨੂੰ ਗਿਆਨ ਅਤੇ ਸਾਰਥਕਤਾ ਦੀ ਰੌਸ਼ਨੀ ਵਿੱਚ ਵਾਚਦਿਆਂ ਹੋਇਆਂ ਮੰਨ ਲੈਣਾ ਚਾਹੀਦਾ ਹੈ। ਮਾਂ ਅਤੇ ਹੋਰ ਵੱਡੇ ਪਰਿਵਾਰਕ ਮੈਂਬਰਾਂ ਦਾ ਸਤਿਕਾਰ ਕੇਵਲ ਮਾਂ-ਦਿਵਸ ਤਕ ਸੀਮਤ ਨਹੀਂ ਹੈ।

-



ਮਨਜੀਤ ਸਿੰਘ ਬੱਧਣ
9417635053

# ਮਾਂ ਦਿਵਸ ਮਮਤਾ, ਤਿਆਗ ਅਤੇ ਪਿਆਰ ਦਾ ਅਮਰ ਪ੍ਰਤੀਕ




"ਮਾਂ ਦੇ ਪੈਰਾਂ ਹੇਠ ਰੱਬ ਵਸਦਾ ਹੈ" — ਇਹ ਸਿਰਫ਼ ਇੱਕ ਕਹਾਵਤ ਨਹੀਂ, ਸਗੋਂ ਸੱਚਾਈ ਹੈ ਜੋ ਹਰ ਮਨੁੱਖ ਆਪਣੀ ਜ਼ਿੰਦਗੀ ਵਿੱਚ ਮਹਿਸੂਸ ਕਰਦਾ ਹੈ। ਬੱਚਾ ਆਪਣੀ ਮਾਂ ਦੇ ਕੀਤੇ ਉਪਕਾਰਾਂ ਨੂੰ ਕਦੇ ਵੀ ਪੂਰੀ ਤਰ੍ਹਾਂ ਉਤਾਰ ਨਹੀਂ ਸਕਦਾ। ਮਾਂ ਦਾ ਪਿਆਰ ਨਿਸ਼ਕਾਮ, ਅਟੱਲ ਅਤੇ ਅਨਮੋਲ ਹੁੰਦਾ ਹੈ।

ਅੱਜ ਦੁਨੀਆ ਭਰ ਵਿੱਚ ਮਾਂ ਦਿਵਸ ਮਨਾਇਆ ਜਾਂਦਾ ਹੈ। ਆਮ ਤੌਰ 'ਤੇ ਇਹ ਮਈ ਮਹੀਨੇ ਦੇ ਦੂਜੇ ਐਤਵਾਰ ਨੂੰ ਮਨਾਇਆ ਜਾਂਦਾ ਹੈ। ਮਾਂ ਨੂੰ ਸਾਡੇ ਸਮਾਜ ਵਿੱਚ ਰੱਬ ਦਾ ਦਰਜਾ ਦਿੱਤਾ ਗਿਆ ਹੈ। ਮਾਂ ਉਹ ਸ਼ਬਦ ਹੈ ਜੋ ਇਨਸਾਨ ਦੀ ਜ਼ੁਬਾਨ 'ਤੇ ਉਸਦੀ ਜ਼ਿੰਦਗੀ ਦੇ ਹਰ ਪੜਾਅ 'ਤੇ ਰਹਿੰਦਾ ਹੈ। ਜਨਮ ਦੇ ਤੁਰੰਤ ਬਾਅਦ ਬੱਚਾ ਸਭ ਤੋਂ ਪਹਿਲਾਂ "ਮਾਂ" ਹੀ ਬੋਲਦਾ ਹੈ।

ਮਾਂ ਦਿਵਸ ਦਾ ਇਤਿਹਾਸ

ਮਾਂ ਦਿਵਸ ਦੀ ਸ਼ੁਰੂਆਤ 1908 ਵਿੱਚ ਹੋਈ ਮੰਨੀ ਜਾਂਦੀ ਹੈ। ਇਸ ਦੇ ਪਿੱਛੇ ਕਈ ਮਹਾਨ ਔਰਤਾਂ ਦੀ ਸੋਚ ਅਤੇ ਮਿਹਨਤ ਜੁੜੀ ਹੋਈ ਹੈ।

1870 ਵਿੱਚ ਅਮਰੀਕੀ ਸਮਾਜ ਸੇਵਿਕਾ ਜੂਲੀਆ ਵਾਰਡ ਹਾਊ ਨੇ ਯੁੱਧਾਂ ਦੀ ਤਬਾਹੀ ਨੂੰ ਦੇਖਦਿਆਂ ਮਾਵਾਂ ਨੂੰ ਇਕੱਠਾ ਹੋਣ ਅਤੇ ਸ਼ਾਂਤੀ ਲਈ ਅਵਾਜ਼ ਉਠਾਉਣ ਦੀ ਅਪੀਲ ਕੀਤੀ। ਉਨ੍ਹਾਂ ਨੇ "ਮਦਰਜ਼ ਡੇ ਫ਼ਾਰ ਪੀਸ" ਦਾ ਵਿਚਾਰ ਰੱਖਿਆ।

ਇਸ ਤੋਂ ਪਹਿਲਾਂ ਐਨ ਮੈਰੀ ਰੀਵਜ਼ ਜਾਰਵਿਸ ਨੇ 1858 ਵਿੱਚ "ਮਦਰਜ਼ ਫ੍ਰੈਂਡਸ਼ਿਪ ਡੇ" ਦੀ ਸ਼ੁਰੂਆਤ ਕੀਤੀ ਸੀ, ਜਿਸਦਾ ਮਕਸਦ ਸਫਾਈ ਅਤੇ ਸਮਾਜਕ ਇਕਤਾ ਨੂੰ ਵਧਾਉਣਾ ਸੀ।

ਬਾਅਦ ਵਿੱਚ ਉਨ੍ਹਾਂ ਦੀ ਧੀ ਐਨਾ ਜਾਰਵਿਸ ਨੇ ਆਪਣੀ ਮਾਂ ਦੀ ਯਾਦ ਵਿੱਚ ਮਾਂ ਦਿਵਸ ਨੂੰ ਇੱਕ ਵਿਸ਼ੇਸ਼ ਦਿਨ ਵਜੋਂ ਮਨਾਉਣ ਦੀ ਲਹਿਰ ਚਲਾਈ। 10 ਮਈ 1908 ਨੂੰ ਪਹਿਲੀ ਵਾਰ ਇੱਕ ਚਰਚ ਵਿੱਚ ਸਰਕਾਰੀ ਤੌਰ 'ਤੇ ਮਾਂ ਦਿਵਸ ਮਨਾਇਆ ਗਿਆ।

1914 ਵਿੱਚ ਅਮਰੀਕਾ ਦੇ ਰਾਸ਼ਟਰਪਤੀ ਵੁਡਰੋ ਵਿਲਸਨ ਨੇ ਇਸ ਦਿਨ ਨੂੰ ਰਾਸ਼ਟਰੀ ਦਿਵਸ ਘੋਸ਼ਿਤ ਕੀਤਾ ਅਤੇ ਮਈ ਦੇ ਦੂਜੇ ਐਤਵਾਰ ਨੂੰ ਹਰ ਸਾਲ ਮਾਂ ਦਿਵਸ ਮਨਾਉਣ ਦਾ ਐਲਾਨ ਕੀਤਾ। ਇਸ ਤੋਂ ਬਾਅਦ ਇਹ ਦਿਨ ਪੂਰੀ ਦੁਨੀਆ ਵਿੱਚ ਪ੍ਰਸਿੱਧ ਹੋ ਗਿਆ।

ਮਾਂ ਦਾ ਮਹੱਤਵ

ਮਾਂ ਸਿਰਫ਼ ਇੱਕ ਰਿਸ਼ਤਾ ਨਹੀਂ, ਸਗੋਂ ਪੂਰੀ ਦੁਨੀਆ ਹੈ। ਉਹ ਆਪਣੇ ਬੱਚਿਆਂ ਲਈ ਹਰ ਤਰ੍ਹਾਂ ਦੀ ਤਕਲੀਫ਼ ਸਹਿੰਦੀ ਹੈ, ਪਰ ਕਦੇ ਸ਼ਿਕਾਇਤ ਨਹੀਂ ਕਰਦੀ। ਮਾਂ ਦੀ ਮਮਤਾ ਕਦੇ ਘੱਟ ਨਹੀਂ ਹੁੰਦੀ, ਭਾਵੇਂ ਬੱਚਾ ਵੱਡਾ ਹੋ ਜਾਵੇ। ਮਾਂ ਬੱਚੇ ਨੂੰ 9 ਮਹੀਨੇ ਆਪਣੇ ਗਰਭ ਵਿੱਚ ਰੱਖਦੀ ਹੈ ਅਤੇ ਉਸਦੀ ਪੈਦਾਇਸ਼ ਲਈ ਆਪਣੀ ਜਾਨ ਤੱਕ ਜੋਖਮ ਵਿੱਚ ਪਾ ਦਿੰਦੀ ਹੈ। ਬੱਚੇ ਦੇ ਜਨਮ ਨਾਲ ਹੀ ਮਾਂ ਦਾ ਵੀ ਇੱਕ ਨਵਾਂ ਜਨਮ ਹੁੰਦਾ ਹੈ।

ਮਾਂ ਦੀਆਂ ਲੋਰੀਆਂ ਵਿੱਚ ਸਵਰਗ ਵਰਗਾ ਸੁਖ ਹੁੰਦਾ ਹੈ। ਉਸਦੀ ਮਿੱਠੀ ਜ਼ਬਾਨ 'ਤੇ ਹਮੇਸ਼ਾ ਅਸੀਸਾਂ ਹੁੰਦੀਆਂ ਹਨ, ਅੱਖਾਂ ਵਿੱਚ ਸੁਪਨੇ, ਦਿਲ ਵਿੱਚ ਮਮਤਾ ਅਤੇ ਸੋਚ ਵਿੱਚ ਸਿਰਫ਼ ਆਪਣੇ ਬੱਚਿਆਂ ਦੀ ਚਿੰਤਾ।

ਮਾਂ ਦਿਵਸ ਕਿਵੇਂ ਮਨਾਇਆ ਜਾਂਦਾ ਹੈ

ਅੱਜ ਦੇ ਸਮੇਂ ਵਿੱਚ ਮਾਂ ਦਿਵਸ ਨੂੰ ਖਾਸ ਤੌਰ 'ਤੇ ਮਨਾਇਆ ਜਾਂਦਾ ਹੈ। ਬੱਚੇ ਆਪਣੀ ਮਾਂ ਲਈ ਕਾਰਡ ਬਣਾਉਂਦੇ ਹਨ, ਤੋਹਫ਼ੇ ਦਿੰਦੇ ਹਨ ਅਤੇ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਵਾ ਕਰਦੇ ਹਨ।

ਕੁਝ ਬੱਚੇ ਇਸ ਦਿਨ ਆਪਣੀ ਮਾਂ ਨੂੰ ਰਸੋਈ ਤੋਂ ਛੁੱਟੀ ਦੇ ਕੇ ਖੁਦ ਖਾਣਾ ਬਣਾਉਂਦੇ ਹਨ। ਕਈ ਲੋਕ ਘਰਾਂ ਨੂੰ ਸਜਾਉਂਦੇ ਹਨ, ਕੇਕ ਕੱਟਦੇ ਹਨ ਅਤੇ ਮਾਂ ਨਾਲ ਸਮਾਂ ਬਿਤਾਉਂਦੇ ਹਨ।

ਆਧੁਨਿਕ ਸਮੇਂ ਵਿੱਚ ਮਾਂ

ਅੱਜ ਦੀ ਮਾਂ ਪਹਿਲਾਂ ਨਾਲੋਂ ਕਾਫ਼ੀ ਮਜ਼ਬੂਤ ਅਤੇ ਆਤਮਨਿਰਭਰ ਹੈ। ਉਹ ਘਰ ਅਤੇ ਬਾਹਰ ਦੋਹਾਂ ਜ਼ਿੰਮੇਵਾਰੀਆਂ ਨੂੰ ਬਹੁਤ ਸੁਝਬੂਝ ਨਾਲ ਨਿਭਾ ਰਹੀ ਹੈ। ਭਾਵੇਂ ਸਮਾਂ ਬਦਲ ਗਿਆ ਹੈ, ਪਰ ਮਾਂ ਦੀ ਮਮਤਾ ਅੱਜ ਵੀ ਉਹੀ ਪਵਿੱਤਰ ਅਤੇ ਅਟੱਲ ਹੈ।

ਮਾਂ ਦੀ ਮਹਿਮਾ ਬਿਆਨ ਕਰਨ ਲਈ ਸ਼ਬਦ ਘੱਟ ਪੈ ਜਾਂਦੇ ਹਨ। ਮਾਂ ਉਹ ਅਨਮੋਲ ਦਾਤ ਹੈ ਜੋ ਸਾਨੂੰ ਰੱਬ ਵਲੋਂ ਮਿਲਦੀ ਹੈ। ਉਸਦਾ ਕਰਜ਼ਾ ਅਸੀਂ ਕਦੇ ਨਹੀਂ ਉਤਾਰ ਸਕਦੇ, ਪਰ ਉਸਨੂੰ ਪਿਆਰ, ਸਤਿਕਾਰ ਅਤੇ ਸਹਾਰਾ ਦੇ ਕੇ ਉਸਦੀ ਜ਼ਿੰਦਗੀ ਨੂੰ ਖੁਸ਼ਹਾਲ ਜ਼ਰੂਰ ਬਣਾ ਸਕਦੇ ਹਾਂ।

ਆਓ, ਇਸ ਮਾਂ ਦਿਵਸ 'ਤੇ ਅਸੀਂ ਇਹ ਵਚਨ ਕਰੀਏ ਕਿ ਅਸੀਂ ਆਪਣੀ ਮਾਂ ਨੂੰ ਸਿਰਫ਼ ਇੱਕ ਦਿਨ ਨਹੀਂ, ਸਗੋਂ ਹਰ ਦਿਨ ਪਿਆਰ ਅਤੇ ਸਤਿਕਾਰ ਦੇਵਾਂਗੇ।



**ਲੇਖਿਕਾ: ਡਾ. ਅਮਿਤਾ ਰਾਣੀ**

# Reform UK Surge Reshapes British Politics as Labour and Conservatives Suffer Heavy Losses

## Indian Workers Association Warns British Public to Remain Vigilant Against Divisive Politics and Growing Extremism




**THE ASIAN INDEPENDENT UK**

Britain's political landscape has been dramatically shaken following the 2026 local elections in England and parliamentary elections in Scotland and Wales, with Reform UK emerging as the biggest winner and both Labour and the Conservatives suffering major setbacks.

The elections, widely seen as a major political test for Prime Minister Sir Keir Starmer's Labour government, reflected growing public frustration over the rising cost of living, pressure on the NHS, housing shortages, low wages, and dissatisfaction with mainstream politics.

With results declared in 131 out of 136 English councils, Reform UK secured 1,448 councillor seats and took control of 14 councils — a historic breakthrough for Nigel Farage's party, which held only two comparable council seats in 2022.

Labour suffered severe losses, losing 1,430 councillors and falling to 1,023 seats. The Conservatives also endured another damaging night, with the party losing 561 councillors and finishing on 788 seats, as many traditional Conservative voters shifted towards Reform UK.

Meanwhile, the Liberal Democrats and Green Party both strengthened their positions. The Liberal Democrats gained 154 councillors to reach 842 seats, while the Green Party achieved one of its strongest performances ever, gaining 393 councillors and rising to 539 seats.

In Scotland, the Scottish National Party (SNP) remained the largest party with 58 seats, although short of an overall majority. In Wales, Labour suffered a historic collapse after 27 years in power, falling to just nine seats, while Plaid Cymru emerged as the largest party and Reform UK secured 34 seats.

Political analysts say the results reveal growing public dissatisfaction with Britain's traditional political system and increasing support for alternative political movements.

The Indian Workers Association (Great Britain) expressed concern over the growing influence of divisive right-wing politics and warned against attempts to blame immigrants and minority communities for Britain's economic and social problems.

Sital Singh Gill, General Secretary of the Indian Workers Association (GB), said:

"These election results show that many ordinary people across Britain are deeply frustrated with the rising cost of living, pressure on public services, housing shortages, and growing economic insecurity. Both Labour and the Conservatives have failed to properly address many of the real concerns facing working people."

He added:

"We are very concerned about the growing influence of divisive right-wing politics that attempt to blame immigrants and minority communities for Britain's wider economic and social problems. Immigrants have made enormous contributions to this country economically, culturally, and socially for generations."

Mr Gill said many of the same political forces now promoting anti-immigration rhetoric had also misled the public during the Brexit campaign.

"Brexit has caused serious long-term damage to the British economy. Ordinary working people are paying the price through rising living costs, inflation, weaker public services, and declining economic security," he said.

"Economic studies now suggest that Brexit is costing the British economy between £65 billion and £90 billion every year, while many ordinary people are thousands of pounds worse off annually because of weaker economic growth and reduced investment."

He warned that increasingly hostile immigration policies could damage Britain's future economically and socially.

"If Britain becomes seen as unwelcoming towards migrants, workers, and international students, the country risks harming its own economy and weakening the values of fairness, diversity, and democracy that have always been Britain's strength."

Mr Gill also called for unity and social cohesion instead of division.

"We reject politics based on hatred, racism, fear, and division. We want to replace it with something hopeful, fair, and built together for the betterment of the whole society. Working people of every background face many common struggles, and these problems can only be solved through unity, social justice, and investment in communities."

Political observers believe the 2026 elections may represent a turning point in modern British politics and an early indication of the major political battles likely to shape the next UK General Election expected in 2029.

# WHEN PM BECOMES PUJARI, SECULARISM BECOMES PANDAL

Capt Amar Jeet Kumar (Retd)

**(Asian independent)** This is reference to article by PM and Chairman of Shree Somnath Trust '. PM Modi, as Chairman of Shree Somnath Trust, says 'Somnath's saga of faith and resilience' and announces special puja for the next thousand days. A thousand days. That's 2 years 9 months. Conveniently, that covers the next difficult Assembly elections. Coincidence? Prime Minister of Secular Nation, Chairman of Mandir Trust. How? Article 27 says State shall not compel taxes for any religion. Article 25 gives every citizen freedom of religion. Constitution says government has no religion. So how can the Prime Minister head of a secular government head a Hindu temple trust? If PM can be Somnath chairman, why not Ajmer Dargah sajjada? Why not Golden Temple trustee? Why not Vatican liaison? You can't be PM of 140 crore and pujari of one. That's not pluralism. That's pandal politics. Faith Is Fine. Faith As Electoral Calendar Is Not: Somnath's saga is real. Mahmud Ghazni broke it. Sardar Patel rebuilt it. Faith survived. Resilience survived.



But making PM the chairman and announcing 'thousand days puja' is not about faith. It's about timing. Next 1000 days = next Assembly elections in MP, Rajasthan, Chhattisgarh, Haryana, Maharashtra, Bihar.

You don't need to be psephologist to see the link. You just need a calendar. When faith is used as countdown timer for votes, it stops being faith. It becomes vote bank puja. Secular Govt Has No Religion. PM Must Act Like That: If Govt has no religion, its head cannot have official religion. You cannot take oath on Constitution in morning and take blessings on temple trust letterhead in evening and claim both are same. One is duty. Other is belief. Mix them and you don't get 'Ram Rajya'. You get Raj of Raj. Real Somnath Lesson Resilience, Not Ritual: Somnath teaches us: even after 17 attacks, faith rose again. Not because king was priest. But because people rebuilt. Today we don't need PM to organise puja for 1000 days. We need PM to organize jobs for 1000 days. To organize MSP for 1000 days. To organise Agniveer pension for 1000 days. Temple will stand. People need to stand too. If You Want to BeChairman, Resign As PM: Be devotee. Be trustee. Be Hindu. No issue. But don't be PM while doing it. Because when you speak from Red Fort, 140 crores listen. Muslim hears 'puja for 1000 days. Christian hears 'our festival next?'. Atheist hears 'Constitution was for optics. Sardar Patel rebuilt Somnath. He didn't make himself chairman. That's the difference between statesman and campaigner. Somnath's saga is faith. Your calendar is politics. PM of secular nation cannot be chairman of one temple. Next 1000 days should be puja for Constitution, not for campaign.

If you love Somnath, let Somnath be Somnath. Don't make it polling booth.

Capt Amar Jeet Kumar (Retd)
Environmentalist Psychotherapist
Kharar (Punjab)

# Obituary: Mr. Ram Pal Rahi

SAMAJ WEEKLY UK

Mr. Ram Pal Rahi of Bedford United Kingdom passed away on Fri, 08-May-2026.

He was born on 25-Jan-1954 in Panjab India to Subedar Major of Indian Army.

He is survived by his wife Romila, daughter Renu, sons Randeep and Rahul.

He knew multiple languages like English, Hindi, Panjabi, Gujrati, Marathi.

Rahi ji held various positions in social and cultural organisations.

- President of the Federation of Ambedkarite and Buddhist Organisations UK (FABO-UK), since 2023
- Also, President of the Punjab Buddhist Society UK and the Dr Ambedkar Mission Society, Bedford.
- Ram Pal Rahi was a respected community leader whose lifelong work has uplifted others through activism, entrepreneurship, and education. Born in Guru Ravidas Nagar, Nawanshahr, Punjab, into a family with a strong sense of duty, his father served Indian Army at the rank of Subedar Major.
- Mr Rahi's journey reflects a deep commitment to equality, social justice, and service. These values continue to inspire those around him.
- He pursued his education in Pune, Maharashtra where he also learnt Marathi and Gujarati. He later graduated from Guru Nanak Dev University in Amritsar with a degree in English, History, and Political Science. During his University years, he was actively involved with the National Cadet Corps (NCC), receiving formal training.
- From 1976 to 1989, he worked as a production operator at Vauxhall Motors in Luton. During this time, he trained as a driving instructor and later founded the Paul School of Motoring. Since 1985, his family has also been managing the Londis Convenience Store in Kempton.



Mr. Ram Pal Rahi

- A highly enterprising individual, Mr. Rahi ventured into the property market and successfully built a substantial property portfolio, including a hotel.
- He had the honour of working closely with the late Chanan Chahal, the founding president of FABO-UK. Together, they travelled extensively to promote the Ambedkarite cause, visiting countries including Portugal, France, Belgium, Canada (Simon Fraser University, Vancouver), the United States (Columbia University), Colombia, Japan (Kōshiyama University), Paris, and Kuala Lumpur.
- Mr. Rahi has served as a trustee of the Guru Ravidas Mission Hospital in Phagwara, Punjab and personally funded surgeries for underprivileged patients. He is also a member of the Prabuddha Bharat Foundation in Punjab. A passionate supporter of education, he has consistently helped poor students by funding school uniforms, books, and tuition fees. He has even sponsored several students to pursue higher education abroad. Additionally, he has contributed financially to the publication of numerous books.
- His dedication, leadership, and invaluable contribution to the Indian diaspora, and particularly to the Ambedkarite Buddhist community globally, will always be remembered with deep respect and gratitude.
- FABO-UK and AMS Bedford stand firmly with the bereaved family during this moment of immense sorrow and extend their heartfelt condolences and prayers.

We request everyone to respect the family's privacy at this difficult time. Please refrain from phone calls and home visits until further arrangements are announced.

FABO-UK and AMS Bedford, extend its sincere condolences to Late Ram Pal Rahi's family, friends, and colleagues. His legacy of compassion, dialogue, and commitment to justice will continue to inspire the future generations.

By the Federation of Ambedkarite & Buddhist Organisations UK, and Ambedkar Mission Society, Bedford

# EAST MIDLANDS VOLUNTARY ORGANISATIONS COMBINING TO EXHIBIT THE SIKH EMPIRE IN KIBWORTH, LEICESTERSHIRE

**THE ASIAN INDEPENDENT UK**

Leicester- The East Midlands based voluntary organisations DEV3K Appreciation Society from Derbyshire and Punjabi Listeners Club from Leicester are organising Vaisakhi Celebrations on Saturday 23rd May from 12.30 to 3.30 pm at Kibworth Village Hall, 15 Station Street, Kibworth Beauchamp, Leicestershire LE8 0LN which will include The Sikh Empire Exhibition, Sikh Martial Arts Display, Children Colouring Competition, Have A Go Turban Tying, performances by authors, poets and singers as well as singing and dances by local based Gidha Punjabanna Da.




Those invited to the celebrations include Lord Lieutenant of Leicestershire Mr. Mike Kapur OBE – King Charles' representative for Leicester and Leicestershire, 1st Citizen of Leicestershire – Chairman of Leicestershire County Council Councillor Paul Harrisonl, 1st Citizen of Leicester – The Right Worshipful the Lord Mayor of Leicester, 1st Citizen of Harborough District Council, Leader of Oadby and Wigston Council Councillor Samia Haq as well as the Presidents of Leicester Gurdwara.


Prof (Dr) Jagtar Singh Dhiman

Confirmed VIP guests include Baljit Singh Brar, Senior Journalist and Editor of Punjab Times Group Newspapers published in India and Canada and Dr Kevin Feltham ex-Chairman of Leicestershire County Council.

Punjabi Listeners Club was formed on the 3rd Anniversary of BBC Radio Leicester's Punjabi Programme on 9 September 1995, promotes Punjabi Language, Culture and Sikh religion. The club celebrated its 30th anniversary in September 2025 and has raised thousands of pounds for UK registered charities such as children In Need, Wishes4Kids, British Heart Foundation, Cancer Charities, Khalsa Aid, various Lord Mayors' charities


JASPAL SINGH BAINS

Banda Singh Bahadur established the first Sikh Empire in 1710 after being baptised by Sri Guru Gobind Singh Ji, the 10th Sikh Guru at Nanded in Maharashtra state of India. Guru Ji transformed Madho Das Bairagi into Banda Singh Bahadur in 1708 appointing him the commander of the Khalsa Army to lead the struggle against Moghal atrocities in Punjab. Banda Singh Bahadur was given an Order\ Hukamnama – commanding Sikhs to support him, five arrows, a sword, a flag, a drum and small number of Sikhs – empowering him to fight the regime responsible for the martyrdom of Guru Tegh Bahadur Sahib Ji, the 9th Sikh Guru and the younger Sahibzaday – younger sons of Guru Gobind Singh Ji who were bricked alive at ages 5 yrs and 7 years for not converting into Islam faith. Banda Singh Bahadur abolished the Zamindari system and gave land rights to tillers. The Sikh Empire during Maharaja Ranjit Singh extended from Afghanistan to Delhi but was divided into India and Pakistan in 1947.


LORD LIEUTENANT OF LEICESTERSHIRE MR MIKE JAPUR OBE TARLOCHAN SINGH VIRK

"I am immensely pleased to learn about the dedication and zeal with which Mr. Tarlochan Singh Virk is working hard to promote and enrich Punjabi language, culture, heritage and rich Sikh history, His sustained efforts in organising events centred on Sikhism – its traditions, heritage and folklore are truly commendable. His latest initiative Vaisakhi Celebrations includes The Sikh Empire Exhibition spanning from Banda Singh Bahadur to Maharaja Ranjit Singh Ji is particularly noteworthy. It highlights the establishment of a governance and enduring legacy. I extend my best wishes for the successful impact of this event. ...Prof { Dr. } Jagtar Singh Dhiman, Vice Chancellor, Guru Kashi University, Talwandi Sabo, Bathinda, Punjab, India. "


COUNCILLOR PAUL HARRISON CHAIRMAN LEICESTERSHIRE COUNTY COUNCIL


GURNAM SINGH RUPOWAL EX GEN SEC GURU TEGH BAHDUR GURDWARA LEICESTER


TARLOCHAN SINGH CHAN JANDALVI

There will be a colouring competition for children, everyone can have a chance at Have a Go at Turban Tying, Poets, Authors and Singers will enlighten everyone on the importance of Vaisakhi and Sikh history. The celebrations will begin with the Sikh National Anthem and religious hymn. The latest book on Sikh Homeland called Khalsa Freedom Charter by author Jaspal Singh Bains will be released. Entertainment will be provided by Gidha Punjabanna Da Ladies Group. Everyone is welcome to the celebrations which are free to enter.

**For further information, please contact**
**Harjinder Singh Rai 07506342603**
**Gurnam Singh Rupowal 07557506045.**

# Keir Starmer: The Man Who Cannot See The Door

● Keir Starmer: The Man Who Cannot See The Door Political Analysis ● Keir Starmer's days in power are numbered — but he alone refuses to read the writing on the wall.

THE ASIAN INDEPENDENT UK

There are moments in political life when a leader must look honestly at what stands before them and make a decision. Not for their party, not for their career, but for their country. Keir Starmer is standing at exactly that moment. The problem is, he refuses to look.

The local elections of May 2026 were not just a bad night for Labour. They were a verdict. A clear, loud, unmistakable verdict delivered by ordinary people across England, Wales and Scotland — people who once trusted Labour with their votes and their hopes. That trust has now gone, and with it, any reasonable argument for Starmer to remain as Prime Minister.

1,500+ Council seats lost

30+ Councils lost

32+ Labour MPs calling for his exit

Swept Away Across the Nation

Labour lost over 1,500 councillors in England alone. They lost Wales — a nation they had dominated politically for over a century. The Welsh First Minister lost her own seat and promptly resigned. In Birmingham, Labour were reduced to a shadow of themselves in a city they once owned completely.

In traditional working-class strongholds like Wigan, Salford and Hull, voters rejected Labour without hesitation. Reform UK swept in where Labour once stood unchallenged. This was not a protest. This was a rejection.

Canvassers on doorsteps across the country heard the same message repeated over and over: people liked their local Labour councillors but could not bring themselves to vote for anyone representing Keir Starmer. That is not a policy problem. That is a leadership problem. And it has a simple solution.

His Own Party Has Turned

"The message from my constituency is it's curtains for Keir." — Labour MP Jon Trickett

It is one thing to lose an election. It is another to lose the confidence of your own movement. Both have now happened. Over thirty Labour MPs have publicly called for Starmer to resign or set a timetable for his departure. Senior MPs, grassroots members, and voices from across the party are speaking with rare unity: this leadership cannot continue.

The unions — the very organisations that helped build the Labour Party and fund it — have also spoken. Unison, Unite, the FBU and the TSSA have all demanded he step aside. In a joint statement, Labour's affiliated unions called the results "catastrophic" and demanded an urgent change in direction. Some stopped short of naming Starmer directly. Others did not. The message, either way, was the same.





Bal Ram Sampla
Geopolitics

Refusing to Go

And yet Starmer stays. His response to all of this has been a single, stubborn line: that he will not "walk away and plunge the country into chaos." It is a curious argument. The country is already in political chaos. Labour is in chaos. It was Starmer's own decisions — cutting the winter fuel allowance, failing to connect with working people, drifting away from Labour's core values — that helped create this chaos. Staying does not solve it. It deepens it.

By clinging to power, Starmer is not protecting Labour. He is slowly destroying what remains of it. Every week he stays, Reform grows stronger. Every press conference where he insists everything is fine is another gift to Nigel Farage. Voters who are angry, disillusioned and looking for an alternative are being pushed further and further away from Labour — and towards a party that offers simple answers to complex problems.

Aiding the Very Threat He Claims to Fight

The great irony of Starmer's position is this: he says he will not resign because doing so would hand power to Reform. But by staying, he is handing Reform something far more valuable — time. Time to grow. Time to build. Time to position themselves as the only credible alternative to a Labour government that nobody believes in anymore.

A new Labour leader, elected with a fresh mandate and a clear break from recent failures, would present Reform with a genuine challenge. A reinvigorated Labour party, reconnected with working people, could begin to close the door that Starmer has left wide open. Instead, the Prime Minister sits in Downing Street, apparently convinced that his presence alone is what stands between Britain and catastrophe.

The writing is not just on the wall. It is painted in bold letters across every council chamber Labour no longer controls.

The Clock Is Ticking

History is not kind to leaders who outstay their welcome. Gordon Brown knew the feeling. So did Theresa May. Both stayed too long, and both paid a heavy price — as did their parties. Starmer is walking the same path with his eyes firmly shut.

The country has spoken. The party has spoken. The unions have spoken. The doorsteps have spoken. Democracy has been loud, clear and consistent in its message. The only person in Britain who does not yet seem to have heard it is the man sitting in Number 10.

Keir Starmer's days as Prime Minister are over. The only question that remains is whether he will find the courage to accept it — or whether Labour will have to drag him, reluctantly, towards the door he cannot bring himself to see.

References

1.https://labourlist.org/2026/05/labourlist-labour-mp-starmer-resignation-tracker/

2.https://www.thecanary.co/uk/analysis/2026/05/08/starmer-chopping-block/

3.https://www.deseret.com/politics/2026/05/08/british-labour-suffers-sweeping-losses/

# The Silent Suffering: Caste-Based Abuse and the Struggle for Justice

**THE ASIAN INDEPENDENT UK**



In India, caste-based discrimination and abuse have existed for centuries. Despite constitutional protections and laws like the Scheduled Castes and Scheduled Tribes (Prevention of Atrocities) Act, the reality on the ground remains deeply painful for millions of Dalits.

The case involving Palaash Muchhal and Vigyan Prakash Mane has once again brought this uncomfortable truth into the spotlight. But for every case that makes headlines, countless others never see the light of day.

Casteist abuse is not a rare occurrence. It happens in workplaces, in neighbourhoods, on roads, and even between people who consider themselves friends or associates. When a person from a so-called upper caste feels cornered, threatened, or challenged by a Dalit, caste slurs are often the first weapon they reach for. It is not just an insult. It is a reminder. A reminder that no matter how educated, how successful, or how respected a Dalit person becomes, there are those who will always try to reduce them to their birth. That is the cruelty at the heart of casteism.

What makes this kind of abuse even more painful is that it often happens in private, away from witnesses. The abuser knows this. They know that their word will carry more weight in society. They know that the victim will think twice before going to the police. And sadly, they are often right.

When a Dalit person walks into a police station to report caste-based abuse, they do not always find justice waiting for them. In many parts of India, police officers themselves carry deep-rooted caste prejudices. Cases are dismissed as personal disputes. Complaints are discouraged or delayed. Victims are told to settle the matter quietly. The FIR that should be filed in minutes can take days, weeks, or simply never happen at all. This is not an accident. It is a reflection of a system that was built within a caste-conscious society and has not fully shed those biases.

The numbers tell a grim story. According to government data, crimes against Dalits continue to rise year after year, yet conviction rates remain very low. This gap between reported crimes and actual justice is not just a legal failure. It is a social one. It tells Dalit communities that their pain is not a priority. That their dignity is negotiable. That justice is available, but perhaps not for them.

Fear also plays a powerful role in keeping cases unreported. In rural areas especially, Dalits often depend on upper-caste landowners or employers for their livelihoods. Speaking up can mean losing a job, being socially boycotted, or even facing physical danger. The abuser's community closes ranks. The victim stands alone. In such an environment, silence becomes the only option that feels safe, even if it is deeply unjust.

Even when cases do get registered, the journey is exhausting. Victims face social pressure to withdraw complaints. They are painted as troublemakers or opportunists. Their character is questioned while the accused is defended. The legal process, which should be a path to justice, often becomes another form of suffering.

The Muchhal case stands out partly because the complainant had the courage, the awareness, and arguably the social connections to push the case forward. Most Dalit victims do not have those advantages. They face abuse in silence, carry the wound alone, and watch their abusers walk free with confidence.

What India needs is not just stronger laws, but a genuine change in attitude at every level — in police stations, in courtrooms, in workplaces, and in neighbourhoods. Dalits deserve to live with dignity. They deserve to be heard when they have been wronged. No amount of wealth, fame, or social status should give anyone the right to strip another human being of their self-respect using the accident of their birth as a weapon.

Until caste prejudice is honestly confronted rather than quietly tolerated, justice for Dalits will remain more of a promise than a reality.

References

1.https://www.desiblitz.com/content/palaash-muchhal-faces-charges-amidst-casteist-abuse-claims

2.https://www.newsx.com/entertainment/who-is-vidnyan-mane-marathi-actor-and-producer-and-smriti-mandhanas-childhood-friend-files-fir-against-palash-muchhal-over-alleged-casteist-remark-213432/



Bal Ram Sampla
Geopolitics

# ਸ਼ਰਧਾਂਜਲੀ: ਸ਼੍ਰੀ ਰਾਮ ਪਾਲ ਰਾਹੀ

**ਸਮਾਜ ਵੀਕਲੀ ਯੂ ਕੇ**
ਬੈੱਡਫੋਰਡ ਯੂਨਾਈਟਿਡ ਕਿੰਗਡਮ ਦੇ ਸ਼੍ਰੀ ਰਾਮ ਪਾਲ ਰਾਹੀ ਦਾ ਸ਼ੁੱਕਰਵਾਰ, 08-ਮਈ-2026 ਨੂੰ ਦੇਹਾਂਤ ਹੋ ਗਿਆ।

ਉਨ੍ਹਾਂ ਦਾ ਜਨਮ 25-ਜਨਵਰੀ-1954 ਨੂੰ ਪੰਜਾਬ ਭਾਰਤ ਵਿੱਚ ਭਾਰਤੀ ਫੌਜ ਦੇ ਸੂਬੇਦਾਰ ਮੇਜਰ ਦੇ ਘਰ ਹੋਇਆ ਸੀ।

ਉਨ੍ਹਾਂ ਦੇ ਪਿੱਛੇ ਉਨ੍ਹਾਂ ਦੀ ਪਤਨੀ ਰੋਮਿਲਾ, ਧੀ ਰੇਣੂ, ਪੁੱਤਰ ਰਣਦੀਪ ਅਤੇ ਰਾਹੁਲ ਹਨ।

ਉਹ ਅੰਗਰੇਜ਼ੀ, ਹਿੰਦੀ, ਪੰਜਾਬੀ, ਗੁਜਰਾਤੀ, ਮਰਾਠੀ ਵਰਗੀਆਂ ਕਈ ਭਾਸ਼ਾਵਾਂ ਜਾਣਦੇ ਸਨ।

ਰਾਹੀ ਜੀ ਨੇ ਸਮਾਜਿਕ ਅਤੇ ਸੱਭਿਆਚਾਰਕ ਸੰਗਠਨਾਂ ਵਿੱਚ ਵੱਖ-ਵੱਖ ਅਹੁਦਿਆਂ 'ਤੇ ਕੰਮ ਕੀਤਾ।

• 2023 ਤੋਂ ਫੈਡਰੇਸ਼ਨ ਆਫ ਅੰਬੇਡਕਰਾਈਟ ਐਂਡ ਬੁੱਧਿਸਟ ਆਰਗੇਨਾਈਜ਼ੇਸ਼ਨਜ਼ ਯੂਕੇ (FABO-UK) ਦੇ ਪ੍ਰਧਾਨ

• ਇਸ ਤੋਂ ਇਲਾਵਾ, ਪੰਜਾਬ ਬੁੱਧਿਸਟ ਸੋਸਾਇਟੀ ਯੂਕੇ ਅਤੇ ਡਾ. ਅੰਬੇਡਕਰ ਮਿਸ਼ਨ ਸੋਸਾਇਟੀ, ਬੈੱਡਫੋਰਡ ਦੇ ਪ੍ਰਧਾਨ।

ਰਾਮ ਪਾਲ ਰਾਹੀ ਇੱਕ ਸਤਿਕਾਰਯੋਗ ਭਾਈਚਾਰਕ ਨੇਤਾ ਸਨ ਜਿਨ੍ਹਾਂ ਦੇ ਜੀਵਨ ਭਰ ਦੇ ਕੰਮ ਨੇ ਸਰਗਰਮੀ, ਉੱਦਮਤਾ ਅਤੇ ਸਿੱਖਿਆ ਰਾਹੀਂ ਦੂਜਿਆਂ ਨੂੰ ਉੱਚਾ ਚੁੱਕਿਆ ਹੈ। ਗੁਰੂ ਰਵਿਦਾਸ ਨਗਰ, ਨਵਾਂਸ਼ਹਿਰ, ਪੰਜਾਬ ਵਿੱਚ ਇੱਕ ਮਜ਼ਬੂਤ ਫਰਜ਼ ਭਾਵਨਾ ਵਾਲੇ ਪਰਿਵਾਰ ਵਿੱਚ ਜਨਮੇ, ਉਨ੍ਹਾਂ ਦੇ ਪਿਤਾ ਨੇ ਸੂਬੇਦਾਰ ਮੇਜਰ ਦੇ ਅਹੁਦੇ 'ਤੇ ਭਾਰਤੀ ਫੌਜ ਦੀ ਸੇਵਾ ਕੀਤੀ।

• ਸ਼੍ਰੀ ਰਾਹੀ ਦਾ ਸਫ਼ਰ ਸਮਾਨਤਾ, ਸਮਾਜਿਕ ਨਿਆਂ ਅਤੇ ਸੇਵਾ ਪ੍ਰਤੀ ਡੂੰਘੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਇਹ ਕਦਰਾਂ-ਕੀਮਤਾਂ ਉਨ੍ਹਾਂ ਦੇ ਆਲੇ ਦੁਆਲੇ ਦੇ ਲੋਕਾਂ ਨੂੰ ਪ੍ਰੇਰਿਤ ਕਰਦੀਆਂ ਰਹਿੰਦੀਆਂ ਹਨ।

• ਉਨ੍ਹਾਂ ਨੇ ਆਪਣੀ ਸਿੱਖਿਆ ਪੁਣੇ, ਮਹਾਰਾਸ਼ਟਰ ਵਿੱਚ ਕੀਤੀ ਜਿੱਥੇ ਉਨ੍ਹਾਂ ਨੇ ਮਰਾਠੀ ਅਤੇ ਗੁਜਰਾਤੀ ਵੀ ਸਿੱਖੀ। ਬਾਅਦ ਵਿੱਚ ਉਨ੍ਹਾਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਅੰਗਰੇਜ਼ੀ, ਇਤਿਹਾਸ ਅਤੇ ਰਾਜਨੀਤੀ ਸ਼ਾਸਤਰ ਵਿੱਚ ਡਿਗਰੀ ਪ੍ਰਾਪਤ ਕੀਤੀ। ਆਪਣੇ ਯੂਨੀਵਰਸਿਟੀ ਦੇ ਸਾਲਾਂ ਦੌਰਾਨ, ਉਹ ਨੈਸ਼ਨਲ ਕੈਡੇਟ ਕੋਰ (NCC) ਨਾਲ ਸਰਗਰਮੀ ਨਾਲ ਸ਼ਾਮਲ ਰਹੇ, ਰਸਮੀ ਸਿਖਲਾਈ ਪ੍ਰਾਪਤ ਕੀਤੀ।

• 1976 ਤੋਂ 1989 ਤੱਕ, ਉਨ੍ਹਾਂ ਨੇ ਲੂਟਨ ਵਿੱਚ ਵੌਕਸਹਾਲ ਮੋਟਰਜ਼ ਵਿੱਚ ਇੱਕ ਪ੍ਰੋਡਕਸ਼ਨ ਆਪਰੇਟਰ ਵਜੋਂ ਕੰਮ ਕੀਤਾ। ਇਸ ਸਮੇਂ ਦੌਰਾਨ, ਉਨ੍ਹਾਂ ਨੇ ਇੱਕ ਡਰਾਈਵਿੰਗ ਇੰਸਟ੍ਰਕਟਰ ਵਜੋਂ ਸਿਖਲਾਈ ਲਈ ਅਤੇ ਬਾਅਦ ਵਿੱਚ ਪਾਲ ਸਕੂਲ ਆਫ਼ ਮੋਟਰਿੰਗ ਦੀ ਸਥਾਪਨਾ ਕੀਤੀ। 1985 ਤੋਂ, ਉਨ੍ਹਾਂ ਦਾ ਪਰਿਵਾਰ ਕੈਂਪਟਨ ਵਿੱਚ ਲੋਂਡਿਸ ਕਨਵੀਨੈਂਸ ਸਟੋਰ ਦਾ ਪ੍ਰਬੰਧਨ ਵੀ ਕਰ ਰਿਹਾ ਹੈ।

• ਇੱਕ ਬਹੁਤ ਹੀ ਉੱਦਮੀ ਵਿਅਕਤੀ, ਸ਼੍ਰੀ ਰਾਹੀ ਨੇ ਜਾਇਦਾਦ ਬਾਜ਼ਾਰ ਵਿੱਚ ਉੱਦਮ ਕੀਤਾ ਅਤੇ ਸਫਲਤਾਪੂਰਵਕ ਇੱਕ ਮਹੱਤਵਪੂਰਨ ਜਾਇਦਾਦ ਪੋਰਟਫੋਲੀਓ ਬਣਾਇਆ, ਜਿਸ ਵਿੱਚ ਇੱਕ ਹੋਟਲ ਵੀ ਸ਼ਾਮਲ ਹੈ।



ਸ਼੍ਰੀ ਰਾਮ ਪਾਲ ਰਾਹੀ

• ਉਨ੍ਹਾਂ ਨੂੰ FABO-UK ਦੇ ਸੰਸਥਾਪਕ ਪ੍ਰਧਾਨ ਸਵਰਗੀ ਚੰਨਣ ਚਾਹਲ ਨਾਲ ਨੇੜਿਓਂ ਕੰਮ ਕਰਨ ਦਾ ਸਨਮਾਨ ਪ੍ਰਾਪਤ ਹੋਇਆ। ਇਕੱਠੇ, ਉਨ੍ਹਾਂ ਨੇ ਅੰਬੇਡਕਰਵਾਦੀ ਉਦੇਸ਼ ਨੂੰ ਉਤਸ਼ਾਹਿਤ ਕਰਨ ਲਈ ਵਿਆਪਕ ਯਾਤਰਾ ਕੀਤੀ, ਪੁਰਤਗਾਲ, ਫਰਾਂਸ, ਬੈਲਜੀਅਮ, ਕੈਨੇਡਾ (ਸਾਈਮਨ ਫਰੇਜ਼ਰ ਯੂਨੀਵਰਸਿਟੀ, ਵੈਨਕੂਵਰ), ਸੰਯੁਕਤ ਰਾਜ (ਕੋਲੰਬੀਆ ਯੂਨੀਵਰਸਿਟੀ), ਕੋਲੰਬੀਆ, ਜਾਪਾਨ (ਕੋਸ਼ਿਆਮਾ ਯੂਨੀਵਰਸਿਟੀ), ਪੈਰਿਸ ਅਤੇ ਕੁਆਲਾਲੰਪੁਰ ਸਮੇਤ ਦੇਸ਼ਾਂ ਦਾ ਦੌਰਾ ਕੀਤਾ।

• ਸ਼੍ਰੀ ਰਾਹੀ ਨੇ ਫਗਵਾੜਾ, ਪੰਜਾਬ ਵਿੱਚ ਗੁਰੂ ਰਵਿਦਾਸ ਮਿਸ਼ਨ ਹਸਪਤਾਲ ਦੇ ਟਰੱਸਟੀ ਵਜੋਂ ਸੇਵਾ ਨਿਭਾਈ ਹੈ ਅਤੇ ਗਰੀਬ ਮਰੀਜ਼ਾਂ ਲਈ ਸਰਜਰੀਆਂ ਲਈ ਨਿੱਜੀ ਤੌਰ 'ਤੇ ਫੰਡਿੰਗ ਕੀਤੀ ਹੈ। ਉਹ ਪੰਜਾਬ ਵਿੱਚ ਪ੍ਰਬੁੱਧ ਭਾਰਤ ਫਾਊਂਡੇਸ਼ਨ ਦੇ ਮੈਂਬਰ ਵੀ ਹਨ। ਸਿੱਖਿਆ ਦੇ ਇੱਕ ਜੋਸ਼ੀਲੇ ਸਮਰਥਕ, ਉਨ੍ਹਾਂ ਨੇ ਸਕੂਲ ਵਰਦੀਆਂ, ਕਿਤਾਬਾਂ ਅਤੇ ਟਿਊਸ਼ਨ ਫੀਸਾਂ ਲਈ ਫੰਡਿੰਗ ਕਰਕੇ ਗਰੀਬ ਵਿਦਿਆਰਥੀਆਂ ਦੀ ਲਗਾਤਾਰ ਮਦਦ ਕੀਤੀ ਹੈ। ਉਨ੍ਹਾਂ ਨੇ ਵਿਦੇਸ਼ਾਂ ਵਿੱਚ ਉੱਚ ਸਿੱਖਿਆ ਪ੍ਰਾਪਤ ਕਰਨ ਲਈ ਕਈ ਵਿਦਿਆਰਥੀਆਂ ਨੂੰ ਸਪਾਂਸਰ ਵੀ ਕੀਤਾ ਹੈ। ਇਸ ਤੋਂ ਇਲਾਵਾ, ਉਨ੍ਹਾਂ ਨੇ ਕਈ ਕਿਤਾਬਾਂ ਦੇ ਪ੍ਰਕਾਸ਼ਨ ਵਿੱਚ ਵਿੱਤੀ ਯੋਗਦਾਨ ਪਾਇਆ ਹੈ।

ਉਨ੍ਹਾਂ ਦੇ ਸਮਰਪਣ, ਅਗਵਾਈ ਅਤੇ ਭਾਰਤੀ ਡਾਇਸਪੋਰਾ, ਅਤੇ ਖਾਸ ਕਰਕੇ ਵਿਸ਼ਵ ਪੱਧਰ 'ਤੇ ਅੰਬੇਡਕਰਵਾਦੀ ਬੋਧੀ ਭਾਈਚਾਰੇ ਲਈ ਉਨ੍ਹਾਂ ਦੇ ਅਣਮੁੱਲੇ ਯੋਗਦਾਨ ਨੂੰ ਹਮੇਸ਼ਾ ਡੂੰਘੇ ਸਤਿਕਾਰ ਅਤੇ ਸ਼ੁਕਰਗੁਜ਼ਾਰੀ ਨਾਲ ਯਾਦ ਕੀਤਾ ਜਾਵੇਗਾ।

• FABO-UK ਅਤੇ AMS ਬੈੱਡਫੋਰਡ ਇਸ ਅਥਾਹ ਦੁੱਖ ਦੀ ਘੜੀ ਵਿੱਚ ਦੁਖੀ ਪਰਿਵਾਰ ਦੇ ਨਾਲ ਮਜ਼ਬੂਤੀ ਨਾਲ ਖੜ੍ਹੇ ਹਨ ਅਤੇ ਉਨ੍ਹਾਂ ਦੀਆਂ ਦਿਲੋਂ ਸੰਵੇਦਨਾ ਅਤੇ ਪ੍ਰਾਰਥਨਾਵਾਂ ਦਾ ਪ੍ਰਗਟਾਵਾ ਕਰਦੇ ਹਨ।

ਅਸੀਂ ਸਾਰਿਆਂ ਨੂੰ ਬੇਨਤੀ ਕਰਦੇ ਹਾਂ ਕਿ ਇਸ ਮੁਸ਼ਕਲ ਸਮੇਂ ਵਿੱਚ ਪਰਿਵਾਰ ਦੀ ਨਿੱਜਤਾ ਦਾ ਸਤਿਕਾਰ ਕੀਤਾ ਜਾਵੇ। ਕਿਰਪਾ ਕਰਕੇ ਅਗਲੇ ਪ੍ਰਬੰਧਾਂ ਦਾ ਐਲਾਨ ਹੋਣ ਤੱਕ ਫ਼ੋਨ ਕਾਲਾਂ ਅਤੇ ਘਰ ਜਾਣ ਤੋਂ ਪਰਹੇਜ਼ ਕਰੋ।

FABO-UK ਅਤੇ AMS ਬੈੱਡਫੋਰਡ, ਸਵਰਗੀ ਰਾਮ ਪਾਲ ਰਾਹੀ ਦੇ ਪਰਿਵਾਰ, ਦੋਸਤਾਂ ਅਤੇ ਸਹਿਯੋਗੀਆਂ ਪ੍ਰਤੀ ਆਪਣੀ ਦਿਲੀ ਸੰਵੇਦਨਾ ਪ੍ਰਗਟ ਕਰਦੇ ਹਨ। ਉਨ੍ਹਾਂ ਦੀ ਹਮਦਰਦੀ, ਸੰਵਾਦ ਅਤੇ ਨਿਆਂ ਪ੍ਰਤੀ ਵਚਨਬੱਧਤਾ ਦੀ ਵਿਰਾਸਤ ਆਉਣ ਵਾਲੀਆਂ ਪੀੜ੍ਹੀਆਂ ਨੂੰ ਪ੍ਰੇਰਿਤ ਕਰਦੀ ਰਹੇਗੀ।

**ਫੈਡਰੇਸ਼ਨ ਆਫ ਅੰਬੇਡਕਰਾਈਟ ਐਂਡ ਬੁੱਧਿਸਟ ਆਰਗੇਨਾਈਜ਼ੇਸ਼ਨਜ਼ ਯੂਕੇ, ਅਤੇ ਅੰਬੇਡਕਰ ਮਿਸ਼ਨ ਸੋਸਾਇਟੀ, ਬੈੱਡਫੋਰਡ ਦੁਆਰਾ**

# Hardas Laxman Nagarale : Dalit Revolutionary Who First Coined the Slogan Jai Bhim

"Jai Bhim" is one of the most powerful slogans in Indian history. It means "Victory to Bhim", where "Bhim" refers to Dr. B.R. Ambedkar — the great social reformer, jurist, and architect of the Indian Constitution.

Today, this slogan is used as both a greeting and a symbol of dignity, resistance, and hope for millions of Dalits and marginalized communities across India.

The slogan was coined in 1935 by a young Dalit leader named Babu Hardas L.N. (Laxman Nagarale). He was a close confidant of Dr. Ambedkar and served as General Secretary of the Scheduled Castes Federation.



At the time, Dalits used common greetings like "Ram Ram" or "Namaskar," which were rooted in Hindu tradition. Hardas felt that Dalits needed their own unique salutation — one that expressed self-respect, brotherhood, and loyalty to Ambedkar's vision of equality. Inspired by the Muslim greeting "Salaam Alaikum," he conceived "Jai Bhim." Initially, the response was meant to be "Bal Bhim," but over time both sides settled on simply saying "Jai Bhim" to each other. He spread this greeting through the workers of the "Bhim Vijay Sangh."

Sadly, Hardas died at the young age of 35 in 1939, but the slogan he gave lived on. In 1938, activist Bhausaheb More had already begun encouraging people at a meeting in Makranpur, Aurangabad, to adopt "Jai Bhim" as their common greeting. Then, in 1946, Dalit poet Bihari Lal Harit proclaimed "Jai Bhim" for the first time in the presence of Dr. Ambedkar himself, through a poem at Gandhi Ground in Delhi, making it an even more historic moment.

After Dr. Ambedkar's death in 1956, the slogan gained even greater momentum. It became a rallying cry for Dalit political parties, movements like the Dalit Panthers. Over time, "Jai Bhim" transcended caste boundaries and became a universal call for constitutional rights and social justice.

Today, "Jai Bhim" is far more than a greeting. It is a cultural identity, a political statement, and a beacon of hope for all those who believe in the values of equality, dignity, and justice that Dr. Ambedkar stood for.

References
1.https://theprint.in/opinion/jai-bhim-jai-samvidhan-slogans-that-non-dalits-wouldnt-touch-have-now-entered-parliament/2154662/
2.https://www.ambedkaritetoday.com/2019/04/origin-and-history-of-jai-bhim-slogan.html
3.https://en.themooknayak.com/dalit-news/jai-bhim-coined-by-hardas-ambedkars-confidante-surpasses-inquilab-zindabad-and-lal-salaam
4.https://www.deccanherald.com/india/maharashtra/jai-bhim-slogan-that-energised-dalits-was-first-given-at-this-central-maharashtra-village-3821835
5.https://en.wikipedia.org/wiki/Jai_Bhim



**Bal Ram Sampla**
**Geopolitics**

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

ਸਾਡੇ ਵਟਸਐਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com